
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL - 9 ISSUE - 36
December 16, 2020

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




**ਕੋਵਿਡ -19 ਦੇ ਮੱਦੇਨਜ਼ਰ ਖਾਲਸਾ ਸੰਸਥਾਵਾਂ ਨੇ ਪ੍ਰਸ਼ਾਸ਼ਨਿਕ ਹਦਾਇਤਾਂ ਮੁਤਾਬਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ 551ਵੇਂ ਪ੍ਰਕਾਸ਼ ਪੁਰਬ ਸਜਾਇਆ ਨਗਰ ਕੀਰਤਨ।**

(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 20 'ਤੇ)



**ਸ਼ਹੀਦ ਊਧਮ ਸਿੰਘ ਜੀ ਦੇ ਜਨਮ ਦਿਨ ਦੀਆਂ ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ।**

(ਸਬੰਧਿਤ ਸੰਪਾਦਕੀ ਦੇਖੋ ਸਫਾ 6 'ਤੇ)

# ਬਾਇਡਨ ਦੀ ਜਿੱਤ 'ਤੇ ਲੱਗੀ ਕਾਨੂੰਨੀ ਮੋਹਰ

## 20 ਜਨਵਰੀ ਨੂੰ ਚੁੱਕਣਗੇ ਅਹੁਦੇ ਦੀ ਸਹੁੰ




**ਵਾਸ਼ਿੰਗਟਨ (ਬਿਊਰੋ)-:** ਅਮਰੀਕਾ ਦੇ ਇਲੈਕਟੋਰਲ ਕਾਲਜ ਨੇ ਜੋਅ ਬਾਇਡਨ ਨੂੰ ਦੇਸ਼ ਦੇ ਰਾਸ਼ਟਰਪਤੀ ਅਤੇ ਭਾਰਤੀ ਮੂਲ ਦੀ ਸੈਨੇਟਰ ਕਮਲਾ ਹੈਰਿਸ ਨੂੰ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਬਹੁਮਤ ਦੇ ਕੇ ਉਨ੍ਹਾਂ ਦੀ ਜਿੱਤ ਦੀ ਅਧਿਕਾਰਤ ਪੁਸ਼ਟੀ ਕਰ ਦਿੱਤੀ ਹੈ। ਇਸ ਦੇ ਨਾਲ ਹੀ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਉਸ ਕਾਨੂੰਨੀ ਲੜਾਈ ਨੂੰ ਠੱਲ ਪੈ ਗਈ ਹੈ ਜਿਸ ਵਿਚ ਚੋਣ ਵਿਚ ਵੱਡੇ ਪੱਧਰ 'ਤੇ ਹੇਰਾਫੇਰੀ ਹੋਣ ਦਾ ਦੋਸ਼ ਲਗਾਇਆ ਗਿਆ ਸੀ। ਬਾਇਡਨ ਨੂੰ ਦੇਸ਼ ਦੇ 50 ਸੂਬਿਆਂ ਨੇ 306 ਇਲੈਕਟੋਰਲ ਕਾਲਜ ਮਿਲਣ ਦੀ ਪੁਸ਼ਟੀ ਕੀਤੀ ਹੈ। ਕਿਸੇ ਵੀ ਉਮੀਦਵਾਰ ਨੂੰ ਜਿੱਤ ਲਈ 270 ਇਲੈਕਟੋਰਲ ਕਾਲਜ ਦੀ ਲੋੜ ਹੁੰਦੀ ਹੈ। ਕਾਨੂੰਨ ਅਨੁਸਾਰ ਇਲੈਕਟੋਰਲ ਕਾਲਜ ਦੀ ਬੈਠਕ ਦਸੰਬਰ ਦੇ ਦੂਜੇ ਬੁੱਧਵਾਰ ਪਿੱਛੋਂ ਆਉਣ ਵਾਲੇ ਪਹਿਲੇ ਸੋਮਵਾਰ ਨੂੰ ਹੁੰਦੀ ਹੈ। ਇਸ ਦਿਨ ਸਾਰੇ 50 ਸੂਬਿਆਂ ਅਤੇ ਡਿਸਟ੍ਰਿਕਟ ਆਫ ਕੋਲੰਬੀਆ ਦੇ ਗਵਰਨਰ ਆਪਣਾ ਵੋਟ ਪਾਉਣ ਲਈ ਬੈਠਕ ਕਰਦੇ ਹਨ। ਹਾਲਾਂਕਿ ਇਹ ਬੈਠਕ ਸਿਰਫ਼ ਇਕ ਰਸਮੀ ਕਾਰਵਾਈ ਹੁੰਦੀ ਹੈ ਪ੍ਰੰਤੂ ਇਹ ਬੈਠਕ ਇਸ ਸਾਲ ਪਹਿਲੇ ਦੀ ਤੁਲਨਾ ਵਿਚ ਜ਼ਿਆਦਾ ਚਰਚਾ ਵਿਚ ਰਹੀ ਕਿਉਂਕਿ ਦੇਸ਼ ਦੇ ਮੌਜੂਦਾ ਰਾਸ਼ਟਰਪਤੀ ਟਰੰਪ ਨੇ ਹਾਰ ਸਵੀਕਾਰ ਕਰਨ ਤੋਂ ਇਨਕਾਰ ਕਰਦੇ ਹੋਏ ਚੋਣ ਵਿਚ ਧੋਖਾਧੜੀ ਦੇ ਦੋਸ਼ ਲਗਾਏ ਹਨ। ਹੁਣ ਵੋਟਿੰਗ ਦੇ ਨਤੀਜਿਆਂ ਨੂੰ ਵਾਸ਼ਿੰਗਟਨ ਭੇਜਿਆ ਜਾਵੇਗਾ। ਇੱਥੇ ਛੇ ਜਨਵਰੀ ਨੂੰ ਕਾਂਗਰਸ ਦੇ ਸਾਂਝੇ ਇਜਲਾਸ ਵਿਚ ਅਧਿਕਾਰਤ ਤੌਰ 'ਤੇ ਉਨ੍ਹਾਂ ਦੀ ਗਿਣਤੀ ਹੋਵੇਗੀ। ਇਸ ਦੀ ਪ੍ਰਧਾਨਗੀ ਉਪ ਰਾਸ਼ਟਰਪਤੀ ਮਾਈਕ ਪੈਂਸ ਕਰਨਗੇ। ਇਸ ਪਿੱਛੋਂ ਬਾਇਡਨ ਦਾ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਦਾ ਰਸਤਾ ਖੁੱਲ੍ਹ ਜਾਵੇਗਾ। ਪਿਛਲੇ ਮਹੀਨੇ ਟਰੰਪ ਨੇ ਕਿਹਾ ਸੀ ਕਿ ਜੇ ਬਾਇਡਨ ਇਲੈਕਟੋਰਲ ਕਾਲਜ ਵਿਚ ਆਪਣੀ ਜਿੱਤ ਦੀ ਪੁਸ਼ਟੀ ਕਰ ਦਿੰਦੇ ਹਨ

(ਬਾਕੀ ਸਫਾ 4 'ਤੇ)

# ਕਿਸਾਨ ਅੰਦੋਲਨ ਹੋਇਆ ਹੋਰ ਤੇਜ ਨੋਇਡਾ-ਦਿੱਲੀ ਨੂੰ ਜੋੜਨ ਵਾਲਾ ਚਿੱਲਾ ਬਾਰਡਰ ਵੀ ਕੀਤਾ ਬੰਦ

## ਸੁਪਰੀਮ ਕੋਰਟ ਵਿਚ ਸੁਣਵਾਈ ਹੋਈ ਆਰੰਭ, ਕਮੇਟੀ ਬਣਾ ਕੇ ਮਸਲਾ ਹੱਲ ਕਰਨ ਦੇ ਹੁਕਮ



ਖੇਤੀ ਕਾਨੂੰਨਾਂ ਦੇ ਵਿਰੋਧ 'ਚ ਸਿੰਘੂ ਬਾਰਡਰ 'ਤੇ ਚੱਲ ਰਿਹਾ ਕਿਸਾਨਾਂ ਦਾ ਅੰਦੋਲਨ ਬੁੱਧਵਾਰ ਨੂੰ 21ਵੇਂ ਦਿਨ 'ਚ ਪ੍ਰਵੇਸ਼ ਕਰ ਗਿਆ ਹੈ। ਦਿੱਲੀ ਨਾਲ ਲਗਦੇ ਹਰਿਆਣਾ ਦੇ ਸਿੰਘੂ ਤੇ ਟਿਕਰੀ ਬਾਰਡਰ ਨਾਲ ਦਿੱਲੀ-ਯੂਪੀ ਗੇਟ 'ਤੇ ਹਜ਼ਾਰਾਂ ਕਿਸਾਨ ਧਰਨਾ-ਪ੍ਰਦਰਸ਼ਨ ਕਰ ਰਹੇ ਹਨ। ਇਸ ਦੌਰਾਨ ਪ੍ਰਦਰਸ਼ਨਕਾਰੀ ਕਿਸਾਨਾਂ ਨੇ ਨੋਇਡਾ-ਦਿੱਲੀ ਨੂੰ ਜੋੜਨ ਵਾਲੇ ਲਿੰਕ ਰੋਡ (ਚਿੱਲਾ ਬਾਰਡਰ) ਨੂੰ ਬੰਦ ਕਰ ਦਿੱਤਾ ਹੈ, ਜਿਸ ਕਾਰਨ ਵਾਹਨ ਇੱਥੇ ਖੜ੍ਹੇ ਹਨ। ਇਸ ਦੌਰਾਨ ਸਿੰਘੂ ਬਾਰਡਰ ਕਿਸਾਨਾਂ ਨੇ ਆਪਣੀ ਰਣਨੀਤੀ ਬਦਲ ਲਈ ਹੈ ਤੇ ਪੁਲਿਸ ਵੱਲੋਂ ਸੜਕ 'ਤੇ ਲਗਾਏ ਗਏ ਸੀਮੈਂਟ ਦੇ ਬੈਰੀਕੇਡ ਨੂੰ ਹਟਾ ਕੇ ਉਸੇ ਜਗ੍ਹਾਂ 'ਤੇ ਕਈ ਸਾਰੇ ਟਰੈਕਟਰਾਂ ਨੂੰ ਖੜ੍ਹਾ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਸਿੰਘੂ ਬਾਰਡਰ 'ਤੇ ਦਿੱਲੀ ਵੱਲੋਂ ਧਰਨਾ ਦੇ ਰਹੇ ਕਿਸਾਨਾਂ ਨੇ ਸੋਮਵਾਰ ਨੂੰ ਨਾ ਸਿਰਫ਼ ਮੰਚ ਬਣਾ ਦਿੱਤਾ, ਬਲਕਿ ਠੰਢ ਤੇ ਬਾਰਿਸ਼ ਤੋਂ ਬਚਣ ਲਈ ਉਸ ਉੱਪਰ ਟੈਂਟ ਵੀ ਲਾ ਦਿੱਤਾ। ਉੱਥੇ ਹੀ ਧਰਨੇ 'ਤੇ ਬੈਠੇ ਕਿਸਾਨਾਂ ਨੇ ਮੰਗਲਵਾਰ ਨੂੰ ਦਿੱਲੀ-ਨੋਇਡਾ ਨੂੰ ਜੋੜਨ ਵਾਲੇ ਚਿੱਲਾ ਬਾਰਡਰ ਨੂੰ ਫਿਰ ਤੋਂ

(ਬਾਕੀ ਸਫਾ 4 'ਤੇ)


SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212 (NEAR HWY 99 ON MORADA LANE)
(209-373-3562) msandhu2014@gmail.com


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
rajasweetsandcatering
Follow us on Twitter
rajasweets


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗਾੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ਐਫ ਡੀ ਏ ਨੇ ਦਿੱਤੀ ਫਾਈਜ਼ਰ ਦੇ ਕੋਰੋਨਾ ਵਾਇਰਸ ਟੀਕੇ ਨੂੰ ਅਮਰੀਕਾ 'ਚ ਟੀਕਾਕਰਣ ਲਈ ਮਨਜ਼ੂਰੀ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਕੋਰੋਨਾਂ ਵਾਇਰਸ ਦੇ ਪ੍ਰਕੋਪ ਨਾਲ ਜੂਝ ਰਹੇ ਅਮਰੀਕਾ ਨੂੰ ਲੰਮੇ ਇੰਤਜਾਰ ਦੇ ਬਾਅਦ ਇਸਦੇ ਇਲਾਜ ਸੰਬੰਧੀ ਆਸ ਦੀ ਕਿਰਨ ਮਿਲੀ ਹੈ।ਅਮਰੀਕੀ ਸੰਸਥਾ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ(ਐਫ ਡੀ ਏ) ਨੇ ਸ਼ੁੱਕਰਵਾਰ ਨੂੰ ਫਾਈਜ਼ਰ ਦੇ ਕੋਰੋਨਾਂ ਵਾਇਰਸ ਟੀਕੇ ਨੂੰ ਐਮਰਜੈਂਸੀ ਵਰਤੋਂ ਲਈ ਅਧਿਕਾਰਤ ਕੀਤਾ ਹੈ, ਜਿਸ ਨਾਲ ਦੇਸ਼ ਭਰ ਵਿੱਚ ਲੱਗਭਗ 3 ਮਿ–ਲੀਅਨ ਖੁਰਾਕਾਂ ਨੂੰ ਦੇਸ਼ ਭਰ ਵਿੱਚ ਦੇਣ ਲਈ ਵੱਡੇ ਪੱਧਰ 'ਤੇ ਕੋਸ਼ਿਸ਼ਾਂ ਦੀ ਸ਼ੁਰੂਆਤ ਹੋ ਗਈ ਹੈ। ਇਸ ਟੀਕੇ ਦੀ ਪ੍ਰਵਾਨਗੀ ਐਫ ਡੀ ਏ ਦੇ ਸਲਾਹਕਾਰ ਪੈਨਲ ਦੁ–ਆਰਾ ਟੀਕੇ ਨੂੰ ਮਨਜ਼ੂਰੀ ਦੇਣ ਦੇ ਹੱਕ ਵਿੱਚ ਵੋਟਾਂ ਪਾਉਣ ਦੇ ਇੱਕ ਦਿਨ ਬਾਅਦ ਮਿਲੀ ਹੈ। ਕੋਰੋਨਾਂ ਵਾਇਰਸ ਦੇ ਇਸ ਟੀਕੇ ਦੀ ਮਨਜ਼ੂਰੀ ਨਾਲ ਦੇਸ਼ ਦੇ ਫਰੰਟਲਾਈਨ ਮੈਡੀਕਲ ਵਰਕਰ ਅਤੇ ਦੇਖਭਾਲ ਸਹੂਲਤਾਂ ਦੇ ਵਸਨੀਕ ਇਹ ਟੀਕਾ ਲਗਵਾਉਣ ਵਾਲੇ ਪਹਿਲੇ ਹੋਣਗੇ ਜੋ ਕਿ ਟੀਕੇ ਨੂੰ ਸੋਮਵਾਰ ਤੱਕ ਪ੍ਰਾਪਤ ਕਰ ਸਕਦੇ ਹਨ।ਇਹ ਟੀਕਾ 16 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਲਗਾਉਣ ਲਈ ਅਧਿਕਾਰਤ ਕੀਤਾ ਗਿਆ ਹੈ।ਫਾਈਜ਼ਰ ਦੇ ਸੀ ਈ ਓ ਐਲਬਰਟ ਬੌਲਾ ਅਨੁਸਾਰ ਇਹ ਟੀਕਾ ਸੇਂਟ ਲੂਯਿਸ, ਮਿਸੂਰੀ, ਐਂਡਵਰ, ਮੈਸਾਚਿਸੇਟਸ, ਅਤੇ ਮਿਸ਼ੀਗਨ ਆਦਿ ਵਿੱਚ ਨਿਰਮਾਣ ਸਥਾਨਾਂ 'ਤੇ ਤਿਆਰ ਕੀਤਾ ਜਾਵੇਗਾ ਅਤੇ ਕੰਪਨੀ ਤੁਰੰਤ ਖੁਰਾਕਾਂ ਦੀ ਸਿਪਿੰਗ ਸ਼ੁਰੂ ਕਰੇਗੀ। ਰਾਸ਼ਟਰਪਤੀ ਟਰੰਪ ਨੇ ਵੀ ਟੀਕੇ ਦੀ ਮਨਜ਼ੂਰੀ ਮਿਲਣ 'ਤੇ ਖੁਸ਼ੀ ਪ੍ਰਗਟ ਕਰਨ ਦੇ ਨਾਲ ਟੀਕੇ ਦੀ ਪਹਿਲੀ ਖੁਰਾਕ ਨੂੰ 24 ਘੰਟਿਆਂ ਤੋਂ ਵੀ ਘੱਟ ਸਮੇਂ ਵਿੱਚ ਦੇਣ ਬਾਰੇ ਕਿਹਾ ਹੈ। ਇਸ ਟੀਕੇ ਦੇ ਕਲੀਨਿਕਲ ਪ੍ਰੀਖਣਾਂ ਦੇ ਅਨੁਸਾਰ ਫਾਈਜ਼ਰ ਟੀਕਾ 18 ਤੋਂ 64 ਦੇ ਬਾਲਗਾਂ ਲਈ ਲੱਗਭਗ 95% ਪ੍ਰਭਾਵਸ਼ਾਲੀ ਹੈ ਜਦਕਿ ਕਮਜ਼ੋਰ ਇਮਊਨਿਟੀ, ਗੰਭੀਰ ਅਲਰਜੀ ਵਾਲੇ ਲੋਕ ਅਤੇ ਗਰਭਵਤੀ ਔਰਤਾਂ ਨੂੰ ਟੀਕਾ ਲੱਗਣ ਤੋਂ ਰੋਕਿਆ ਜਾ ਸਕਦਾ ਹੈ।



## ਭਾਰਤੀ ਮੂਲ ਦੀ ਅਮਰੀਕਨ ਫਰਾਹ ਖਾਨ ਨੇ ਮੇਅਰ ਵਜੋਂ ਸਹੁੰ ਚੁੱਕੀ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਭਾਰਤੀ ਮੂਲ ਦੀ ਅਮਰੀਕਨ ਨਾਗਰਿਕ ਫਰਾਹ ਖਾਨ ਜੋ ਹਾਲ ਹੀ ਵਿਚ ਚੋਣ ਜਿੱਤੀ ਸੀ ਨੇ ਦੱਖਣੀ ਕੈਲੀਫੋਰਨੀਆ ਦੇ ਸ਼ਹਿਰ ਇਰਵਿਨ ਦੇ ਮੇਅਰ ਵਜੋਂ ਤੇ ਕੌਂਸਲ ਮੈਂਬਰ ਵਜੋਂ ਸਹੁੰ ਚੁੱਕੀ। ਸਿਟੀ ਕੌਂਸਲ ਵੱਲੋਂ ਜਾਰੀ ਪ੍ਰੈਸ ਰਲੀਜ਼ ਅਨੁਸਾਰ ਫਰਾਹ ਦੇ ਨਾਲ ਸਹੁੰ ਚੁੱਕਣ ਵਾਲੇ ਹੋਰ ਕੌਂਸਲ ਮੈਂਬਰਾਂ ਵਿਚ ਮਾਈਕ ਕੈਰਲ, ਟੈਮੀ ਕਿਮ ਤੇ ਲੈਰੀ ਐਗਰਨ ਸ਼ਾਮਿਲ ਹਨ। ਸਹੁੰ ਚੁੱਕਣ ਉਪਰੰਤ ਫਰਾਹ ਖਾਨ ਨੇ ਐਲਾਨ ਕੀਤਾ ਕਿ 2021 ਵਿਚ ਸਾਡਾ ਪਹਿਲਾ ਕੰਮ ਸਥਾਨਕ ਸਿਹਤ ਅਧਿਕਾਰੀਆਂ 'ਤੇ ਅਧਾਰਤ ਇਕ ਟਾਸਕ ਫੋਰਸ ਦਾ ਗਠਨ ਕਰਨਾ ਹੋਵੇਗਾ ਜੋ ਕੋਵਿਡ–19 ਸਬੰਧੀ ਸਿਟੀ ਕੌਂਸਲ ਦਾ ਮਾਰਗ ਦਰਸ਼ਨ ਕਰੇਗੀ ਤੇ ਸਲਾਹ ਦੇਵੇਗੀ। ਫਰਾਹ ਪਹਿਲੀ ਭਾਰਤੀ ਮੂਲ ਦੀ ਅਮਰੀਕਨ ਨਾਗਰਿਕ ਹੈ ਜੋ ਇਰਵਿਨ ਦੀ ਕੌਂਸਲ ਮੈਂਬਰ ਤੇ ਮੇਅਰ ਬਣੀ ਹੈ। ਸਹੁੰ ਚੁੱਕ ਸਮਾਗਮ ਉਪਰੰਤ ਕੌਂਸਲ ਦੀ ਹੋਈ ਮੀਟਿੰਗ ਵਿਚ ਟੈਮੀ ਕਿਮ ਨੂੰ ਉਪ ਮੇਅਰ ਚੁਣਿਆ ਗਿਆ।

# ਐਲਕ ਗਰੋਵ, ਕੈਲੀਫੋਰਨੀਆ ਵਿੱਚ ਚੁਣੀ ਗਈ ਪਹਿਲੀ ਸਿੱਖ ਮੇਅਰ ਨੇ ਸਹੁੰ ਚੁੱਕੀ

**ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)** ਅਮਰੀਕਾ ਦੇ ਰਾਸ਼ਟਰਪਤੀ ਨਾਲ ਹੋਣੀਆਂ ਚੋਣਾਂ ਦੌਰਾਨ ਸੈਕਰਾਮੈਂਟੋ ਦੇ ਨਾਲ ਲਗਦੇ ਐਲਕ ਗਰੋਵ ਸ਼ਹਿਰ ਦੇ ਮੇਅਰ ਦੀ ਚੋਣ ਵੀ ਹੋਈ ਜਿਸ ਵਿੱਚ ਦੋ ਮੁੱਖ ਉਮੀਦਵਾਰਾਂ ਵਿੱਚੋਂ ਇੱਕ ਸਿੱਖ ਉਮੀਦਵਾਰ ਬੌਬੀ ਸਿੰਘ ਚੋਣ ਜਿੱਤ ਗਈ ਸੀ ਉਨਾਂ ਦਾ ਅੱਜ ਸਟੋਨ ਲੇਕ ਕਲੱਬ ਐਲਕ ਗਰੋਵ ਦੇ ਦੇ ਖੁੱਲੇ ਚੁਗਿੱਰਦੇ ਵਿੱਚ ਸੰਖੇਪ ਤੇ ਪ੍ਰਭਾਵਸ਼ਾਲੀ ਸੁੰਹ ਚੁੱਕ ਸਮਾਗਮ ਹੋਇਆ ਜਿਸ ਵਿੱਚ ਨਾਮੀਂ ਗਰਾਮੀਂ ਹਸਤੀਆਂ ਨੇ ਸਮੂਲੀਅਤ ਕੀਤੀ। ਇਸ ਮੌਕੇ ਕਾਂਗਰਸਮੈਨ ਐਮੀ ਬੇਰਾ ਨੇ ਬੌਬੀ ਸਿੰਘ ਨੂੰ ਸੁੰਹ ਚੁਕਾਉਣ ਤੋਂ ਬਾਅਦ ਆਪਣੀ ਤਕਰੀਰ ਚ ਕਿਹਾ ਕਿ ਤੁਸੀਂ ਪਹਿਲੀ ਸਿੱਖ ਔਰਤ ਹੋ ਜੋ ਸਿੱਧੇ ਅਮਰੀਕਾ ਵਿਚ ਮੇਅਰ ਵਜੋਂ ਚੁਣੀ ਗਈ ਹੋ, ਇਹ ਕਮਾਲ ਦੀ ਗੱਲ ਹੈ ਤੇ ਇਹ ਦੇਸ਼ ਭਰ ਦੀਆਂ ਸਾਰੀਆਂ ਮੁਟਿਆਰਾਂ ਲਈ ਉਦਾਹਰਣ ਹੈ। ਅਸੈਂਬਲੀ ਮੈਂਬਰ ਜਿਮ ਕੂਪਰ ਨੇ ਕਿਹਾ ਕਿ ਅੱਜ ਮੇਅਰ ਵਜੋਂ ਬੌਬੀ ਸਿੰਘ–ਐਲਨ ਦੇ ਇਸ ਸੰਹੁ ਚੁੱਕ ਸਮਾਗਮ ਦੇ ਨਾਲ ਏਲਕ ਗਰੋਵ ਦੇ ਸ਼ਹਿਰ ਵਿੱਚ ਇੱਕ ਨਵੀਂ ਸਵੇਰ ਦੀ ਸ਼ੁਰੂਆਤ ਹੋ ਰਹੀ ਹੈ। ਮੈਂ ਉਸ ਨੂੰ ਅਮਰੀਕਾ ਵਿਚ ਸਿੱਧੇ ਤੌਰ ਤੇ ਚੁਣੀ ਗਈ ਪਹਿਲੀ ਸਿੱਖ ਵੂਮੈਨ ਮੇਅਰ ਵਜੋਂ ਇਤਿਹਾਸ ਰਚਣ ਅਤੇ ਐਲਕ ਗਰੋਵ ਦੀ ਪਹਿਲੀ ਸਿੱਧੀ ਚੁਣੀ ਗਈ ਔਰਤ ਮੇਅਰ ਬਣਨ ਲਈ ਵਧਾਈ ਦਿੰਦਾ ਹਾਂ। ਮੈਨੂੰ ਸਾਲਾਂ ਤੋਂ ਬੌਬੀ ਨਾਲ ਕੰਮ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ ਅਤੇ ਮੈਨੂੰ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਬੌਬੀ ਦੀ ਅਗਵਾਈ ਅਤੇ ਦ੍ਰਿੜਤਾ ਏਲਕ ਗਰੋਵ ਨੂੰ ਇਨ੍ਹਾਂ ਮੁਸੀਬਤ ਭਰੇ ਸਮੇਂ ਦੀ ਅਗਵਾਈ ਕਰੇਗੀ। ਮੈਰੀ ਜਚਿਨੋ ਕਾਰ–ਜਕਾਰੀ ਨਿਰਦੇਸ਼ਕ ਐਲਕ ਗਰੋਵ ਫੂਡ ਬੈਂਕ ਸਰਵਿਸਿਜ਼ ਨੇ ਕਿਹਾ ਕਿ ਬੌਬੀ ਸਿੰਘ ਨੂੰ ਤੁਹਾਡੀ ਚੋਣ ਸਫਲਤਾ ਲਈ ਅਤੇ ਅਜਿਹੀ ਗਤੀਸ਼ੀਲ, ਪ੍ਰੇਰਣਾਦਾਇਕ ਅਤੇ ਸੰਮਲਿਤ ਮੁਹਿੰਮ ਚਲਾਉਣ ਲਈ ਬਹੁਤ ਬਹੁਤ ਮੁਬਾਰਕਾਂ ਉਨਾਂ ਕਿਹਾ ਕਿ ਮੈਨੂੰ ਖੁਸ਼ੀ ਹੈ ਕਿ ਤੁਸੀਂ ਐਲਕ ਗਰੋਵ ਦੇ ਮੇਅਰ ਬਣੇ ਹੋ ਤੇ ਤੁਸੀਂ ਏਕਤਾ, ਅਖੰਡਤਾ, ਪਾਰਦਰਸ਼ਤਾ ਅਤੇ ਮਜ਼ਬੂਤ ਅਗਵਾਈ ਲਈ ਜਨੂੰਨ ਲਿਆਓਗੇ, ਤੁਸੀਂ ਦੂਜਿਆਂ ਲਈ ਬਹੁਤ ਚਿੰਤਾ ਕਰਦੇ ਹੋ ਅਤੇ ਸੁਣਨ ਦੀ ਤੁਹਾਡੀ ਇੱਛਾ ਸ਼ਲਾਘਾਯੋਗ ਹੈ, ਤੁਸੀ ਇੱਕ ਪਿਆਰ ਭਰੀ ਭਾਵਨਾ, ਸਮਾਜਿਕ ਨਿਆਂ, ਵਚਨਬੱਧਤਾ ਅਤੇ ਸਭ ਤੋਂ ਵੱਧ ਲੋੜਵੰਦਾਂ ਲਈ ਹਮਦਰਦੀ ਦਾ ਪ੍ਰਚਾਰ ਕੀਤਾ।



ਇਸ ਮੌਕੇ ਬੌਬੀ ਸਿੰਘ ਦੇ ਪਤੀ ਬੱਚੇ ਅਤੇ ਪਰਿਵਾਰ ਦੇ ਜੀਅ ਹਾਜਰ ਸਨ। ਵਰਨਣਯੋਗ ਹੈ ਕਿ ਬੌਬੀ ਸਿੰਘ ਜਲੰਧਰ ਤੋਂ ਲਖਵਿੰਦਰ ਸਿੰਘ ਲੱਖੀ ਦੀ ਬੇਟੀ ਹੈ ਜੋ ਵੀ ਇਸ ਸੌਹ ਚੁੱਕ ਸਮਾਗਮ ਵਿੱਚ ਹਾਜਰ ਸਨ। ਇਸ ਮੌਕੇ ਅਰਦਾਸ ਕੀਤੀ ਗਈ ਤੇ ਇਸ ਸਮਾਗਮ ਨੂੰ ਛੋਟਾ ਰੱਖਿਆ ਗਿਆ ਸੀ ਤੇ ਕਰੋਨਾ ਕਰਕੇ ਇਕੱਠ ਕਰਨ ਤੋਂ ਗੁਰੇਜ ਕੀਤਾ ਗਿਆ ਸੀ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਅਮਰੀਕਾ ਵਿੱਚ ਕੋਰੋਨਾਂ ਵਾਇਰਸ ਦੀ ਸਥਿਤੀ ਹੋਈ ਭਿਆਨਕ, ਮੌਤਾਂ ਦੀ ਗਿਣਤੀ ਹੋਈ 3 ਲੱਖ ਤੋਂ ਪਾਰ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਕੋਰੋਨਾਂ ਵਾਇਰਸ ਮਹਾਂਮਾਰੀ ਤੋਂ ਪ੍ਰਭਾਵਿਤ ਦੇਸ਼ਾਂ ਵਿੱਚ ਅਮਰੀਕਾ ਦਾ ਨਾਮ ਸਭ ਤੋਂ ਅੱਗੇ ਆਉਂਦਾ ਹੈ। ਇਸ ਸਾਲ ਦੀ ਸ਼ੁਰੂਆਤ ਤੋਂ ਇਸ ਵਾਇਰਸ ਕਾਰਨ ਲੱਖਾਂ ਹੀ ਅਮਰੀਕਾ ਵਾਸੀਆਂ ਦੀ ਜਾਨ ਗਈ ਹੈ ਅਤੇ ਇਹ ਸਿਲਸਿਲਾ ਅਜੇ ਵੀ ਜਾਰੀ ਹੈ।ਇਸ ਸੰਬੰਧੀ ਨਵੇਂ ਅੰਕੜਿਆਂ ਅਨੁਸਾਰ ਸੋਮਵਾਰ ਨੂੰ ਕੋਵਿਡ -19 ਕਰਕੇ ਅਮਰੀਕਾ ਵਿੱਚ ਮੌਤਾਂ ਦੀ ਗਿਣਤੀ 300,000 ਤੋਂ ਵੱਧ ਹੋ ਗਈ ਹੈ। ਜੌਨਸ ਹੌਪਕਿਨਜ਼ ਯੂਨੀਵਰਸਿਟੀ ਦੇ ਇਹਨਾਂ ਅੰਕੜਿਆਂ



ਅਨੁਸਾਰ ਅਮਰੀਕਾ ਦੀਆਂ ਕੋਰੋਨਾਂ ਮੌਤਾਂ ਦੇ ਅੰਕੜੇ ਵਾਇਰਸ ਨਾਲ ਦੁਨੀਆਂ ਭਰ ਵਿੱਚ ਹੋਈਆਂ ਮੌਤਾਂ ਦੀ ਕੁੱਲ ਗਿਣਤੀ ਦਾ ਲੱਗਭਗ ਪੰਜਵਾਂ ਹਿੱਸਾ ਹਨ। ਤੇਜ਼ੀ ਨਾਲ ਹੋ ਰਹੀਆਂ ਮੌਤਾਂ ਦੀ ਗਿਣਤੀ ਦੇਸ਼ ਦੇ ਕਈ ਸੂਬਿਆਂ ਵਿੱਚ ਸਤੰਬਰ ਦੇ ਅਖੀਰ ਅਤੇ ਨਵੰਬਰ ਦੇ ਅੱਧ ਵਿਚਕਾਰ 200,000 ਤੋਂ 250,000 ਤੱਕ ਹੋ ਗਈ ਸੀ ਜਦਕਿ ਅੰਕੜਿਆਂ ਦੇ ਅਨੁਸਾਰ, ਸੰਯੁਕਤ ਰਾਜ ਵਿੱਚ ਪ੍ਰਤੀ 10 ਲੱਖ ਲੋਕਾਂ ਪਿੱਛੇ ਲੱਗਭਗ 886 ਲੋਕਾਂ ਦੀ ਮੌਤ ਹੋਈ ਹੈ। ਬੇਸ਼ੱਕ ਦੇਸ਼ ਵਿੱਚ ਕੋਰੋਨਾਂ ਵਾਇਰਸ ਟੀਕੇ ਦੀ ਸ਼ੁਰੂਆਤ ਨਾਲ ਇਸਦੇ ਇਲਾਜ ਦੀਆਂ ਉਮੀਦਾਂ ਹੋ ਰਹੀਆਂ ਹਨ ਪਰ ਸਿਹਤ ਮਾਹਿਰਾਂ ਵੱਲੋਂ ਸਰਦੀਆਂ ਦੇ ਮਹੀਨਿਆਂ ਦੌਰਾਨ ਵਾਇਰਸ ਨਾਲ ਸਬੰਧਤ ਮੌਤਾਂ ਦੇ ਵਧਣ ਦੀ ਉਮੀਦ ਕੀਤੀ ਜਾਂਦੀ ਹੈ।ਇਸ ਦੌਰਾਨ ਦੇਸ਼ ਭਰ ਵਿੱਚ 16 ਮਿਲੀਅਨ ਤੋਂ ਵੱਧ ਪੁਸ਼ਟੀ ਕੀਤੇ ਵਾਇਰਸ ਦੇ ਕੇਸ ਦਰਜ ਹੋਏ ਹਨ।

# ਕੇਂਦਰੀ ਜੇਲ੍ਹ ਕਰਮਚਾਰੀਆਂ ਨੂੰ ਬੁੱਧਵਾਰ ਤੋਂ ਲੱਗ ਸਕਦਾ ਹੈ ਕੋਰੋਨਾਂ ਵਾਇਰਸ ਟੀਕਾ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਦੇਸ਼ ਵਿੱਚ ਵਿਆਪਕ ਪੱਧਰ 'ਤੇ ਸ਼ੁਰੂ ਹੋਏ ਕੋਰੋਨਾਂ ਵਾਇਰਸ ਟੀਕਾਕਰਨ ਦੀ ਪ੍ਰਕਿਰਿਆ ਵਿੱਚ ਕੇਂਦਰੀ ਜੇਲ੍ਹਾਂ ਵਿੱਚ ਕੰਮ ਕਰਦੇ ਕਰਮਚਾਰੀਆਂ ਨੂੰ ਟੀਕੇ ਲਗਾਏ ਜਾ ਸਕਦੇ ਹਨ।ਇਸ ਸੰਬੰਧੀ ਅਧਿਕਾਰੀਆਂ ਅਨੁਸਾਰ ਜੇਲ੍ਹਾਂ ਦੇ ਕੁੱਝ ਕਰਮਚਾਰੀਆਂ ਨੂੰ ਬੁੱਧਵਾਰ ਤੱਕ ਕੋਵਿਡ -19 ਦੇ ਟੀਕੇ ਲਗਏ ਜਾਣ ਦੀ ਉਮੀਦ ਹੈ।ਫੈਡਰਲ ਬਿਊਰੋ ਆਫ਼ ਪਰੀਜ਼ਨਸ (ਬੀ ਓ ਪੀ) ਦੇ ਇੱਕ ਬੁਲਾਰੇ ਨੇ ਸੋਮਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੁੱਝ ਅਮਰੀਕੀ ਜੇਲ੍ਹਾਂ ਦੇ ਫੁੱਲ ਟਾਈਮ ਵਰਕਰਾਂ ਨੂੰ ਟੀਕਾਕਰਨ ਦੀ ਪੇਸ਼ਕਸ਼ ਕੀਤੀ ਜਾਵੇਗੀ, ਜਿਸ ਨਾਲ ਕਿ ਜੇਲ੍ਹਾਂ ਦੇ ਸਟਾਫ ਅਤੇ ਕੈਦੀਆਂ ਦੀ ਵਾਇਰਸ ਦੀ ਲਾਗ ਤੋਂ ਸੁਰੱਖਿਆ ਹੋਵੇਗੀ।ਬੀ ਓ ਪੀ ਸ਼ੁਰੂ ਤੋਂ ਹੀ ਫੁੱਲ ਟਾਈਮ ਕਰਮਚਾਰੀਆਂ ਨੂੰ ਟੀਕਾ ਪੇਸ਼ ਕਰਨ ਦੀ ਯੋਜਨਾ ਬਣਾ ਰਹੀ ਹੈ, ਕਿਉਂਕਿ ਇਹ ਕਾਮੇ ਜੇਲ੍ਹਾਂ ਵਿੱਚ ਕਮਿਊਨਿਟੀ




ਦੇ ਵਿੱਚ ਆਉਂਦੇ ਅਤੇ ਜਾਂਦੇ ਹਨ ।ਇਸ ਨਾਲ ਇਹ ਕਾਮੇ ਵਾਇਰਸ ਦੇ ਪ੍ਰਸਾਰ ਲਈ ਸੰਭਾਵਿਤ ਜਰੀਆ ਬਣ ਸਕਦੇ ਹਨ ਜਦਕਿ ਇਹ ਅਜੇ ਸਪਸ਼ਟ ਨਹੀਂ ਹੈ ਕਿ ਕਿਹੜੀਆਂ ਫੈਡਰਲ ਜੇਲ੍ਹਾਂ ਨੂੰ ਪਹਿਲਾਂ ਟੀਕੇ ਲਗਾਏ ਜਾਣਗੇ।ਇਸ ਸੰਬੰਧੀ ਨਿਊਯਾਰਕ ਦੇ ਮੌਜੂਦਾ "ਟੀਕਾਕਰਨ ਪ੍ਰੋਗਰਾਮ" ਦੇ ਅਨੁਸਾਰ, ਇਸ ਪ੍ਰਾਂਤ ਦੀਆਂ ਜੇਲ੍ਹਾਂ ਟੀਕਾਕਰਨ ਲਈ ਫੇਜ਼ ਦੋ ਵਿੱਚ ਆਉਂਦੀਆਂ ਹਨ ਜਦਕਿ ਫਰੰਟ-ਲਾਈਨ ਹੈਲਥ ਕੇਅਰ ਵਰਕਰ, ਨਰਸਿੰਗ ਹੋਮ ਨਿਵਾਸੀ, ਪੁਲਿਸ ਅਤੇ ਹੋਰ ਜ਼ਰੂਰੀ ਕਰਮਚਾਰੀ ਤਰਜੀਹ ਵਿੱਚ ਹਨ।ਪਰ ਇਸ ਦੀ ਤੁਲਨਾ ਵਿੱਚ ਮੈਸੇਚਿਉਸੇਟਸ ਦੇ ਅਧਿਕਾਰੀਆਂ ਦੀ ਕੀਤੀ ਘੋਸ਼ਣਾ ਅਨੁਸਾਰ ਕੈਦੀ ਅਤੇ ਜੇਲ੍ਹ ਕਰਮਚਾਰੀ ਵੀ ਸਿਹਤ ਕਰਮਚਾਰੀਆਂ ਅਤੇ ਨਰਸਿੰਗ ਹੋਮ ਦੇ ਵਸਨੀਕਾਂ ਦੇ ਨਾਲ, ਟੀਕਾਕਰਨ ਲਈ ਰਾਜ ਦੀ ਪਹਿਲੀ ਲਹਿਰ ਵਿੱਚ ਹੀ ਸ਼ਾਮਲ ਹੋਣਗੇ।

# ਜੋਅ ਬਾਈਡੇਨ ਸੈਨੇਟ ਦੇ ਉਮੀਦਵਾਰਾਂ ਲਈ ਕਰਨਗੇ ਜਾਰਜੀਆ ਵਿੱਚ ਚੋਣ ਪ੍ਰਚਾਰ


**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਅਮਰੀਕਾ ਦੇ ਰਾਸ਼ਟਰਪਤੀ ਚੁਣੇ ਗਏ ਜੋਅ ਬਾਈਡੇਨ ਮੰਗਲਵਾਰ ਨੂੰ ਜਾਰਜੀਆ ਦੇ ਐਟਲਾਂਟਾ ਵਿੱਚ ਸੈਨੇਟ ਦੀਆਂ ਚੋਣਾਂ ਲਈ ਡੈਮੋਕਰੇਟ ਉਮੀਦਵਾਰਾਂ ਜੋਨ ਓਸੋਫ ਅਤੇ ਰਾਫੇਲ ਵਾਰਨੌਕ ਲਈ ਪ੍ਰਚਾਰ ਕਰਨਗੇ ਜਿਸ ਨਾਲ ਕਿ 5 ਜਨਵਰੀ ਨੂੰ ਹੋਣ ਵਾਲੀਆਂ ਸੈਨੇਟ ਚੋਣਾਂ ਵਿੱਚ ਰਿਪਬਲਿਕਨ ਉਮੀਦਵਾਰਾਂ ਨੂੰ ਹਰਾਉਣ ਵਿੱਚ ਸਹਾਇਤਾ ਮਿਲ ਸਕਦੀ ਹੈ।ਬਾਈਡੇਨ ਇਸ ਮੁਹਿੰਮ ਦੌਰਾਨ ਇੱਕ ਰੈਲੀ ਵਿੱਚ ਸ਼ਾਮਲ ਹੋਣਗੇ, ਜਿਸਦਾ ਉਦੇਸ਼ ਦੋਵਾਂ




ਡੈਮੋਕਰੇਟ ਉਮੀਦਵਾਰਾਂ ਲਈ ਇਸ ਨਾਜ਼ੁਕ ਚੋਣ ਤੋਂ ਤਿੰਨ ਹਫਤੇ ਪਹਿਲਾਂ ਵੋਟਿੰਗ ਨੂੰ ਵਧਾਉਣਾ ਹੈ ਜੋ ਕਿ ਸੈਨੇਟ ਵਿੱਚ ਪਾਰਟੀ ਦੀ ਤਾਕਤ ਲਈ ਸੰਤੁਲਨ ਨਿਰਧਾਰਤ ਕਰੇਗੀ।ਇਹਨਾਂ ਚੋਣਾਂ ਵਿੱਚ ਜੇਕਰ ਡੈਮੋਕਰੇਟ ਉਮੀਦਵਾਰ ਜਿੱਤਦੇ ਹਨ, ਤਾਂ ਉਹ ਸੈਨੇਟ 'ਤੇ ਕਾਬਜ਼ ਹੋਣਗੇ। ਬਾਈਡਨ ਦੀ ਛੇ ਹਫ਼ਤਿਆਂ ਵਿੱਚ ਇਹ ਪਹਿਲੀ ਮੁਹਿੰਮ ਯਾਤਰਾ ਹੈ, ਜਿਸ ਵਿੱਚ ਇਹਨਾਂ ਦੋਵੇ ਉਮੀਦਵਾਰਾਂ ਦੇ ਨਾਲ ਸਟੇਸੀ ਅਬਰਾਮਸ ਅਤੇ ਐਟਲਾਂਟਾ ਦੇ ਮੇਅਰ ਕੀਸ਼ਾ ਲਾਂਸ ਬੋਟਮਜ਼ ਵੀ ਸ਼ਾਮਲ ਹੋਣਗੇ। ਅਧਿਕਾਰੀਆਂ ਅਨੁਸਾਰ ਇਸ ਦੌਰਾਨ ਬਾਈਡੇਨ ਰਾਸ਼ਟਰ ਦੇ ਨਾਮ ਏਕਤਾ ਦਾ ਸੰਦੇਸ਼ ਦੇਣਗੇ। ਇਸਦੇ ਇਲਾਵਾ ਬਾਈਡਨ ਟੀਮ ਨੇ ਡੈਮੋਕਰੇਟਸ ਲਈ 5 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਹੈ ਅਤੇ ਨਾਲ ਹੀ ਉਹਨਾਂ ਨੂੰ ਹੋਰ ਮੁਹਿੰਮਾਂ ਲਈ 10 ਮਿਲੀਅਨ ਡਾਲਰ ਜੁਟਾਉਣ ਵਿੱਚ ਵੀ ਸਹਾਇਤਾ ਕੀਤੀ ਹੈ।

# ਮਾਡਰਨਾ ਦਾ ਕੋਰੋਨਾਂ ਵਾਇਰਸ ਟੀਕਾ ਵੀ ਹੈ ਪ੍ਰਭਾਵਸ਼ਾਲੀ: ਐੱਫ ਡੀ ਏ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਕੋਰੋਨਾਂ ਵਾਇਰਸ ਟੀਕੇ ਦੇ ਮਾਮਲੇ ਵਿੱਚ ਕਈ ਕੰਪਨੀਆਂ ਪ੍ਰਭਾਵਸ਼ਾਲੀ ਤਰੀਕੇ ਨਾਲ ਟੀਕੇ ਨੂੰ ਬਨਾਉਣ ਦੇ ਕਦਮ 'ਚ ਲੱਗੀਆਂ ਹੋਈਆਂ ਹਨ।ਇਸ ਦੌਰਾਨ ਸਭ ਤੋਂ ਪਹਿਲਾਂ ਫਾਈਜਰ ਦੇ ਟੀਕੇ ਨੂੰ ਮਨਜ਼ੂਰੀ ਮਿਲਣ ਉਪਰੰਤ ਵਰਤੋਂ ਵਿੱਚ ਲਿਆਂਦਾ ਗਿਆ ਹੈ ਅਤੇ ਇੱਕ ਹੋਰ ਕੰਪਨੀ ਮਾਡਰਨਾ ਦਾ ਕੋਰੋਨਾਂ ਵਾਇਰਸ ਟੀਕਾ ਮਨਜ਼ੂਰੀ ਮਿਲਣ ਦੇ ਨੇੜ ਪਹੁੰਚਿਆ ਹੈ। ਇਸ ਸੰਬੰਧੀ ਮੰਗਲਵਾਰ ਨੂੰ ਜਾਰੀ ਕੀਤੇ ਗਏ ਦਸਤਾਵੇਜ਼ਾਂ ਅਨੁਸਾਰ, ਮਾਡਰਨਾ ਦਾ ਕੋਵਿਡ -19 ਟੀਕਾ ਬਿਮਾਰੀ ਦੀ ਰੋਕਥਾਮ ਲਈ 94 ਪ੍ਰਤੀਸ਼ਤ ਪ੍ਰਭਾਵਸ਼ਾਲੀ ਹੋਣ ਦੇ ਨਾਲ ਅਤੇ ਵਿਸ਼ਾਣੂ ਨੂੰ ਵੀ ਰੋਕ ਸਕਦਾ ਹੈ। ਇਸ ਟੀਕੇ ਸੰਬੰਧੀ ਖੋਜਾਂ ਦੇ ਮੱਦੇਨਜ਼ਰ ਇਸ ਹਫ਼ਤੇ ਦੇ ਅੰਤ ਤੱਕ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਦੁਆਰਾ ਇਸਦੀ ਐਮਰਜੈਂਸੀ ਵਰਤੋਂ ਦੇ ਅਧਿਕਾਰਾਂ ਲਈ ਮੋਹਰ ਲਗਾਈ ਜਾ ਸਕਦੀ ਹੈ, ਜਿਸਦਾ ਮਤਲਬ ਕਿ ਅਮਰੀਕਾ ਨੂੰ ਜਲਦੀ ਹੀ ਦੂਜੀ ਕੰਪਨੀ ਦੇ ਪ੍ਰਭਾਵਸ਼ਾਲੀ ਕੋਵਿਡ -19 ਟੀਕੇ ਲੱਗ ਸਕਦੇ ਹਨ। ਮਾਡਰਨਾ ਟੀਕੇ ਦੀ ਉੱਚ



ਕੁਸ਼ਲਤਾ ਮਾਹਿਰਾਂ ਦੁਆਰਾ 28 ਦਿਨਾਂ ਦੇ ਫਰਕ ਨਾਲ ਦਿੱਤੀਆਂ ਦੋ ਖੁਰਾਕਾਂ ਤੋਂ ਬਾਅਦ ਨੋਟ ਕੀਤੀ ਗਈ ਸੀ ਅਤੇ ਇਸਦੀ ਪ੍ਰਭਾਵਸ਼ੀਲਤਾ ਵੀ ਫਾਈਜ਼ਰ ਅਤੇ ਬਾਇਓਨਟੈਕ ਟੀਕੇ ਦੇ ਪੱਧਰ ਦੀ ਹੈ।ਜਦਕਿ ਸਬੂਤਾਂ ਅਨੁਸਾਰ ਮਾਡਰਨਾ ਟੀਕੇ ਦੀ ਸਿਰਫ ਇੱਕ ਖੁਰਾਕ ਵਾਇਰਸ ਦੇ ਫੈਲਣ ਨੂੰ ਰੋਕ ਸਕਦੀ ਹੈ ,ਪਰ ਫਿਰ ਵੀ ਇਹ ਉਮੀਦ ਕੀਤੀ ਜਾਂਦੀ ਹੈ ਕਿ ਰੈਗੂਲੇਟਰਾਂ ਨੂੰ ਵੱਧ ਸੁਰੱਖਿਆ ਲਈ ਟੀਕੇ ਦੀਆਂ ਦੋ ਖੁਰਾਕਾਂ ਦੀ ਜ਼ਰੂਰਤ ਹੋਵੇਗੀ। ਇਹ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਮਾਡਰਨਾ ਟੀਕੇ ਦਾ ਪ੍ਰਵਾਨਗੀ ਦਾ ਰਾਸਤਾ ਵੀ ਫਾਈਜ਼ਰ ਦੇ ਸਮਾਨ ਹੋਵੇਗਾ ਅਤੇ ਇਸਦਾ ਅਧਿਕਾਰ ਸ਼ੁੱਕਰਵਾਰ ਤੱਕ ਮਿਲ ਸਕਦਾ ਹੈ ।ਜਦਕਿ ਆਪ੍ਰੇਸ਼ਨ ਰੈਪ ਸਪੀਡ ਅਧਿਕਾਰੀ ਪਹਿਲਾਂ ਹੀ ਮਾਡਰਨਾ ਟੀਕੇ ਦੀ ਵਿਆਪਕ ਵੰਡ ਲਈ ਯੋਜਨਾ ਬਣਾ ਰਹੇ ਹਨ।ਇਸ ਸੰਸਥਾ ਦੇ ਮੁੱਖ ਕਾਰਜਕਾਰੀ ਅਧਿਕਾਰੀ, ਆਰਮੀ ਜਨਰਲ ਗੁਸਤਾਵੇ ਪਰਨਾ ਅਨੁਸਾਰ ਜੇ ਐੱਫ ਡੀ ਏ ਦੁਆਰਾ ਮਾਡਰਨਾ ਟੀਕੇ ਨੂੰ ਪ੍ਰਵਾਨਗੀ ਮਿਲਦੀ ਹੈ ਤਾਂ ਲੱਗਭਗ 6 ਮਿਲੀਅਨ ਖੁਰਾਕਾਂ ਨੂੰ ਦੇਸ਼ ਭਰ ਵਿੱਚ 3,285 ਸਥਾਨਾਂ 'ਤੇ ਭੇਜਿਆ ਜਾਵੇਗਾ।

# ਨਿਊਯਾਰਕ ਪੁਲਿਸ ਵਿਭਾਗ ਆਪਣੇ ਬੇੜੇ ਵਿੱਚ ਜੋੜੇਗਾ 900 ਪੁਲਿਸ ਅਧਿਕਾਰੀ



**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਨਿਊਯਾਰਕ ਸ਼ਹਿਰ ਦੇ ਪੁਲਿਸ ਵਿਭਾਗ ਵਿੱਚ ਅਗਲੇ ਦੋ ਮਹੀਨਿਆਂ ਤੱਕ 900 ਦੇ ਕਰੀਬੀ ਪੁਲਿਸ ਅਧਿਕਾਰੀਆਂ ਨੂੰ ਭਰਤੀ ਕੀਤਾ ਜਾਵੇਗਾ।ਇਸ ਦੀ ਜਾਣਕਾਰੀ ਪੁਲਿਸ ਵਿਭਾਗ ਦੇ ਇੱਕ ਅਧਿਕਾਰੀ ਦੁਆਰਾ ਸੋਮਵਾਰ ਨੂੰ ਦਿੱਤੀ ਗਈ।ਸ਼ਹਿਰ ਦੇ ਪੁਲਿਸ ਕਮਿਸ਼ਨਰ ਡੇਰਮੋਟ ਸ਼ੀਆ ਅਨੁਸਾਰ ਵਿਭਾਗ ਵਿੱਚ ਇਹ ਕਾਰਵਾਈ ਇੱਕ ਵਧੀਆ ਖਬਰ ਹੈ ਅਤੇ ਇਹ ਅਧਿਕਾਰੀ ਸਾਲ 2021 ਦੀ ਸ਼ੁਰੂਆਤ ਵਿੱਚ ਕਮਿਊਨਿਟੀ ਨਾਲ ਜੁੜੇ ਰਹਿਣ ਦੇ ਨਾਲ ਵਿਭਾਗ ਦੇ ਸੁਰੱਖਿਆ ਮਿਸ਼ਨ ਨੂੰ ਜਾਰੀ ਰੱਖਦੇ ਹੋਏ ਅਪਰਾਧ ਨੂੰ ਘੱਟ ਕਰਨ ਵਿੱਚ ਸਹਾਈ ਹੋਣਗੇ।ਇਸ ਦੌਰਾਨ ਨਵੇਂ ਪੁਲਿਸ ਜਵਾਨ ਇੱਕ ਭਰਤੀ ਪ੍ਰਕਿਰਿਆ ਤਹਿਤ 29 ਦਸੰਬਰ ਤੋਂ ਸ਼ੁਰੂ ਹੋ ਕੇ ਫਰਵਰੀ ਵਿੱਚ ਖਤਮ ਹੋਣ ਜਾ ਰਹੀ ਰੋਲਿੰਗ ਦੇ ਅਧਾਰ ਤੇ ਅਕੈਡਮੀ ਵਿਚ ਦਾਖਲ ਹੋਣਗੇ। ਇਸ ਤੋਂ ਪਹਿਲਾਂ ਕੋਰੋਨਾਂ ਮਹਾਂਮਾਰੀ ਦੇ ਕਾਰਨ ਬਜਟ ਵਿੱਚ ਕਟੌਤੀ ਹੋਣ ਤੋਂ ਬਾਅਦ, ਨਿਊਯਾਰਕ ਪੁਲਿਸ ਵਿਭਾਗ ਨੇ ਆਪਣਾ ਹੈਡਕਾਉਂਟ ਘਟਾਉਣ ਲਈ ਜੁਲਾਈ ਦੀ ਪੁਲਿਸ ਅਕੈਡਮੀ ਕਲਾਸ ਨੂੰ ਰੱਦ ਕਰ ਦਿੱਤਾ ਸੀ।ਇਸ ਸਮੇਂ ਸ਼ਹਿਰ ਦਾ ਪੁਲਿਸ ਵਿਭਾਗ ਅਧਿਕਾਰੀਆਂ ਦੀ ਕਮੀ ਦਾ ਸਾਹਮਣਾ ਕਰ ਰਿਹਾ ਹੈ।ਸੋਮਵਾਰ ਤੱਕ, ਫੋਰਸ ਅਤੇ ਵਰਦੀਧਾਰੀ ਅਧਿਕਾਰੀਆਂ ਦੀ ਕੁੱਲ ਗਿਣਤੀ 34,184 ਹੈ ਜਦਕਿ ਇਹ ਗਿਣਤੀ 2019 ਵਿੱਚ ਤਕਰੀਬਨ 36,900 ਸੀ।

# ਕਿਸਾਨ ਅੰਦੋਲਨ ਹੋਇਆ ਹੋਰ ਤੇਜ ਨੋਇਡਾ-ਦਿੱਲੀ ਨੂੰ ਜੋੜਨ ਵਾਲਾ ਚਿੱਲਾ ਬਾਰਡਰ ਵੀ ਕੀਤਾ ਬੰਦ

(ਸਫਾ 1 ਦੀ ਬਾਕੀ)

ਬੰਦ ਕਰਨ ਦੀ ਚਿਤਾਵਨੀ ਦਿੱਤੀ ਹੈ। ਇਸ ਬਾਰਡਰ ਨੂੰ ਕੁਝ ਦਿਨ ਪਹਿਲਾ ਹੀ ਖੋਲ੍ਹਿਆ ਗਿਆ ਹੈ। ਇਸ ਦੇ ਬੰਦ ਰਹਿਣ ਨਾਲ ਦਿੱਲੀ-ਨੋਇਡਾ ਆਉਣ-ਜਾਣ ਵਾਲੇ ਹਜ਼ਾਰਾਂ ਲੋਕਾਂ ਨੂੰ ਮੁਸ਼ਕਿਲ ਹੋ ਰਹੀ ਸੀ। ਪਟੀਸ਼ਨ 'ਤੇ ਸੁਪਰੀਮ ਕੋਰਟ 'ਚ ਵੀ ਸੁਣਵਾਈ ਸ਼ੁਰੂ ਹੋ ਗਈ ਹੈ। ਕੋਰਟ ਨੇ ਕਿਹਾ ਹੈ ਕਿ ਅੰਦੋਲਨ ਕਰ ਰਹੇ ਕਿਸਾਨ ਜਥੇਬੰਦੀਆਂ ਦਾ ਪੱਖ ਸੁਣਿਆ ਜਾਵੇਗਾ। ਨਾਲ ਹੀ ਕੋਰਟ ਨੇ ਸਰਕਾਰ ਤੋਂ ਇਸ ਬਾਰੇ ਸਵਾਲ ਕੀਤਾ ਕਿ ਹੁਣ ਤਕ ਮਾਮਲੇ 'ਚ ਸਮਝੌਤਾ ਕਿਉਂ ਨਹੀਂ ਹੋਇਆ ਹੈ। ਇਸ ਤੋਂ ਇਲਾਵਾ ਕੋਰਟ ਵੱਲੋਂ ਕਿਸਾਨ ਜਥੇਬੰਦੀਆਂ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ। ਕੋਰਟ ਨੇ ਇਸ ਮੁੱਦੇ ਨੂੰ ਜਲਦ ਹੱਲ ਕਰਨ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਸਰਕਾਰ ਤੇ ਕਿਸਾਨਾਂ ਦੇ ਪ੍ਰਤੀਨਿਧੀਆਂ ਦੀ ਇਕ ਕਮੇਟੀ ਬਣਾਈ ਜਾਵੇ ਤਾਂ ਕਿ ਆਪਸੀ ਸਹਿਮਤੀ ਨਾਲ ਮੁੱਦਿਆਂ ਨੂੰ ਹੱਲ ਕੀਤਾ ਜਾ ਸਕੇ। ਚੀਫ ਜਸਟਿਸ ਐੱਸਏ ਬੋਬੜੇ, ਜਸਟਿਸ ਏਐੱਸ ਬੋਪੰਨਾ ਤੇ ਬੀ ਰਾਮਸੂਬਰਾਮਨੀਅਮ ਦੀ ਬੈਂਚ ਇਸ ਮਾਮਲੇ ਦੀ ਸੁਣਵਾਈ ਕਰੇਗੀ। ਉਨ੍ਹਾਂ ਨੇ ਪਟੀਸ਼ਨ 'ਚ ਕਿਹਾ ਕਿ ਕਿਸਾਨਾਂ ਦੇ ਅੰਦੋਲਨ ਕਾਰਨ ਸੜਕ ਜਾਮ ਹੋਣ ਨਾਲ ਆਮ ਲੋਕਾਂ ਨੂੰ ਕਾਫੀ ਪਰੇਸ਼ਾਨੀ ਹੋ ਰਹੀ ਹੈ। ਨਾਲ ਹੀ ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਇਸ ਤਰ੍ਹਾਂ ਕਿਸਾਨਾਂ ਦੀ ਭੀੜ ਨਾਲ ਕੋਵਿਡ ਸੰਕ੍ਰਮਣ ਦੇ ਅੰਕੜਿਆਂ 'ਚ ਵੀ ਵਾਧਾ ਹੋ ਸਕਦਾ ਹੈ। ਇਨ੍ਹਾਂ ਸਾਰੇ ਕਾਰਨਾਂ ਨਾਲ ਅਧਿਕਾਰੀਆਂ ਨੂੰ ਇਹ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ ਕਿ ਕੇਂਦਰ ਤਿੰਨ ਨਵੇਂ ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਦੀਆਂ ਵੱਖ-ਵੱਖ ਸਰਹੱਦਾਂ 'ਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਹਟਾਏ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਬਾਇਡਨ ਦੀ ਜਿੱਤ 'ਤੇ ਲੱਗੀ ਕਾਨੂੰਨੀ ਮੋਹਰ

(ਸਫਾ 1 ਦੀ ਬਾਕੀ)

ਤਾਂ ਉਹ ਵ੍ਹਾਈਟ ਹਾਊਸ ਛੱਡ ਦੇਣਗੇ।

ਨਵੇਂ ਚੁਣੇ ਰਾਸ਼ਟਰਪਤੀ ਜੋਅ ਬਾਇਡਨ ਨੇ ਇਲੈਕਟੋਰਲ ਕਾਲਜ ਵੱਲੋਂ ਉਨ੍ਹਾਂ ਦੀ ਜਿੱਤ 'ਤੇ ਮੋਹਰ ਲਗਾਉਣ ਪਿੱਛੋਂ ਅਮਰੀਕਾ ਦੇ ਲੋਕਾਂ ਨੂੰ ਕਿਹਾ ਕਿ ਦੇਸ਼ ਵਿਚ ਲੋਕਤੰਤਰ ਬਰਕਰਾਰ ਰਿਹਾ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਦਿਸ਼ਾ ਨਿਰਦੇਸ਼ਿਤ ਕਰਨ ਵਾਲੇ ਸਿਧਾਂਤਾਂ ਨੂੰ ਅਣਗੌਲਣ ਦਾ ਯਤਨ ਕੀਤਾ ਗਿਆ ਪ੍ਰੰਤੂ ਇਹ ਕਮਜ਼ੋਰ ਨਹੀਂ ਪਿਆ। ਉਨ੍ਹਾਂ ਕਿਹਾ ਕਿ ਪਹਿਲੇ ਜੋ ਲੋਕ ਨਹੀਂ ਜਾਣਦੇ ਸਨ, ਹੁਣ ਉਹ ਇਸ ਤੋਂ ਵਾਕਿਫ਼ ਹਨ।

ਅਮਰੀਕੀ ਲੋਕਾਂ ਦੇ ਦਿਲਾਂ ਵਿਚ ਇਹ ਗੱਲ ਡੂੰਘਾਈ ਵਿਚ ਬੈਠੀ ਹੈ ਕਿ ਲੋਕਤੰਤਰ ਬਰਕਰਾਰ ਰਿਹਾ ਹੈ। ਸੱਚ ਦੀ ਜਿੱਤ ਹੋਈ। ਤੁਹਾਡੀਆਂ ਵੋਟਾਂ ਦੀ ਗਿਣਤੀ ਹੋਈ ਅਤੇ ਤੁਹਾਡੇ ਵੱਲੋਂ ਚੁਣੇ ਹੋਏ ਨੇਤਾ ਹੀ ਦੇਸ਼ ਦੀ ਅਗਵਾਈ ਕਰਨਗੇ। ਉਨ੍ਹਾਂ ਕਿਹਾ ਕਿ ਟਰੰਪ ਵੱਲੋਂ ਚੁੱਕੇ ਗਏ ਕਦਮਾਂ ਨੇ ਅਮਰੀਕਾ ਦੇ ਮੂਲ ਲੋਕਤੰਤ੍ਰਿਕ ਮੁੱਲਾਂ ਦੀ ਉਲੰਘਣਾ ਕੀਤੀ, ਇੱਥੋਂ ਤਕ ਕਿ ਸੱਤਾ ਦੀ ਸ਼ਾਂਤੀਪੂਰਣ ਤਬਦੀਲੀ ਵੀ ਪ੍ਰਭਾਵਿਤ ਹੋਈ।

# ਟੈਕਸਾਸ ਵਿੱਚ 40 ਗੈਰਕਾਨੂੰਨੀ ਪ੍ਰਵਾਸੀਆਂ ਦੀ ਤਸ਼ਕਰੀ ਲਈ ਟਰੱਕ ਡਰਾਈਵਰ ਨੇ ਆਪਣਾ ਦੋਸ਼ ਕਬੂਲਿਆ

**ਗੁਰਿੰਦਰਜੀਤ ਨੀਟਾ ਮਾਛੀਕੇ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)-** ਅਮਰੀਕੀ ਸੂਬੇ ਟੈਕਸਾਸ ਵਿੱਚ ਅਧਿਕਾਰੀਆਂ ਦੁਆਰਾ ਇੱਕ ਟਰੱਕ ਰਾਹੀ ਗੈਰਕਾਨੂੰਨੀ ਤੌਰ ਤੇ ਦਾਖਲ ਹੋ ਰਹੇ 40 ਪ੍ਰਵਾਸੀਆਂ ਨੂੰ ਸਮੇਤ ਡਰਾਈਵਰ ਗ੍ਰਿਫਤਾਰ ਕੀਤਾ ਗਿਆ ਹੈ।ਅਧਿਕਾਰੀਆਂ ਅਨੁਸਾਰ ਇਸ ਮਾਮਲੇ ਵਿੱਚ ਦੱਖਣੀ ਕੈਰੋਲਿਨਾ ਦੇ ਇੱਕ ਵਿਅਕਤੀ ਨੇ ਸੰਯੁਕਤ ਰਾਜ ਦੀ ਸਰਹੱਦ 'ਤੇ ਟਰੱਕ ਅੰਦਰ ਦਰਜਨਾਂ ਪ੍ਰਵਾਸੀਆਂ ਦੀ ਤਸਕਰੀ ਕਰਨ ਦਾ ਦੋਸ਼ ਮੰਨਿਆ ਹੈ। ਟੈਕਸਾਸ ਦੇ ਦੱਖਣੀ ਜ਼ਿਲ੍ਹੇ ਦੇ ਅਟਾਰਨੀ ਅਨੁਸਾਰ ਰਿਜਲੈਂਡ ਦੇ 35 ਸਾਲਾ ਐਲੋਈ ਮਾਰਟੀਨੇਜ਼-ਕੈਰਨਜ਼ਾ ਨੂੰ ਆਪਣੇ ਵਾਹਨ ਵਿੱਚ ਗ਼ੈਰਕਾਨੂੰਨੀ ਪਰਵਾਸੀਆਂ ਨੂੰ ਲਿਜਾਣ ਦੀ ਸਾਜਿਸ਼ ਰਚਣ ਲਈ ਦੋਸ਼ੀ ਮੰਨਿਆ ਗਿਆ ਹੈ।ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ



ਅਕਤੂਬਰ ਵਿੱਚ ਗਸ਼ਤ ਦੌਰਾਨ ਪੁਲਿਸ ਦੇ ਖੋਜੀ ਕੁੱਤੇ ਨੇ ਅਧਿਕਾਰੀਆਂ ਨੂੰ ਲਾਰੇਡੋ ਚੌਕੀ 'ਤੇ ਇਸ ਡਰਾਈਵਰ ਦੁਆਰਾ ਟਰੱਕ ਅੰਦਰ ਲਿਜਾਏ ਜਾ ਰਹੇ ਲੋਕਾਂ ਬਾਰੇ ਸੁਚੇਤ ਕਰਨ ਤੇ ਅਧਿਕਾਰੀਆਂ ਨੇ ਟਰੱਕ ਅੰਦਰੋਂ 40 ਗੈਰ ਪ੍ਰਮਾਣਿਤ ਪ੍ਰਵਾਸੀਆਂ ਨੂੰ ਬਰਾਮਦ ਕੀਤਾ ਜਿਹਨਾਂ ਵਿੱਚ ਤਿੰਨ ਬੱਚੇ ਵੀ ਸ਼ਾਮਲ ਸਨ। ਇਸ ਮਾਮਲੇ ਦੀ ਅਗਲੀ ਜਾਂਚ ਨੇ ਏਜੰਟਾਂ ਨੂੰ ਇੱਕ ਘਰ ਵਿੱਚ 22 ਹੋਰ ਬਿਨਾਂ ਦਸਤਾਵੇਜਾਂ ਦੇ ਪ੍ਰਵਾਸੀਆਂ ਨੂੰ ਲੱਭਣ ਵਿੱਚ ਸਫਲਤਾ ਮਿਲੀ ਅਤੇ ਅਦਾਲਤੀ ਦਸਤਾਵੇਜ਼ਾਂ ਅਨੁਸਾਰ ਇੱਕ ਹੋਰ 28 ਸਾਲਾ ਲਾਰੇਡੋ ਦੇ ਵਿਅਕਤੀ ਜੋਸ ਮਾਰੀਆ ਰਮੀਰੇਜ਼ ਨੂੰ ਦੋਸ਼ੀ ਮੰਨਿਆ ਗਿਆ। ਇਸ ਅਪਰਾਧਿਕ ਗਤੀਵਿਧੀ ਲਈ ਦੋਵੇ ਵਿਅਕਤੀ ਮਾਰਚ ਵਿੱਚ ਸਜ਼ਾ ਸੁਣਾਏ ਜਾਣ 'ਤੇ 10 ਸਾਲ ਤੱਕ ਜੇਲ੍ਹ ਵਿੱਚ ਜਾ ਸਕਦੇ ਹਨ।

# ਉਲੰਪੀਅਨ ਰਮਨਦੀਪ ਸਿੰਘ ਗਰੇਵਾਲ ਨੇ ਅਰਜਨਾ ਐਵਾਰਡ ਵਾਪਿਸ ਕਰਨ ਦਾ ਫੈਸਲਾ ਕੀਤਾ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)-** ਹਰ ਦੇਸ਼ ਦੀਆ



ਸਰਕਾਰਾ ਹਮੇਸਾ ਲੋਕਾਂ ਦੇ ਲਈ ਚੰਗੇ ਕੰਮ, ਰੋਜ਼ਗਾਰ ਅਤੇ ਸਹੂਲਤਾਂ ਮੁਹਾਈਆ ਕਰਵਾਉਣ ਵਿੱਚ ਮਦਦ ਕਰਦੀਆਂ ਹਨ। ਪਰ ਜਦ ਦੀ ਭਾਰਤ ਵਿੱਚ ਸਰਕਾਰ ਆਈ ਹੈ, ਉਸ ਸਮੇਂ ਤੋਂ ਹੀ ਸਰਕਾਰ ਪੂਜੀਪਤੀਆ ਦੀ ਕਠਪੁਤਲੀ ਬਣੀ ਹੋਈ ਹੈ। ਦੇਸ਼ ਅਸੀਂ ਤਰੱਕੀ ਦੇ ਨਾਂ 'ਤੇ ਦੇਸ਼ ਨੂੰ ਵੇਚਿਆਂ ਜਾ ਰਿਹਾ ਹੈ। ਹੁਣ ਪੰਜਾਬ ਵਿੱਚ ਲਾਗੂ ਹੋ ਰਹੇ ਕਿਰਸਾਨੀ ਬਿਲ ਨੇ ਲੋਕਾ ਨੂੰ ਹੱਕਾ ਲਈ ਜਗਾ ਦਿੱਤਾ ਹੈ। ਜਿੱਥੇ ਕਿਸਾਨਾਂ ਦੇ ਹੱਕ ਵਿੱਚ ਅੰਦੋਲਨ ਹੋ ਰਹੇ ਹਨ, ਉੱਥੇ ਦਿੱਲੀ ਦੀ ਸਰਕਾਰ ਦੀ ਨੀਤੀ ਤਾਨਾਸ਼ਾਹ ਤੋਂ ਨਹੀਂ ਘਟੀ। ਜਿਸ ਦੇ ਰੋਸ਼ ਵਜੋਂ ਬਹੁਤ ਸਾਰੇ ਲੋਕਾ ਨੇ ਭਾਰਤ ਲਈ ਮਾਣ ਦੁਆ ਪ੍ਰਾਪਤ ਸਨਮਾਨ ਵਾਪਸ ਕਰ ਦਿੱਤੇ ਹਨ। ਇਸੇ ਲੜੀ ਅਧੀਨ ਪੰਜਾਬ ਤੋਂ ਰਾਏਕੋਟ ਹਲਕੇ ਦਾ ਮਾਣ ਹਾਕੀ ਟੀਮ ਦੇ ਸਾਬਕਾ ਕਪਤਾਨ ਅਤੇ ਉਲੰਪੀਅਨ ਰਮਨਦੀਪ ਸਿੰਘ ਗਰੇਵਾਲ ਨੇ ਕਿਸਾਨ ਅੰਦੋਲਨ ਦੀ ਹਮਾਇਤ ਕਰਦਿਆਂ ਰੋਸ ਵਜੋਂ ਆਪਣਾ ਅਰਜਨਾ ਐਵਾਰਡ ਭਾਰਤ ਸਰਕਾਰ ਨੂੰ ਵਾਪਿਸ ਕਰਨ ਦਾ ਫੈਸਲਾ ਕੀਤਾ ਹੈ। ਰਮਨਦੀਪ ਸਿੰਘ ਨੂੰ ਇਹ ਐਵਾਰਡ ਸਾਲ 1999 ਵਿੱਚ ਮਿਲਿਆ ਸੀ। ਸਿਡਨੀ ਉਲੰਪਿਕ ਵਿੱਚ ਭਾਰਤੀ ਟੀਮ ਦੀ ਅਗਵਾਈ ਕਰਨ ਤੋਂ ਇਲਾਵਾ ਉਹ ਵਿਸ਼ਵ ਕੱਪ, ਏਸੀਆਈ ਖੇਡਾਂ ਤੇ ਹੋਰ ਕਈ ਕੌਮਾਂਤਰੀ ਮੁਕਾਬਲਿਆਂ ਵਿੱਚ ਭਾਰਤ ਦੀ ਨੁਮਾਇੰਦਗੀ ਕਰ ਚੁੱਕੇ ਹਨ। ਇੱਥੋਂ ਇਹ ਗੱਲ ਦੱਸਣਯੋਗ ਹੈ ਕਿ ਉਹ ਅੱਜ ਕੱਲ੍ਹ ਕੈਨੇਡਾ ਦੇ ਸ਼ਹਿਰ ਐਡਮਿੰਟਨ ਵਿੱਚ ਰਹਿ ਰਹੇ ਹਨ।

# ਪੱਛਮੀ ਵਰਜੀਨੀਆ ਦੇ ਰਸਾਇਣਕ ਪਲਾਂਟ ਵਿੱਚ ਹੋਇਆ ਧਮਾਕਾ, ਚਾਰ ਵਿਅਕਤੀ ਹੋਏ ਜ਼ਖਮੀ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)-** ਪੱਛਮੀ ਵਰਜੀਨੀਆ ਦੇ



ਰਸਾਇਣਕ ਪਲਾਂਟ ਵਿੱਚ ਮੰਗਲਵਾਰ ਨੂੰ ਹੋਏ ਇੱਕ ਧਮਾਕੇ ਵਿੱਚ ਚਾਰ ਵਿਅਕਤੀਆਂ ਦੇ ਜ਼ਖਮੀ ਹੋਣ ਦੀ ਘਟਨਾ ਵਾਪਰੀ ਹੈ।ਇਹ ਧਮਾਕਾ ਬੇਲੇ ਕਸਬੇ ਦੀ ਕਾਨਵਹਾ ਕਾਉਂਟੀ ਕਮਿਊਨਿਟੀ ਦੇ ਚੈਮਰਸ ਰਸਾਇਣਕ ਪਲਾਂਟ ਵਿੱਚ ਮੰਗਲਵਾਰ ਰਾਤ 10 ਵਜੇ ਦੇ ਬਾਅਦ ਵਾਪਰਿਆ। ਕਾਉਂਟੀ ਕਮਿਸ਼ਨਰ ਕੈਂਟ ਕਾਰਪੇਰ ਦੇ ਇੱਕ ਬਿਆਨ ਅਨੁਸਾਰ ਇਸ ਧਮਾਕੇ ਵਿੱਚ ਜ਼ਖਮੀ ਹੋਏ ਲੋਕਾਂ 'ਚ ਦੋ ਕਾਮੇ ਅਤੇ ਮਲਬੇ ਨਾਲ ਪ੍ਰਭਾਵਿਤ ਇੱਕ ਵਿਅਕਤੀ ਸ਼ਾਮਲ ਹੈ ਜਦਕਿ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਸ ਧਮਾਕੇ ਦੇ ਕਾਰਨ ਵਿੱਚ ਕਲੋਰੀਨੇਟਡ ਡਰਾਈ ਬਲੀਚ ਅਤੇ ਮਿਥੇਨੌਲ ਸ਼ਾਮਲ ਸਨ। ਅਧਿਕਾਰੀਆਂ ਅਨੁਸਾਰ ਇਸ ਵੱਡੇ ਧਮਾਕੇ ਨਾਲ ਪਲਾਂਟ ਵਿੱਚ ਕੰਮ ਕਰਨ ਵਾਲੀ ਥਾਂ 'ਤੇ ਅੱਗ ਲੱਗ ਗਈ ਸੀ ਅਤੇ ਇਸ ਖੇਤਰ ਵਿੱਚ ਰਹਿੰਦੇ ਲੋਕਾਂ ਨੇ ਆਪਣੇ ਮਕਾਨ ਹਿੱਲਣ ਦੀ ਵੀ ਖਬਰ ਦਿੱਤੀ ਸੀ। ਐਮਰਜੈਂਸੀ ਅਧਿਕਾਰੀਆਂ ਦੁਆਰਾ ਪਲਾਂਟ ਦੇ ਆਲੇ-ਦੁਆਲੇ 2 ਮੀਲ ਤੱਕ ਦੇ ਲੋਕਾਂ ਨੂੰ ਅੱਗ ਬੁਝਾਉਣ ਦੇ ਮੰਤਵ ਨਾਲ ਇੱਕ ਜਗ੍ਹਾ ਰਹਿਣ ਦਾ ਆਦੇਸ਼ ਦਿੱਤਾ।ਬੇਲੇ ਦੇ ਮੇਅਰ ਡੇਵਿਡ ਫਲੇਚਰ, ਜੋ ਕਿ ਇੱਕ ਵਾਲੰਟੀਅਰ ਅਤੇ ਫਾਇਰ ਫਾਈਟਰ ਵੀ ਹਨ, ਨੇ ਜਾਣਕਾਰੀ ਦਿੱਤੀ ਕਿ ਅੱਗ ਨੂੰ ਅੱਧੀ ਰਾਤ ਤੋਂ ਪਹਿਲਾਂ ਬੁਝਾ ਦਿੱਤਾ ਗਿਆ ਸੀ। ਇਹ ਚੈਮਰਸ ਪਲਾਂਟ 2015 ਵਿੱਚ ਲੱਗਭਗ 723 ਏਕੜ ਦੀ ਜਗ੍ਹਾ 'ਚ ਕਾਨਵਹਾ ਨਦੀ ਦੇ ਨਾਲ ਚਾਰਲਸਟਨ ਤੋਂ 10 ਮੀਲ ਦੱਖਣ ਪੂਰਬ ਵਿੱਚ ਬਣਾਇਆ ਗਿਆ ਸੀ ਅਤੇ ਇਸ ਕਸਬੇ ਬੇਲੇ ਵਿੱਚ ਲਗਭਗ 1,100 ਨਿਵਾਸੀ ਰਹਿੰਦੇ ਹਨ।






ਦੇਸ਼ ਦੁਆਬਾ

# ਸ਼ਹੀਦ ਊਧਮ ਸਿੰਘ ਦੀ ਕੁਰਬਾਨੀ

ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਜਿਹਨਾਂ ਯੋਧਿਆਂ, ਸੂਰਬੀਰਾਂ ਨੇ ਕੁਰਬਾਨੀਆਂ ਦੇ ਕੇ ਅੱਜ ਦੇ ਭਾਰਤ ਦੇ ਹੋਂਦ ਵਿਚ ਆਉਣ ਦਾ ਰਾਹ ਪੱਧਰਾ ਕੀਤਾ, ਉਹਨਾਂ ਵਿਚ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਵਰਗੇ ਮਹਾਨ ਨੌਜਵਾਨ ਸ਼ਹੀਦਾਂ ਤੋਂ ਇਲਾਵਾ ਸ਼ਹੀਦ ਊਧਮ ਸਿੰਘ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਹੈ। ਹਾਲਾਂਕਿ ਪੰਜਾਬੀ ਮੂਲ ਦੇ ਸੈਂਕੜੇ ਅਜਿਹੇ ਮਹਾਨ ਸ਼ਹੀਦ ਹੋਏ, ਜਿਹਨਾਂ ਨੇ ਕੁਰਬਾਨੀਆਂ ਦੇ ਕੇ ਭਾਰਤ ਦੀ ਆਜ਼ਾਦੀ ਦਾ ਰਾਹ ਪੱਧਰਾ ਕੀਤਾ, ਪਰ ਕੁਝ ਦਿਨਾਂ ਵਿਚ ਅਸੀਂ ਸ਼ਹੀਦ ਊਧਮ ਸਿੰਘ ਦਾ ਜਨਮ ਦਿਹਾੜਾ ਮਨਾ ਰਹੇ ਹਾਂ, ਜਿਹਨਾਂ ਦੀ ਬਦੌਲਤ ਸਾਨੂੰ ਅੱਜ ਦਾ ਲੋਕਰਾਜੀ ਭਾਰਤ ਮਿਲਿਆ ਹੈ। ਭਾਰਤ ਨੂੰ ਆਜ਼ਾਦ ਕਰਵਾਉਣ ਲਈ ਇਹਨਾਂ ਸ਼ਹੀਦਾਂ ਨੇ ਆਪਣੀ ਮਹਾਨ ਸ਼ਹਾਦਤ ਦੇ ਕੇ ਜਿੱਥੇ ਮੁਲਕ ਨੂੰ ਆਜ਼ਾਦ ਕਰਵਾਇਆ, ਉਥੇ ਹੀ ਅੱਜ ਦੇ ਲੋਕਰਾਜੀ ਅਤੇ ਹਰੇਕ ਵਰਗ ਲਈ ਅਧਿਕਾਰਾਂ ਦੀ ਸਿਰਜਣਾ ਕਰਨ ਵਾਲੇ, ਬਰਾਬਰੀ ਦੇ ਸਮਾਜ ਦਾ ਮੁੱਢ ਬੰਨ੍ਹਣ ਵਾਲੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਪ੍ਰੀ-ਨਿਰਵਾਣ ਦਿਵਸ ਵੀ ਹਾਲੇ ਅਸੀਂ ਕੁਝ ਦਿਨ ਪਹਿਲਾਂ ਮਨਾਇਆ ਹੈ।

ਸ਼ਹੀਦ ਊਧਮ ਸਿੰਘ ਇਕ ਗਰੀਬ ਪਰਿਵਾਰ ਨਾਲ ਸਬੰਧਤ ਸਨ, ਜੋ ਬਚਪਨ ਵਿਚ ਹੀ ਯਤੀਮ ਹੋ ਗਏ ਅਤੇ ਯਤੀਮਖਾਨੇ ਵਿਚ ਹੀ ਪਲੇ-ਵੱਡੇ ਹੋਏ। ਉਹਨਾਂ ਦੇ ਇਸ ਸੰਘਰਸ਼ ਭਰੇ ਜੀਵਨ ਦੇ ਬਾਵਜੂਦ ਆਦਰਸ਼ ਅਤੇ ਦੇਸ਼ ਲਈ ਮਰ ਮਿਟਣ ਦੀਆਂ ਭਾਵਨਾਵਾਂ ਹੋਰ ਪ੍ਰਬੱਲ ਹੁੰਦੀਆਂ ਗਈਆਂ। ਉਹਨਾਂ ਨੇ ਆਪਣੀ ਚੜ੍ਹਦੀ ਜਵਾਨੀ ਜਲ੍ਹਿਆਂਵਾਲਾ ਬਾਗ ਦੇ ਕਿੱਸੇ ਸੁਣੇ, ਜਿੱਥੇ ਅੰਗਰੇਜ਼ ਹਕੂਮਤ ਨੇ ਸੈਂਕੜੇ ਨਿਰਦੋਸ਼ ਭਾਰਤੀਆਂ ਨੂੰ ਦਾਣਿਆਂ ਵਾਂਗ ਭੁੰਨ ਦਿੱਤਾ ਸੀ।

ਉਹਨਾਂ ਤੇ ਇਸ ਵਾਰਦਾਤ ਦਾ ਇੰਨਾ ਜ਼ਿਆਦਾ ਅਸਰ ਹੋਇਆ ਕਿ ਉਹਨਾਂ ਨੇ ਨਿਰਦੋਸ਼ਾਂ ਦੇ ਕਾਤਲਾਂ ਨੂੰ ਸਬਕ ਸਿਖਾਉਣ ਦਾ ਨਿਸਚਾ ਕਰ ਲਿਆ। ਇਸ ਤੋਂ ਬਾਅਦ ਆਪਣੇ ਇਸ ਮਿਸ਼ਨ ਦੀ ਪੂਰਤੀ ਲਈ ਉਹ ਭਾਰਤ ਤੋਂ ਨਿਕਲ ਤੁਰੇ ਅਤੇ ਕਈ ਮੁਲਕਾਂ ਵਿਚ ਹੁੰਦੇ ਹੋਏ, ਸੰਘਰਸ਼ ਕਰਦੇ ਆਖਿਰ ਇੰਗਲੈਂਡ ਪਹੁੰਚੇ। ਜਿੱਥੇ ਉਹਨਾਂ ਨੇ ਜਲ੍ਹਿਆਂ ਵਾਲੇ ਬਾਗ ਦੇ ਖੂਨੀ ਅੰਗਰੇਜ਼ ਅਫਸਰ ਜਨਰਲ ਡਾਇਰ ਦੀ ਹੱਤਿਆ ਕਰ ਦਿੱਤੀ ਅਤੇ ਫਿਰ ਆਤਮ-ਸਮਰਪਣ ਕਰਕੇ ਆਪਣੀਆਂ ਭਾਵਨਾਵਾਂ ਨੂੰ ਅੰਗਰੇਜ਼ਾਂ ਦੀ ਅਦਾਲਤ ਵਿਚ ਜਿਸ ਬਹਾਦਰੀ ਨਾਲ ਬਿਆਨ ਕੀਤਾ, ਉਸ ਨੇ ਅੰਗਰੇਜ਼ੀ ਹਕੂਮਤ ਨੂੰ ਜੜ੍ਹੋਂ ਹਿਲਾ ਕੇ ਰੱਖ ਦਿੱਤਾ। ਇਸ ਘਟਨਾ ਦਾ ਅੰਗਰੇਜ਼ਾਂ ਤੇ ਇੰਨਾ ਅਸਰ ਹੋਇਆ ਕਿ ਉਹਨਾਂ ਨੇ ਭਾਰਤ ਛੱਡਣ ਦਾ ਫੈਸਲਾ ਕਰ ਲਿਆ ਅਤੇ ਇਸ ਦੀ ਪ੍ਰਕਿਰਿਆ ਆਰੰਭ ਕਰ ਦਿੱਤੀ। ਅੰਗਰੇਜ਼ਾਂ ਨੂੰ ਹੁਣ ਯਕੀਨ ਹੋ ਗਿਆ ਸੀ ਕਿ ਭਾਰਤੀ ਹੁਣ ਜਾਗਰੂਕ ਹੋ ਗਏ ਹਨ ਅਤੇ ਭਾਰਤ ਦੇ ਨੌਜਵਾਨਾਂ ਨੇ ਆਜ਼ਾਦੀ ਦਾ ਝੰਡਾ ਚੁੱਕ ਲਿਆ ਹੈ, ਜਿਹਨਾਂ ਨੂੰ ਹਰਾਉਣਾ ਉਹਨਾਂ ਦੇ ਵੱਸ ਦੀ ਗੱਲ ਨਹੀਂ ਸੀ। ਇਸ ਮਹਾਨ ਸ਼ਹੀਦ ਦੀ ਕੁਰਬਾਨੀ ਨੂੰ ਅਸੀਂ ਤਹਿ ਦਿਲੋਂ ਸਿਜਦਾ ਕਰਦੇ ਹਾਂ।

ਇਸ ਦੇ ਨਾਲ ਹੀ ਭਾਰਤ ਦੇ ਇਕ ਹੋਰ ਮਹਾਨ ਸਪੂਤ ਨੇ ਬੜਾ ਲੰਮਾ ਸੰਘਰਸ਼ ਕਰਕੇ ਭਾਰਤ ਦੀ ਬਹੁਗਿਣਤੀ ਆਬਾਦੀ ਦੇ ਲਈ ਉਹ ਕੀਤਾ, ਜੋ ਭਾਰਤ ਦੇ ਦਲਿਤ, ਪੱਛੜੇ ਅਤੇ ਸ਼ੋਸ਼ਣ ਦਾ ਸ਼ਿਕਾਰ ਲੋਕਾਂ ਨੂੰ ਇਸ ਦਲਦਲ ਵਿਚੋਂ ਕੱਢਣ ਲਈ ਹੋਰ ਕੋਈ ਵੀ ਇਨਸਾਨ ਨਹੀਂ ਕਰ ਸਕਦਾ ਸੀ। ਭਾਰਤ ਦੇ ਹਰੇਕ ਨਾਗਰਿਕ ਨੂੰ ਬੁਨਿਆਦੀ ਹੱਕ ਤਾਂ ਮਿਲੇ ਹੀ, ਨਾਲ ਹੀ ਭਾਰਤ ਇਕ ਅਜਿਹਾ ਫੈਡਰਲ ਅਤੇ ਵਿਕੇਂਦਰਿਤ ਰਾਜ ਬਣਿਆ, ਜਿਸ ਵਿਚ ਸ਼ਕਤੀਆਂ ਦੀ ਵੰਡ ਅਜਿਹੇ ਤਰੀਕੇ ਨਾਲ ਕੀਤੀ ਗਈ ਕਿ ਕੋਈ ਵੀ ਪਾਸਾ ਤਾਨਾਸ਼ਾਹ ਨਹੀਂ ਹੋ ਸਕਦਾ। ਬਾਬਾ ਸਾਹਿਬ ਦੁਆਰਾ ਦਿੱਤੇ ਇਸ ਸੰਵਿਧਾਨ ਦੀ ਬਦੌਲਤ ਹੀ ਭਾਰਤ ਆਜ਼ਾਦੀ ਦੇ 73 ਸਾਲ ਬਾਅਦ ਵਿਸ਼ਵ ਵਿਚ ਤੇਜ਼ੀ ਨਾਲ ਉਭਰ ਰਿਹਾ ਹੈ।

**– ਤਰਸੇਮ ਜਲੰਧਰੀ**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-160

## ਚੰਦ੍ਰਹਾਂਸ ਦੀ ਮਿੱਥ ਦਾ ਹਵਾਲਾ ਤੇ ਗੁਰਮਤਿ



ਅਵਤਾਰ ਸਿੰਘ ਮਿਸ਼ਨਰੀ
510-432-5827

ਮਿੱਥ ਸ਼ਬਦ ਦੀ ਉੱਤਪਤੀ ਗ੍ਰੀਕ ਸ਼ਬਦ ਮੁਥੋਸ ਜਾਂ ਮਾਈਥਸ ਤੋਂ ਹੋਈ ਜਿਸ ਦਾ ਸ਼ਾਬਦਿਕ ਅਰਥ ਹੈ-ਪ੍ਰਾਚੀਨ ਮਾਨਤਾਵਾਂ ਦੇ ਆਧਾਰ ਉੱਤੇ ਮਿੱਥੀਆਂ ਕਲਪਿਤ ਕਹਾਣੀਆਂ ਜਾਂ ਕੋਰੀਆਂ ਗੱਪਾਂ। ਇੰਜ ਸਭਿਅਤਾ ਦੇ ਮੁੱਢਲੇ ਕਾਲ ਦੀਆਂ ਰੂੜ੍ਹ ਕਹਾਣੀਆਂ ਲੋਕ ਵਿਸ਼ਵਾਸਾਂ, ਉੱਤੇ ਆਧਾਰਿਤ ਦੰਤ ਕਥਾਵਾਂ ਅਤੇ ਪਰੰਪਰਾਗਤ ਰਹੁ ਰੀਤਾਂ ਨਾਲ ਸੰਬੰਧਿਤ ਧਾਰਨਾਵਾਂ ਦੇ ਸਮੁੱਚੇ ਅਧਿਐਨ ਨੂੰ "ਮਾਈਥੋਲੋਜੀ" ਕਿਹਾ ਜਾ ਸਕਦਾ ਹੈ। ਜਿਸ ਵਿੱਚ ਦੇਵੀ ਦੇਵਤਿਆਂ, ਦੇਵ ਪੁਰਸ਼ਾਂ ਆਦਿਕ ਮੋਢੀ ਵਿਅਕਤੀਆਂ ਅਤੇ ਸ੍ਰਿਸ਼ਟੀ ਦੀ ਉੱਤਪਤੀ ਬਾਰੇ ਮਾਨਤਾਵਾਂ ਆ ਜਾਂਦੀਆਂ ਹਨ।

ਮਿੱਥ ਆਪਣੇ ਮੂਲ ਸੁਭਾਅ ਵਿੱਚ ਇੱਕ ਸ਼ਾਬਦਿਕ ਕਲਾ ਹੈ ਪਰ ਵਿਸ਼ਵਾਸ ਦੀ ਪੱਧਰ ਤੇ ਸਾਧਾਰਨ ਲੋਕਾਂ ਵਿੱਚ ਆਮ ਪ੍ਰਚੱਲਿਤ ਹੋਣ ਕਰ ਕੇ ਇਸ ਦੀ ਬਿਰਤੀ ਮੌਖਿਕ ਸਾਹਿਤ ਵਾਲੀ ਹੀ ਹੈ। ਸ਼ਾਬਦਿਕ ਕਲਾ ਤੋਂ ਸਾਡਾ ਭਾਵ ਸਿਰਫ਼ ਸ਼ਬਦਾਂ ਦਾ ਸੰਗ੍ਰਹਿ ਮਾਤਰ ਹੀ ਨਹੀਂ ਸਗੋਂ ਇਸ ਦਾ ਆਪਣਾ ਇੱਕ ਵਿਲੱਖਣ ਵਿਧਾਨ ਹੈ। ਹਰ ਮਿੱਥ ਰਚਨਾ ਆਪਣੇ ਪ੍ਰਯੋਜਨ ਵਿਧਾਨ ਵਿੱਚ ਕਿਸੇ ਗੁੱਝੇ ਅਤੇ ਰਹੱਸਮਈ ਵਿਚਾਰ ਨੂੰ ਸੰਚਾਰਿਤ ਕਰ ਰਹੀ ਹੁੰਦੀ ਹੈ। ਮਿੱਥ ਰਚਨਾ ਆਦਮ ਬਿਰਤੀ ਦੀ ਰਚਨਾ ਹੈ। ਹਰ ਜਾਤੀ ਕੋ਼ਲ ਆਪਣੀਆਂ ਸੱਭਿਆਚਾਰਕ ਰੂੜ੍ਹੀਆਂ ਨਾ਼ਲ ਓਤ ਪੋਤ ਮਿੱਥਾਂ ਦਾ ਅਤੁੱਟ ਭੰਡਾਰ ਹੈ। ਮਿੱਥ ਦੀ ਰਚਨਾ ਅਤਾਰਕਿਕ ਹੋਣ ਦੇ ਬਾਵਜੂਦ ਵੀ ਇਸ ਕੋ਼ਲ ਆਪਣਾ ਤਰਕ ਹੁੰਦਾ ਹੈ। ਮਿਥਿਹਾਸ ਦਾ ਵਰਤਾਰਾ ਮਨੁੱਖੀ ਸਮਾਜ ਦੇ ਆਰੰਭਕ ਸਮੇਂ ਤੋਂ ਹੀ ਇਸ ਨਾਲ ਜੁੜਿਆ ਹੋਇਆ ਹੈ। ਮਿਥਿਹਾਸਕ ਕਥਾਵਾਂ ਜੀਵਨ ਦੇ ਦਾਰਸ਼ਨਿਕ ਪੱਖਾਂ, ਲੌਕਿਕ ਸਮਝ ਬਾਰੇ ਸਹਿਜ ਅਤੇ ਰੌਚਕ ਢੰਗ ਨਾਲ ਗਿਆਨ ਪ੍ਰਦਾਨ ਕਰਦੀਆਂ ਹਨ।(ਵਿਕੀਪੀਡੀਆ)

ਇਨ੍ਹਾਂ ਚੋਂ ਹੀ ਇੱਕ ਰਾਜ ਕੁਮਾਰ ਚੰਦ੍ਰਹਾਂਸ ਦੀ ਸਿਖਿਆਦਾਇਕ ਮਿੱਥ ਗਾਥਾ ਇਸ ਪ੍ਰਕਾਰ ਹੈ-

ਮਹਾਂਭਾਰਤ ਅਨੁਸਾਰ ਚੰਦ੍ਰਹਾਂਸ ਦੱਖਣ ਦੇਸ਼ ਦਾ ਰਾਜ ਕੁਮਾਰ ਬਚਪਨ 'ਚ ਜਿਸ ਦੇ ਮਾਤਾ ਪਿਤਾ ਚੱਲ ਵੱਸੇ। ਚਲਾਕ ਵਜ਼ੀਰ ਧ੍ਰਿਸ਼ਟਬੁੱਧੀ ਸਾਰਾ ਰਾਜ ਅਧਿਕਾਰ ਆਪ ਦੱਬ ਲਿਆ ਤੇ ਰਾਜ ਕੁਮਾਰ ਨਾਲ ਆਪਣੇ ਅਧੀਨਾਂ ਵਰਗਾ ਵਿਵਹਾਰ ਕਰਨ ਲੱਗਾ। ਇਕਵਾਰ ਕਿਸੇ ਜੋਤਸ਼ੀ ਨੇ ਚੰਦ੍ਰਹਾਂਸ ਨੂੰ ਦੱਸਿਆ ਕਿ ਉਸ ਦੀ ਕਿਸਮਤ 'ਚ ਚੱਕ੍ਰਵਰਤੀ ਰਾਜਾ ਬਣਨ ਦਾ ਯੋਗ ਹੈ। ਜਦੋਂ ਵਜ਼ੀਰ ਨੂੰ ਇਸ ਗੱਲ ਦਤ ਪਤਾ ਲੱਗਾ ਤਾਂ ਉਸ ਨੇ ਰਾਜ ਕੁਮਾਰ ਨੂੰ ਮਾਰਨ ਦੇ ਕਈ ਯਤਨ ਕੀਤੇ ਪਰ ਸਫਲ ਨਾ ਹੋਇਆ। ਆਖਰ ਸੋਚ ਕੇ ਚੰਦ੍ਰਹਾਂਸ ਹੱਥੀਂ ਆਪਣੇ ਪੁੱਤ੍ਰ ਮਦਨ ਨੂੰ ਚਿੱਠੀ ਭੇਜੀ ਜਿਸ ਵਿੱਚ ਜਿਸ 'ਚ ਲਿਖਿਆ ਸੀ ਕਿ ਚੰਦ੍ਰਹਾਂਸ ਨੂੰ ਵਿਸ਼ ਦੇ ਦਿਉ। ਚੰਦ੍ਰਹਾਂਸ ਮਦਨ ਦੇ ਮਹੱਲ 'ਚ ਪਹੁੰਚ ਕੇ ਚਿੱਠੀ ਦੇਣ ਤੋਂ ਪਹਿਲਾਂ ਬਾਗ ਦੇ ਇੱਕ ਬ੍ਰਿਛ ਹੇਠ ਥਕੇਵਾਂ ਉਤਾਰਨ ਲਈ ਲੇਟ ਗਿਆ। ਬਾਗ 'ਚ ਸੁੱਤੇ ਪਏ ਚੰਦ੍ਰਹਾਂਸ ਨੂੰ ਵੇਖ ਕੇ ਧ੍ਰਿਸ਼ਟਬੁੱਧੀ ਦੀ ਧੀ ਮਦਨ ਦੀ ਭੈਣ "ਵਿਸ਼ਯਾ" ਉਸ 'ਤੇ ਮੋਹਤ ਹੋ ਗਈ। ਸ਼ਨਾਖਤ ਦੇ ਲਈ ਚੰਦ੍ਰਹਾਂਸ ਦੇ ਬਸਤ੍ਰਾਂ ਦੀ ਫੋਲਾ-ਫਾਲੀ ਕਰਨ 'ਤੇ ਧ੍ਰਿਸ਼ਟਬੁੱਧੀ ਦੀ ਚਿੱਠੀ ਮਿਲੀ, ਪੜ੍ਹ ਕੇ ਵਿਸ਼ਯਾ ਕਾਫੀ ਮਾਯੂਸ ਹੋਈ। ਉਸ ਨੇ ਚਲਾਕੀ ਕਰਕੇ ਅੱਖਾਂ ਦੇ ਸੁਰਮੇ ਨਾਲ "ਵਿਸ਼" ਦਾ "ਵਿਸ਼ਯਾ" ਬਣਾ ਦਿੱਤਾ ਤੇ ਚਿੱਠੀ ਓਵੇਂ ਹੀ ਚੰਦ੍ਰਹਾਂਸ ਦੀ ਚੂਕ ਨਾਲ ਬੰਨ੍ਹ ਕੇ ਚਲੀ ਗਈ। ਜਦ ਜਾਗ ਕੇ ਚੰਦ੍ਰਹਾਂਸ ਨੇ ਚਿੱਠੀ ਮਦਨ ਤੱਕ ਪਹੁੰਚਾਈ ਤਾਂ ਮਦਨ ਨੇ ਪਿਤਾ ਦੀ ਆਗਿਆ ਪਾਲਦੇ ਆਪਣੀ ਭੈਣ "ਵਿਸ਼ਯਾ" ਦਾ ਵਿਆਹ ਚੰਦ੍ਰਹਾਂਸ ਨਾਲ ਕਰ ਦਿੱਤਾ। ਇਹ ਗੱਲ ਸੁਣ ਕੇ ਧ੍ਰਿਸ਼ਟਬੁੱਧੀ ਬਹੁਤ ਦੁਖੀ ਹੋਇਆ। ਉਸ ਨੇ ਜ਼ਲਾਦਾਂ ਨੂੰ ਹੁਕਮ ਦਿੱਤਾ ਕਿ ਉਹ ਮੰਦਰ 'ਚ ਪੂਜਾ ਲਈ ਜਾਣ ਵੇਲੇ ਚੰਦ੍ਰਹਾਂਸ ਨੂੰ ਮਾਰ ਦੇਣ ਪਰ ਚੰਦ੍ਰਹਾਂਸ ਤੋਂ ਪਹਿਲਾਂ ਓਥੇ ਮਦਨ ਪਹੁੰਚ ਗਿਆ ਜਿਸਨੂੰ ਜ਼ਲਾਦਾਂ ਨੇ ਤੁਰਤ ਮਾਰ ਦਿੱਤਾ। ਇਵੇਂ ਮਾੜੇ ਕਰਮ ਕਰਨ 'ਤੇ ਧ੍ਰਿਸ਼ਟਬੁੱਧੀ ਨੇ ਆਪਣਾ ਘਰ ਹੀ ਬਰਬਾਦ ਕਰ ਲਿਆ।(ਡਾ. ਰਤਨ ਸਿੰਘ ਜੱਗੀ)

ਕੀਤੇ ਦਾ ਫਲ ਪਾਣ ਦੀ ਇਸ ਕਥਾ ਦਾ ਹਵਾਲਾ ਦਿੰਦਿਆਂ ਗੁਰੂ ਰਾਮਦਾਸ ਨੇ ਹੋਰ ਹਵਾਲਿਆਂ ਨਾਲ ਇਸ ਘਟਨਾਂ ਦਾ ਵੀ ਵਰਨਣ ਇਉਂ ਕੀਤਾ ਹੈ-ਨਟ ਮਹਲਾ ੪॥ ਰਾਮ ਗੁਰ ਸਰਨਿ ਪ੍ਰਭੂ ਰਖਵਾਰੇ॥ ਹੇ ਭਾਈ! ਜੋ ਰਾਮ ਗੁਰੂ ਦੀ ਸ਼ਰਨ ਵਿਚ ਆਉਂਦੇ ਹਨ ਉਹਨਾਂ ਦੇ ਪ੍ਰਭੂ ਆਪ ਹੀ ਰਖਵਾਲੇ ਬਣਦੇ ਹਨ। ਜਿਉ ਕੁੰਚਰੁ ਤਦੂਐ ਪਕਰਿ ਚਲਾਇਓ ਕਰਿ ਊਪਰੁ ਕਢਿ ਨਿਸਤਾਰੇ॥੧॥ਰਹਾਉ॥ ਜਿਵੇਂ ਤੰਦੂਏ ਨੇ ਹਾਥੀ ਨੂੰ ਫੜ ਲਿਆ ਸੀ ਜੋ ਅੰਤ ਵੇਲੇ ਹਰੀ ਦਾ ਸਿਮਰਨ ਕਰਕੇ ਬਚਿਆ ਉਸ ਦਾ ਸੁੰਡ ਉਪਰ ਕਰਕੇ ਤੰਦੂਏ ਤੋਂ ਉਸ ਨੂੰ ਮੁਕਤ ਕਰਾ ਦਿੱਤਾ ਸੀ ਭਾਵ ਉਸ ਨੂੰ ਡੁੱਬਣ ਤੋਂ ਬਚਾਅ ਲਿਆ ਸੀ। ਪ੍ਰਭ ਕੇ ਸੇਵਕ ਬਹੁਤੁ ਅਤਿ ਨੀਕੇ ਮਨਿ ਸਰਧਾ ਕਰਿ ਹਰਿ ਧਾਰੇ॥ ਪਰਮੇਸ਼ਰ ਦੇ ਸੇਵਕ ਬਹੁਤ ਹੀ ਚੰਗੇ ਹਨ ਕਿਉਂਕਿ ਓਹ ਸ਼ਰਧਾ ਕਰਕੇ ਹਰੀ ਦੇ ਨਾਮ ਨੂੰ ਮਨ ਵਿਚ ਨਿਰੰਤਰ ਟਿਕਾਅ ਰਹੇ ਹਨ। ਮੇਰੇ ਪ੍ਰਭਿ ਸਰਧਾ ਭਗਤਿ ਮਨਿ ਭਾਵੈ ਜਨ ਕੀ ਪੈਜ ਸਵਾਰੇ॥੧॥ ਮੇਰੇ ਪ੍ਰਭੂ ਨੇ ਆਪ ਹੀ ਸੇਵਕ ਦੇ ਮਨ ਵਿਚ ਸ਼ਰਧਾ ਤੇ ਭਗਤੀ ਪਾਈ ਹੈ ਜੋ ਪ੍ਰਭੂ ਨੂੰ ਚੰਗੀ ਲਗਦੀ ਅਤੇ ਪ੍ਰਭੂ ਆਪ ਹੀ ਆਪਣੇ ਸੇਵਕ ਦੀ ਪੈਜ ਸਵਾਰਦਾ ਹੈ। ਹਰਿ ਹਰਿ ਸੇਵਕੁ ਸੇਵਾ ਲਾਗੈ ਸਭੁ ਦੇਖੈ ਬ੍ਰਹਮ ਪਸਾਰੇ॥ ਜਿਹੜਾ ਪ੍ਰਭੂ ਦਾ ਸੇਵਕ ਹੈ ਉਹ ਪ੍ਰਭੂ ਦੀ ਸੇਵਾ ਵਿਚ ਜੁੱਟਦੈ ਸਭ ਥਾਵਾਂ ਦੇ ਬ੍ਰਹਮ ਦਾ ਹੀ ਪਸਾਰਾ ਵੇਖਦਾ ਹੈ। ਏਕੁ ਪੁਰਖੁ ਇਕੁ ਨਦਰੀ ਆਵੈ ਸਭ ਏਕਾ ਨਦਰਿ ਨਿਹਾਰੇ॥੨॥ ਜੋ ਇਕ ਕਰਤਾ ਪੁਰਖ ਹੈ ਉਹ ਆਪਣੇ ਸੇਵਕ ਨੂੰ ਹਰ ਇਕ ਰੂਪ ਵਿਚ ਭਰਪੂਰ ਦਿਸਦੈ ਉਹ ਸਭ ਜੀਆਂ ਨੂੰ ਇਕ ਮਿਹਰ ਦੀ ਨਜ਼ਰ ਨਾਲ ਵੇਖ ਰਿਹਾ ਹੈ। ਹਰਿ ਪ੍ਰਭੁ ਠਾਕੁਰੁ ਰਵਿਆ ਸਭ ਠਾਈ ਸਭੁ ਚੇਰੀ ਜਗਤੁ ਸਮਾਰੇ॥ ਉਹ ਹਰੀ ਪ੍ਰਭੂ ਜੋ ਸਭ ਦਾ ਮਾਲਕ ਹੈ ਸਭ ਥਾਵਾਂ ਤੇ ਵਿਆਪਕ ਹੁੰਦਾ ਸਾਰੇ ਜਗਤ ਨੂੰ ਦਾਸੀ ਦੇ ਸਮਾਨ ਸੰਭਾਲ ਰਿਹਾ ਹੈ। ਆਪਿ ਦਇਆਲੁ ਦਇਆ ਦਾਨੁ ਦੇਵੈ ਵਿਚਿ ਪਾਥਰ ਕੀਰੇ ਕਾਰੇ॥੩॥ ਪ੍ਰਭੂ ਆਪ ਦਇਆ ਦਾ ਘਰ ਅਤੇ ਸਭ ਨੂੰ ਦਾਨ ਦਿੰਦੈ ਇਥੋਂ ਤੱਕ ਕਿ ਜਿਹੜੇ ਪਥਰਾਂ ਪਹਾੜਾਂ ਵਿਚ ਕੀੜੇ ਕਾੜੇ ਪੈਦਾ ਕੀਤੇ ਉਨ੍ਹਾਂ ਨੂੰ ਰਿਜ਼ਕ ਪਹੁੰਚਾਂਦਾ ਹੈ। ਅੰਤਰਿ ਵਾਸੁ ਬਹੁਤੁ ਮੁਸਕਾਈ ਭ੍ਰਮਿ ਭੂਲਾ ਮਿਰਗੁ ਸਿੰਙ੍ਹਾਰੇ॥ ਹਿਰਨ ਦੀ ਨਾਭੀ ਵਿਚ ਕਸਤੂਰੀ ਦੀ ਬਹੁਤ ਸੁਗੰਧੀ ਮੌਜੂਦ ਹੁੰਦੀ ਹੈ ਪਰ ਉਹ ਫਿਰ ਵੀ ਭਰਮ ਵਿਚ ਭੁੱਲਾ ਹੋਇਆ ਸੁਗੰਧੀ ਭਾਲਣ ਲਈ ਝਾੜੀਆਂ ਵਿਚ ਸਿੰਙ੍ਹ ਮਾਰਦਾ ਫਿਰਦਾ ਹੈ। ਬਨੁ ਬਨੁ ਢੂਢਿ ਢੂਢਿ ਫਿਰਿ ਥਾਕੀ ਗੁਰਿ ਪੂਰੈ ਘਰਿ ਨਿਸਤਾਰੇ॥੪॥ ਇਸੇ ਤਰ੍ਹਾਂ ਜੀਵ-ਇਸਤ੍ਰੀ, ਹਿਰਦੇ ਵਿਚ ਜੋ ਪ੍ਰਭੂ ਵਸਦੈ ਉਸ ਨੂੰ ਛੱਡ ਕੇ ਜੰਗਲ ਜੰਗਲ ਢੂੰਡ ਫਿਰ ਫਿਰ ਕੇ ਥੱਕ ਗਈ ਆਖਰ ਪੂਰੇ ਗੁਰੂ ਨੇ ਘਰ ਵਿਚ ਹੀ ਪ੍ਰਭੂ ਦਿਖਾ ਕੇ ਉਸਨੂੰ ਸੰਸਾਰ ਸਾਗਰ ਤੋਂ ਤਾਰ ਦਿੱਤਾ। ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਸਤਿਗੁਰੂ ਦੀ ਬਾਣੀ ਗੁਰੂ ਅਤੇ ਗੁਰੂ ਜੋਤਿ ਬਾਣੀ ਵਿਚ ਵਿਦਮਾਨ ਹੈ। ਇਸ ਬਾਣੀ ਵਿਚ ਸਾਰੇ ਪਾਸੇ ਅੰਮ੍ਰਿਤ ਹੀ ਅੰਮ੍ਰਿਤ ਪਸਰਿਆ ਹੋਇਆ ਹੈ। ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥੫॥

ਗੁਰੂ ਜੋ ਬਾਣੀ ਦੁਆਰਾ ਆਖਦੈ ਉਸ ਨੂੰ ਜੋ ਸੇਵਕ ਜਨ ਮਨ ਬਚਨ, ਕਰਮ ਕਰਕੇ ਮੰਨਦੈ ਉਸ ਨੂੰ ਗੁਰੂ ਸੰਸਾਰ ਸਾਗਰ ਤੋਂ ਤਾਰ ਲੈਂਦਾ ਹੈ। ਸਭੁ ਹੈ ਬ੍ਰਹਮੁ ਬ੍ਰਹਮੁ ਹੈ ਪਸਰਿਆ ਮਨਿ ਬੀਜਿਆ ਖਾਵਾਰੇ॥ ਹੇ ਭਾਈ! ਸਭ ਥਾਵਾਂ ਤੇ ਬ੍ਰਹਮ ਮੌਜੂਦ ਹੈ ਅਤੇ ਸਭ ਪਾਸੇ ਬ੍ਰਹਮ ਹੀ ਫੈਲਿਆ ਹੋਇਆ ਹੈ। ਜੀਵ ਆਪਣੇ ਮਨ ਵਿਚ ਆਪਣੇ ਕਰਮਾਂ ਦਾ ਬੀਜਿਆ ਫਲ ਹੀ ਖਾਂਦਾ ਹੈ। ਜਿਉ ਜਨ ਚੰਦ੍ਰਹਾਂਸੁ ਦੁਖਿਆ ਧ੍ਰਿਸਟਬੁਧੀ ਅਪੁਨਾ ਘਰੁ ਲੂਕੀ ਜਾਰੇ॥੬॥ ਜਿਵੇਂ ਧ੍ਰਿਸ਼ਟ ਬੁਧੀ ਤੋਂ ਚੰਦ੍ਰਹਾਂਸ ਯਤੀਮ ਰਾਜ ਕੁਮਾਰ ਦੁਖੀ ਹੋਇਆ ਪਰ ਭੁਲੇਖੇ ਵਿਚ ਧ੍ਰਿਸ਼ਟਬੁਧੀ ਦਾ ਆਪਣਾ ਪੁਤਰ ਮਦਨ ਸਿੰਘ ਮਾਰਿਆ ਗਿਆ ਅਤੇ ਚੰਦ੍ਰਹਾਂਸ ਨੂੰ ਰਾਜ ਪ੍ਰਾਪਤ ਹੋਇਆ। ਸੋ ਇਸ ਤਰ੍ਹਾਂ ਧ੍ਰਿਸ਼ਟਬੁਧੀ ਆਪਣਾ ਘਰ ਹੀ ਅੱਗ ਦੀ ਚੁਆਤੀ ਲਾ ਕੇ ਸਾੜ ਬੈਠਾ। ਪ੍ਰਭ ਕਉ ਜਨੁ ਅੰਤਰਿ ਰਿਦ ਲੋਚੈ ਪ੍ਰਭ ਜਨ ਕੇ ਸਾਸ ਨਿਹਾਰੇ॥ ਪ੍ਰਭੂ ਦਾ ਭਗਤ ਜਨ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵੇਖਣ ਲਈ ਲੋਚਦਾ ਰਹਿੰਦੈ ਪ੍ਰਭੂ ਆਪਣੇ ਸੇਵਕ ਦੇ ਸੁਆਸ ਵੇਖਦੈ ਭਾਵ ਉਸ ਦੀ ਰਖਿਆ ਕਰਦਾ ਹੈ। ਕ੍ਰਿਪਾ ਕ੍ਰਿਪਾ ਕਰਿ ਭਗਤਿ ਦ੍ਰਿੜਾਏ ਜਨ ਪੀਛੈ ਜਗੁ ਨਿਸਤਾਰੇ॥੭॥ ਪੂਰੀ ਕਿਰਪਾ ਕਰਕੇ ਆਪਣੇ ਸੇਵਕ ਨੂੰ ਭਗਤੀ ਦ੍ਰਿੜਾਉਂਦੈ ਆਪਣੇ ਜਨ ਦੇ ਪਿਛੇ ਮਾਨੋ ਸਾਰੇ ਜਗਤ ਨੂੰ ਤਾਰ ਦੇਂਦਾ ਹੈ। ਆਪਨ ਆਪਿ ਆਪਿ ਪ੍ਰਭੁ ਠਾਕੁਰੁ ਪ੍ਰਭੁ ਆਪੇ ਸ੍ਰਿਸਟਿ ਸਵਾਰੇ॥ ਹੇ ਭਾਈ! ਮਾਲਕ ਪ੍ਰਭੂ ਆਪ ਹੀ ਆਪ ਹੈ, ਆਪ ਹੀ ਸ੍ਰਿਸ਼ਟੀ ਨੂੰ ਸਵਾਰਦਾ ਸੋਹਣਾ ਬਣਾਉਂਦਾ ਹੈ। ਜਨ ਨਾਨਕ ਆਪੇ ਆਪਿ ਸਭੁ ਵਰਤੈ ਕਰਿ ਕ੍ਰਿਪਾ ਆਪਿ ਨਿਸਤਾਰੇ॥੮॥੪॥ ਦਾਸ ਨਾਨਕ ਆਖਦੈ ਕਿ ਸਭ ਥਾਵਾਂ ਤੇ ਪ੍ਰਭੂ ਆਪ ਹੀ ਵਰਤਦਾ ਅਤੇ ਕ੍ਰਿਪਾ ਕਰਕੇ ਆਪ ਹੀ ਸਭ ਸ੍ਰਿਸ਼ਟੀ ਨੂੰ ਤਾਰ ਲੈਂਦਾ ਹੈ।

# ਕਿਸਾਨ ਅੰਦੋਲਨ ਤੇ ਬਾਬੇ ਨਾਨਕ ਦੇ ਕਿਸਾਨਾਂ ਬਾਰੇ ਉੱਤਮ ਵਿਚਾਰ

ਕਿਸਾਨ ਅੰਨ ਦਾਤਾ ਤੇ ਸੱਚੀ ਸੁੱਚੀ ਕਿਰਤ ਕਰਕੇ ਆਪਣੇ ਨਾਲ ਬਾਕੀ ਮਨੁੱਖਤਾ ਦਾ ਵੀ ਪੇਟ ਪਾਲਦਾ ਹੈ। ਧਰਮ ਤੇ ਦੇਸ਼ ਦੀ ਖਾਤਰ ਵੀ ਮੂਹਰੇ ਹੋ ਕੇ ਲੜਦਾ ਹੈ। ਕਿਸਾਨ ਭੇਖਾਰੀ ਨਹੀ ਕਿਰਤੀ ਹੈ। ਜਦ ਦਾ ਭਾਰਤ ਦੇਸ਼ ਅਜ਼ਾਦ ਹੋਇਆ ਓਦੋਂ ਤੋਂ ਹੀ ਧਾਰਮਿਕ ਤੇ ਰਾਜਨੀਤਕ ਲੀਡਰਾਂ ਤੇ ਸਰਕਾਰਾਂ ਨੇ ਇਸ ਨੂੰ ਖੂਬ ਲੁੱਟਿਆ, ਇਸ ਨਾਲ ਬਾਕੀ ਵਰਗਾਂ ਵਾਲਾ ਇਨਸਾਫ ਨਹੀਂ ਕੀਤਾ ਗਿਆ। ਸਰਕਾਰੀ ਲੀਡਰਾਂ ਤੇ ਮੁਲਾਜ਼ਮਾਂ ਦੀਆਂ ਚੰਗੀਆਂ ਤਨਖਾਹਾਂ ਤੇ ਵੱਡੀਆਂ ਪੈਨਸ਼ਨਾਂ ਲੱਗ ਜਾਂਦੀਆਂ ਨੇ ਪਰ ਕਿਸਾਨ ਦੀ ਮਾਰੀ ਗਈ ਫਸਲ ਤੇ ਵੀ ਮਦਦ ਨਹੀਂ ਮਿਲਦੀ। ਪਹਿਲੇ ਕਿਸਾਨ ਬਹੁਤਾ ਪੜ੍ਹਿਆ ਲਿਖਿਆ ਨਾ ਹੋਣ ਕਰਕੇ ਛੋਟੇ ਮੋਟੇ ਐਜੀਟੇਸ਼ਨਾਂ 'ਚ ਉਝਿਆ ਰਿਹਾ। ਹੁਣ ਜਦ ਅਜ਼ਾਦੀ ਦੇ ੭੦ ਸਾਲਾਂ ਬਾਅਦ ਵੀ ਮਜੂਦਾ ਸਰਕਾਰ ਕਿਸਾਨ ਮਾਰੂ ਨੀਤੀ ਵਰਤ ਰਹੀ ਹੈ ਤਾਂ ਇਸ ਨੇ ਆਖਰ ਆਪਣੇ ਹੱਕਾਂ ਲਈ ਵੱਡਾ ਸ਼ੰਘਰਸ਼ ਅੰਦੋਲਨ ਵਿਢਿਆ ਹੈ।ਇਹ ਅੰਦੋਲਨ ਕਿਸਾਨ ਭੈਣ ਭਰਾਵਾਂ ਦੀਆਂ ਜਥੇਬੰਦੀਆਂ ਨੇ ਸ਼ੁਰੂ ਕੀਤਾ ਨਾ ਕਿ ਕੁਝ ਸੁੱਖਾ ਪੀਣੇ ਨਸ਼ੇੜੀ ਨਿਹੰਗਾਂ, ਭੇਖੀ ਡੇਰੇਦਾਰਾਂ ਤੇ ਮਕਾਰ ਰਾਜਨੀਤਕ ਲੀਡਰਾਂ ਨੇ ਜੋ ਧੱਕੇ ਨਾਲ ਗਰੀਬ ਕਿਸਾਨਾਂ ਦੀਆਂ ਫਸਲਾਂ ਵੀ ਉਜਾੜ ਦਿੰਦੇ ਸਨ। ਇੰਨਾਂ ਵਿਹਲੜਾਂ ਦੀ ਕੋਈ ਕੁਰਬਾਨੀ ਨਹੀਂ ਇੰਨਾਂ ਤੋਂ ਦੂਰੀ ਹੀ ਠੀਕ ਹੈ। ਏਨਾ ਨੇ ਹੀ ਭਾਰਤ ਸਰਕਾਰ ਵੱਲੋਂ ਢਾਹੇ ਗਏ ਅਕਾਲ ਤਖਤ ਦੀ ਬਿਲਡਿੰਗ ਸਰਕਾਰੀ ਸ਼ਹਿ ਤੇ ਫਿਰ ਖੜੀ ਕੀਤੀ ਤੇ ਪੰਥਕ ਜਥੇਬੰਦੀਆਂ ਨੇ ਪ੍ਰਵਾਨ ਨਾਂ ਕਰਦੇ ਢਾਹ ਦਿੱਤੀ। ਇਹ ਨਾਂ ਤਾਂ ਕੇਵਲ "ਸ਼ਬਦ ਗੁਰੂ ਗ੍ਰੰਥ" ਨੂੰ ਸਮਰਪਤ ਨੇ ਤੇ ਨਾ ਹੀ ਅਕਾਲ ਤਖਤ ਦੇ ਸਿਧਾਂਤ ਨੂੰ। ਕਿਸਾਨਾਂ ਨੂੰ ਅਜਿਹੇ ਹੋਰ ਵੀ ਮੰਗ ਖਾਣੇ ਵਿਹਲੜਾਂ ਤੇ ਮੌਕਾ ਪ੍ਰਸਤ ਰਾਜਨੀਤਕ ਲੀਡਰਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ, ਇਹ ਸਰਕਾਰੀ ਪਿਛਲੱਗੂ ਨੇ!

ਹੁਣ ਤੱਕ ਜੇ ਏਡਾ ਵੱਡਾ ਕਿਸਾਨ ਅੰਦੋਲਨ ਚੜ੍ਹਦੀ ਕਲਾ 'ਚ ਚੱਲ ਰਿਹੈ ਤਾਂ ਕਿਸਾਨਾਂ ਦੇ ਦੂਰਅੰਦੇਸ਼ ਲੀਡਰਾਂ ਕਰਕੇ ਹੈ। ਇਸ ਅੰਦੋਲਨ ਨੂੰ ਧਾਰਮਿਕ ਤੇ ਰਾਜਨੀਤਕ ਰੰਗਤ ਨਾਂ ਦਿੱਤੀ ਜਾਵੇ। ਧਰਮ ਤੇ ਰਾਜਨੀਤੀ ਵਾਲਿਆਂ ਨੇ ਪਹਿਲੇ ਹੀ ਮਨੁੱਖਤਾ ਦਾ ਬੜਾ ਘਾਣ ਕੀਤਾ ਤੇ ਖੂਨ ਪੀਤਾ ਹੈ। ਬਾਬੇ ਨਾਨਕ ਨੇ ਵੀ ਕਿਰਸਾਨੀ ਕੀਤੀ ਅਤੇ ਕਿਰਸਾਨੀ ਬਾਰੇ ਫੁਰਮਾਇਆ ਵੀ ਕਿ-ਸੋਰਠਿ ਮਹਲਾ ੧ ਘਰੁ ੧ ॥ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥੧॥ਬਾਬਾ ਮਾਇਆ ਸਾਥਿ ਨ ਹੋਇ ॥ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ ॥ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥੨॥ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥੩॥ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ ॥ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥੪॥੨॥ (ਮ:੧-੫੯੬) ਭਾਵ ਕਿਰਸਾਨ ਦਾ ਕਿਰਦਾਰ ਤੇ ਕਿਰਤ ਬਹੁਤ ਉੱਚੀ-ਸੁੱਚੀ ਹੈ। ਤਾਂ ਹੀ ਕਿਹਾ ਜਾਂਦਾ ਸੀ ਕਿ ਉਤਮ ਖੇਤੀ ਮਧਮ ਵਾਪਾਰ। ਨਖਿਧ ਚਾਕਰੀ ਭੀਖ ਗਾਵਾਰ।

**– ਅਵਤਾਰ ਸਿੰਘ ਮਿਸ਼ਨਰੀ**

# ਕੇਂਦਰ ਸਰਕਾਰ ਕਿਸਾਨਾਂ ਨਾਲ ਗੱਲਬਾਤ ਜਾਰੀ ਰੱਖਣ ਲਈ ਤਿਆਰ- ਤੋਮਰ

**ਨਵੀਂ ਦਿੱਲੀ–** ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਸਰਕਾਰ ਤੇ ਕਿਸਾਨ ਜਥੇਬੰਦੀਆਂ ਵਿਚਾਲੇ ਬਣੇ ਜਮੂਦ ਦੌਰਾਨ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ ਕਿ ਦੇਸ਼ ਦੇ ਵੱਖ ਵੱਖ ਰਾਜਾਂ ਵਿੱਚ ਖੇਤੀ ਕਾਨੂੰਨਾਂ ਦਾ ਖਿੜੇ ਮੱਥੇ ਸਵਾਗਤ ਕੀਤਾ ਗਿਆ ਹੈ, ਪਰ ਸਰਕਾਰ ਇਸ ਮੁੱਦੇ ਦਾ ਖੁੱਲ੍ਹੇ ਮਨ ਨਾਲ ਹੱਲ ਕੱਢਣ ਦੇ ਇਰਾਦੇ ਨਾਲ 'ਅਸਲ ਕਿਸਾਨ ਯੂਨੀਅਨਾਂ' ਨਾਲ ਗੱਲਬਾਤ ਜਾਰੀ ਰੱਖਣ ਲਈ ਸਹਿਮਤ ਹੈ।

ਕੇਂਦਰੀ ਮੰਤਰੀ ਨੇ ਕਿਹਾ ਕਿ ਜਿਣਸਾਂ ਦੀ ਖਰੀਦ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ), ਜਿਸ ਲਈ ਸਰਕਾਰ ਵਚਨਬੱਧ ਹੈ, ਪ੍ਰਸ਼ਾਸਨਿਕ ਫੈਸਲਾ ਹੈ ਤੇ 'ਇਹ ਪਹਿਲਾਂ ਵਾਂਗ ਜਾਰੀ ਰਹੇਗਾ।'

ਤੋਮਰ ਨੇ ਇਹ ਟਿੱਪਣੀਆਂ ਉੱਤਰ ਪ੍ਰਦੇਸ਼ ਨਾਲ ਸਬੰਧਤ ਭਾਰਤੀ ਕਿਸਾਨ ਯੂਨੀਅਨ (ਕਿਸਾਨ) ਦੇ ਮੈਂਬਰਾਂ ਨਾਲ ਮੀਟਿੰਗ ਉਪਰੰਤ ਕੀਤੀਆਂ। ਉਨ੍ਹਾਂ ਕਿਹਾ ਕਿ ਬੀਕੇਯੂ (ਕਿਸਾਨ) ਨੇ ਖੇਤੀ ਕਾਨੂੰਨਾਂ ਤੇ ਐੱਮਐੱਸਪੀ ਬਾਰੇ ਸੁਝਾਅ ਦੇਣ ਮਗਰੋਂ ਆਪਣਾ ਪ੍ਰਦਰਸ਼ਨ ਖ਼ਤਮ ਕਰ ਦਿੱਤਾ ਹੈ।

ਉਂਜ ਜਥੇਬੰਦੀ ਦੇ ਪ੍ਰਧਾਨ ਪਵਨ ਠਾਕੁਰ ਨੇ ਕਿਹਾ ਕਿ ਜੇ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਹੋਈਆਂ ਤਾ ਉਹ ਮੁੜ ਪ੍ਰਦਰਸ਼ਨ ਕਰਨਗੇ। ਜਥੇਬੰਦੀ ਨੇ ਤੋਮਰ ਨੂੰ ਝਗੜੇ ਦੀ ਸਥਿਤੀ 'ਚ ਸਿਵਲ ਕੋਰਟ ਤਕ ਰਸਾਈ ਦਾ ਵਿਕਲਪ ਦੇਣ ਸਮੇਤ ਕੁਝ ਹੋਰ ਸੁਝਾਅ ਦਿੱਤੇ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਵਾਸ਼ਿੰਗਟਨ ਡੀਸੀ ਵਿੱਚ ਟਰੰਪ ਦੇ ਸਮਰੱਥਕਾਂ ਦੀ ਰੈਲੀ



**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਰਾਸ਼ਟਰਪਤੀ ਟਰੰਪ ਦੇ ਸਮਰੱਥਕਾਂ ਦੁਆਰਾ ਉਸਦੇ ਹੱਕ ਵਿੱਚ ਕੀਤੀ ਗਈ ਰੈਲੀ ਤੋਂ ਬਾਅਦ ਵਾਸ਼ਿੰਗਟਨ ਵਿੱਚ ਹੋਈਆਂ ਝੜਪਾਂ ਦੌਰਾਨ ਕਈ ਲੋਕ ਜਖਮੀ ਹੋਏ ਹਨ।ਅਧਿਕਾਰੀਆਂ ਦੀ ਦਿੱਤੀ ਜਾਣਕਾਰੀ ਅਨੁਸਾਰ ਵਾਸ਼ਿੰਗਟਨ ਡੀ.ਸੀ. ਵਿੱਚ ਹਿੰਸਾ ਦੀ ਇਸ ਰਾਤ ਅੱਠ ਪੁਲਿਸ ਅਧਿਕਾਰੀ ਵੀ ਜਖਮੀ ਹੋਏ ਅਤੇ ਚਾਰ ਲੋਕਾਂ ਨੂੰ ਬਲੈਕ ਲਿਵਜ਼ ਮੈਟਰ ਪਲਾਜ਼ਾ ਦੇ ਨੇੜੇ ਚਾਕੂ ਵੀ ਮਾਰਿਆ ਗਿਆ। ਡੀ.ਸੀ ਮੈਟਰੋਪੋਲੀਟਨ ਪੁਲਿਸ ਅਨੁਸਾਰ ਇਸ ਹਿੰਸਾ ਦੇ ਸੰਬੰਧ ਵਿੱਚ ਐਤਵਾਰ ਨੂੰ 33 ਗ੍ਰਿਫਤਾਰੀਆਂ ਵੀ ਕੀਤੀਆਂ ਗਈਆਂ ਹਨ। ਰਾਸ਼ਟਰਪਤੀ ਟਰੰਪ ਨੂੰ ਚੋਣਾਂ ਵਿੱਚ ਮਿਲੀ ਹਾਰ ਤੋਂ ਬਾਅਦ ਉਹਨਾਂ ਦੁਆਰਾ ਚੋਣ ਨਤੀਜਿਆਂ ਨੂੰ ਗਲਤ ਸਾਬਿਤ ਕਰਨ ਲਈ ਚਲਾਈ ਗਈ ਮੁਹਿੰਮ ਦੀ ਹਮਾਇਤ ਕਰਨ ਲਈ ਸ਼ਨੀਵਾਰ ਨੂੰ ਟਰੰਪ ਪੱਖੀ ਰੈਲੀਆਂ ਤੋਂ ਬਾਅਦ ਇਹ ਹਿੰਸਾ ਹੋਈ ਹੈ। ਇਸ ਦੌਰਾਨ ਟਰੰਪ ਦੇ ਸਮਰਥਕ ਅਤੇ ਵਿਰੋਧੀ ਪ੍ਰਦਰਸ਼ਨਕਾਰੀ ਫ੍ਰੀਡਮ ਪਲਾਜ਼ਾ ਅਤੇ ਬਲੈਕ ਲਿਵਜ਼ ਮੈਟਰ ਪਲਾਜ਼ਾ ਦੇ ਖੇਤਰ ਵਿੱਚ ਸਨ ਪਰ ਇਹ ਅਸਪਸ਼ਟ ਹੈ ਕਿ ਕਿਹੜੇ ਸਮੂਹ ਲੜ ਰਹੇ ਸਨ। ਪਰ ਰਾਤ ਨੂੰ ਹੋਈਆਂ ਝੜਪਾਂ ਵਿੱਚ ਪੁਲਿਸ ਅਨੁਸਾਰ ਵਾਸ਼ਿੰਗਟਨ ਡੀ.ਸੀ. ਦੇ ਉੱਤਰ ਪੱਛਮ ਵਿੱਚ ਅਤੇ ਬਲੈਕ ਲਾਈਵਜ਼ ਮੈਟਰ ਪਲਾਜ਼ਾ ਦੇ ਨਜ਼ਦੀਕ 9 ਵਜੇ ਦੇ ਕਰੀਬ ਛੁਰੇਮਾਰੀ ਦੀ ਘਟਨਾ ਵਾਪਰੀ ਜੋ ਕਿ ਇੱਕ ਬਹਿਸ ਤੋਂ ਬਾਅਦ ਹੋਈ ਸੀ।ਇਸ ਛੁਰੇਮਾਰੀ ਵਿੱਚ ਜਖਮੀ ਹੋਏ ਪੀੜਤਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਅਤੇ 29 ਸਾਲਾ ਫਿਲਿਪ ਜਾਨਸਨ ਨੂੰ ਜਾਨਲੇਵਾ ਹਥਿਆਰ ਨਾਲ ਹਮਲਾ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ।


ਇਸ ਦੌਰਾਨ ਵਾਸ਼ਿੰਗਟਨ ਡੀ.ਸੀ ਈ ਐਮ ਐਸ ਦੇ ਅਨੁਸਾਰ, ਘੱਟੋ ਘੱਟ ਨੌਂ ਜਖਮੀ ਲੋਕਾਂ ਨੂੰ ਖੇਤਰ ਦੇ ਹਸਪਤਾਲਾਂ ਵਿੱਚ ਲਿਜਾਇਆ ਗਿਆ ਜਿਹਨਾਂ ਵਿੱਚ ਦੋ ਅਧਿਕਾਰੀ ਵੀ ਸ਼ਾਮਲ ਹਨ।

## ਅਮਰੀਕੀ ਏਜੰਸੀਆਂ ਕਰ ਰਹੀਆਂ ਹਨ ਸਰਕਾਰੀ ਨੈਟਵਰਕਿੰਗ ਹੈਕਿੰਗ ਦੀ ਜਾਂਚ




**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਅਮਰੀਕਾ ਦੀਆਂ ਜਾਂਚ ਏਜੰਸੀਆਂ ,ਦੇਸ਼ ਦੇ ਕੁੱਝ ਵਿਭਾਗਾਂ ਵਿੱਚ ਹੋਏ ਸਾਈਬਰ ਹਮਲੇ ਦੇ ਸੰਬੰਧ ਵਿੱਚ ਜਾਂਚ ਕਰ ਰਹੀਆਂ ਹਨ। ਯੂ.ਐਸ ਦੇ ਵਣਜ ਵਿਭਾਗ ਨੇ ਐਤਵਾਰ ਨੂੰ ਦੱਸਿਆ ਕਿ ਉਹ ਇੱਕ ਸਾਈਬਰ ਹਮਲੇ ਵਿੱਚ ਅੰਕੜਿਆਂ ਦੀ ਉਲੰਘਣਾ ਦਾ ਸ਼ਿਕਾਰ ਹੋਇਆ ਹੈ ਅਤੇ ਇਹ ਹਮਲਾ ਰੂਸ ਨਾਲ ਜੁੜਿਆ ਹੋਇਆ ਮੰਨਿਆ ਜਾ ਰਿਹਾ ਹੈ। ਵਣਜ ਵਿਭਾਗ ਦੇ ਬਿਆਨ ਅਨੁਸਾਰ ਉਹਨਾਂ ਨੇ ਇਸ ਸੰਬੰਧੀ ਸੀ ਆਈ ਐਸ ਏ ਅਤੇ ਐਫ ਬੀ ਆਈ ਨੂੰ ਜਾਂਚ ਕਰਨ ਲਈ ਕਿਹਾ ਹੈ, ਜਦਕਿ ਵਿਭਾਗ ਨੇ ਕੋਈ ਹੋਰ ਟਿੱਪਣੀ ਕਰਨ ਤੋਂ ਇਨਕਾਰ ਕੀਤਾ ਹੈ।ਇਸਦੇ ਇਲਾਵਾ ਹੋਮਲੈਂਡ ਸਕਿਓਰਿਟੀ ਦੀ ਸਾਈਬਰ ਸਕਿਓਰਿਟੀ ਅਤੇ ਬੁਨਿਆਦੀ ਢਾਂਚੇ ਦੀ ਸੁਰੱਖਿਆ ਏਜੰਸੀ ਦੇ ਵਿਭਾਗ ਨੇ ਵੀ ਡਾਟੇ ਦੇ ਵਿਸ਼ੇ ਵਿੱਚ ਛੇੜਛਾੜ ਦੀ ਪੁਸ਼ਟੀ ਕੀਤੀ ਹੈ।ਇਸ ਸਾਈਬਰ ਮਾਮਲੇ ਵਿੱਚ ਸੀ ਆਈ ਐਸ ਏ ਪ੍ਰਭਾਵਿਤ ਸੰਸਥਾਵਾਂ ਨੂੰ ਤਕਨੀਕੀ ਸਹਾਇਤਾ ਪ੍ਰਦਾਨ ਕਰ ਰਿਹਾ ਹੈ।ਇਹਨਾਂ ਸਾਈਬਰ ਹਮਲਿਆਂ ਦੇ ਮਾਮਲੇ ਵਿੱਚ ਪਿਛਲੇ ਹਫਤੇ, ਰਾਸ਼ਟਰੀ ਸੁਰੱਖਿਆ ਏਜੰਸੀ ਨੇ ਇੱਕ ਸਲਾਹਕਾਰੀ ਚਿਤਾਵਨੀ ਪ੍ਰਕਾਸ਼ਤ ਕੀਤੀ ਸੀ ਕਿ ਰੂਸੀ ਅਨਸਰ ,ਦੇਸ਼ ਦੀਆਂ ਸੁਰੱਖਿਅਤ ਪ੍ਰਣਾਲੀਆਂ ਦੇ ਅੰਕੜਿਆਂ ਤੱਕ ਪਹੁੰਚ ਕਰ ਰਹੇ ਹਨ ਅਤੇ ਇਸ ਚਿਤਾਵਨੀ ਰਾਹੀਂ ਰੱਖਿਆ ਵਿਭਾਗ ਦੇ ਵੱਖ-ਵੱਖ ਸਰਕਾਰੀ ਨੈਟਵਰਕਾਂ ਨੂੰ ਤੁਰੰਤ ਸੁਰੱਖਿਅਤ ਕਰਨ ਦੀ ਮੰਗ ਕੀਤੀ ਸੀ।

# ਸਿਆਟਲ ਸਿਟੀ ਕੌਂਸਲ ਵੱਲੋਂ ਭਾਰਤ ਸਰਕਾਰ ਨੂੰ ਤਿੰਨੇ ਬਿਲ ਰੱਦ ਕਰਨ ਲਈ ਮਤਾ ਪਾਸ





**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਸਿਆਟਲ ਸਿਟੀ ਕੌਂਸਲ ਮੈਂਬਰਾਂ ਨੇ ਮੀਟਿੰਗ ਕਰਕੇ ਭਾਰਤ ਦੇ ਕਿਸਾਨਾਂ ਦੇ ਹੱਕ ਵਿਚ ਤਿੰਨੇ ਕਿਸਾਨ ਵਿਰੋਧੀ ਬਿਲ ਰੱਦ ਕਰਵਾਉਣ ਲਈ ਮਤਾ ਪਾਸ ਕੀਤਾ, ਜਿਸ ਦੀ ਸਿਆਟਲ ਦੇ ਪੰਜਾਬੀ ਭਾਈਚਾਰੇ ਦੇ ਕਿਸਾਨਾਂ ਵੱਲੋਂ ਸ਼ਲਾਘਾ ਕੀਤੀ ਗਈ ਹੈ। ਕੈਂਟ ਕੌਂਸਲ ਮੈਂਬਰ ਬੀਬੀ ਸਤਵਿੰਦਰ ਕੌਰ ਤੇ ਹੀਰਾ ਸਿੰਘ ਭੁੱਲਰ ਨੇ ਦੱਸਿਆ ਕਿ ਅਮਰੀਕਾ ਵਿਚ ਸਭ ਤੋਂ ਪਹਿਲਾਂ ਸਿਆਟਲ ਸਿਟੀ ਕੌਂਸਲ ਮੈਂਬਰਾਂ ਵੱਲੋਂ ਕਿਸਾਨਾਂ ਦੇ ਹੱਕ 'ਚ ਮਤਾ ਪਾਸ ਕਰਕੇ ਭਾਰਤ ਸਰਕਾਰ ਨੂੰ ਪੱਤਰ ਭੇਜਿਆ ਹੈ। ਬੀਬੀ ਸਤਵਿੰਦਰ ਕੌਰ ਦੇ ਉਪਰਾਲੇ ਨਾਲ ਕੈਂਟ ਸਿਟੀ ਕੌਂਸਲ ਮੈਂਬਰਾਂ ਵੱਲੋਂ ਵੀ ਹਮਾਇਤ ਕੀਤੀ ਜਾ ਰਹੀ ਹੈ, ਜਿਹਨਾਂ ਨੇ ਕਿੰਗ ਕਾਉਂਟੀ ਵਿਚ ਵੀ ਕਿਸਾਨਾਂ ਦਾ ਮਸਲਾ ਵਿਚਾਰ ਅਧੀਨ ਰੱਖਿਆ ਹੈ ਅਤੇ ਕਿਸਾਨਾਂ ਦੀ ਹਮਾਇਤ ਕਰਨ ਦੀ ਸਿਫਾਰਸ਼ ਕੀਤੀ। ਸਿਆਟਲ ਦੇ ਪੰਜਾਬੀ ਭਾਈਚਾਰੇ ਵੱਲੋਂ ਵਾਸ਼ਿੰਗਟਨ ਦੇ ਵੱਖ-ਵੱਖ ਸ਼ਹਿਰਾਂ ਵੱਲੋ ਮਤਾ ਪਸ ਕਰਕੇ ਭਾਰਤ ਸਰਕਾਰ ਤੇ ਦਬਾਅ ਪਾਇਆ ਜਾ ਰਿਹਾ ਹੈ ਤਾਂ ਜੋ ਦੇਸ਼ ਦੇ ਅੰਨਦਾਤਾ ਕਿਸਾਨ ਦੀ ਮੰਗ ਮੰਨੀ ਜਾ ਸਕੇ।


Law Office of

NIRWAN & ASSOCIATES



www.nirwanlaw.com

Business Incorporation

Articles of Incorp

Dissolution

501 © Non-Profit

Jagdip S. Nirwan, Esq

916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S

Auto Repair & Services

Specializing in Brakes & Axles

Mon-Fri 9:00 AM to 6:00 PM Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics





Ph: 916-238-4431


649 W. Elkhorn Blvd. Suite B2

Rio Linda, CA 95673

Amarjit Sandhu

# ਨਾਸਾ 18 ਪੁਲਾੜ ਯਾਤਰੀਆਂ ਨਾਲ ਕਰੇਗੀ ਆਰਤਿਮਿਸ ਚੰਦਰਮਾ ਲੈਂਡਿੰਗ ਲਈ ਸਿਖਲਾਈ ਦੀ ਸ਼ੁਰੂਆਤ

**ਗੁਰਿੰਦਰਜੀਤ ਨੀਟਾ ਮਾਛੀਕੇ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਆਪਣੇ ਭਵਿੱਖੀ ਚੰਦਰਮਾ ਲੈਂਡਿੰਗ ਅਭਿਆਨਾਂ ਦੇ ਮੱਦੇਨਜ਼ਰ ਇੱਕ ਟੀਮ ਦੇ ਰੂਪ ਵਿੱਚ ਅਠਾਰਾਂ ਪੁਲਾੜ ਯਾਤਰੀ ਜਿਹਨਾਂ ਵਿੱਚ 9 ਆਦਮੀ ਅਤੇ 9 ਔਰਤਾਂ ਸ਼ਾਮਿਲ ਹਨ ਨੂੰ ਸਿਖਲਾਈ ਦੇਣ ਲਈ ਚੁਣਿਆ ਹੈ।ਨਾਸਾ ਨੇ ਬੁੱਧਵਾਰ ਨੂੰ ਇਸ ਸੰਬੰਧੀ ਐਲਾਨ ਕੀਤਾ ਹੈ। ਇਹ ਐਲਾਨ ਉਪ ਰਾਸ਼ਟਰਪਤੀ ਮਾਈਕ ਪੈਂਸ ਦੀ ਪ੍ਰਧਾਨਗੀ ਹੇਠ ਕੇਨੇਡੀ ਪੁਲਾੜ ਕੇਂਦਰ ਦੇ ਸੈਟਰਨ 5 ਮੂਨ ਰਾਕੇਟ ਡਿਸਪਲੇ ਕੇਨੇਡੀ ਪੁਲਾੜ ਕੇਂਦਰ ਦੇ ਸ਼ਨੀਵਾਰ 5 ਚੰਦ ਰਾਕੇਟ ਵਿੱਚ ਹੋਈ ਰਾਸ਼ਟਰੀ ਪੁਲਾੜ ਪ੍ਰੀਸ਼ਦ ਦੀ ਇੱਕ ਬੈਠਕ ਦੇ ਅਖੀਰ ਵਿੱਚ ਹੋਇਆ ਹੈ ਅਤੇ ਇਸ ਸਮੇਂ ਟੀਮ ਦੇ ਪੰਜ ਮੈਂਬਰ ਵੀ ਮੌਜੂਦ ਸਨ ।ਅਗਲੇ ਸਾਲ ਇੱਕ ਵਿਸ਼ਾਲ ਬੂਸਟਰ ਨੂੰ ਫਲੋਰਿਡਾ ਭੇਜਣ ਤੋਂ ਪਹਿਲਾਂ ਨਾਸਾ ਮਿਸੀਸਿੱਪੀ ਵਿੱਚ ਪਹਿਲੇ ਸਪੇਸ ਲਾਂਚ ਸਿਸਟਮ ਮੂਨ ਰਾਕੇਟ ਦੀ ਟੈਸਟਿੰਗ ਦੇ ਆਖ਼ਰੀ ਪੜਾਅ' ਤੇ ਹੈ। ਨਾਸਾ, ਟਰੰਪ ਪ੍ਰਸ਼ਾਸਨ ਦੁਆਰਾ ਅਧਿਕਾਰਤ ਇੱਕ ਕਾਰਜਕ੍ਰਮ 'ਤੇ ਕੰਮ ਕਰ ਰਿਹਾ ਹੈ ਜੋ ਕਿ 2024 ਦੇ ਅੰਤ ਤੱਕ ਐਸ ਐਲ ਐਸ, ਇੱਕ ਓਰੀਅਨ ਕੈਪਸੂਲ ਅਤੇ ਇੱਕ ਚੰਦਰਮਾ ਲੈਂਡਰ ਦੀ ਵਰਤੋਂ ਕਰਦਿਆਂ ਪੁਲਾੜ ਯਾਤਰੀਆਂ ਨੂੰ ਚੰਦਰਮਾ 'ਤੇ ਜਾਣ ਲਈ ਉਤਸ਼ਾਹਿਤ ਕਰਦਾ ਹੈ ਪਰ ਇਸ ਨੂੰ ਅਜੇ ਤੱਕ ਬਣਾਇਆ ਨਹੀਂ ਗਿਆ ਹੈ।



ਬੁੱਧਵਾਰ ਨੂੰ ਨਾਮਜ਼ਦ ਕੀਤੇ ਗਏ 18 ਪੁਲਾੜ ਯਾਤਰੀ ਨਾਸਾ ਦੇ ਸਭ ਤੋਂ ਵਿਭਿੰਨ ਸਮੂਹਾਂ ਵਿੱਚ ਸ਼ਾਮਲ ਹਨ। ਇਸ ਟੀਮ ਦੇ 9 ਆਦਮੀਆਂ ਵਿੱਚੋਂ 4 ਪੁਲਾੜ ਉਡਾਣ ਦੇ ਤਜ਼ਰਬੇ ਵਾਲੇ ਹਨ ਜਦਕਿ 9 ਪੁਲਾੜ ਯਾਤਰੀ ਨਵੇਂ ਹਨ।2020 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਟਰੰਪ ਦੀ ਹਾਰ ਤੋਂ ਪਹਿਲਾਂ ਵੀ, ਬਹੁਤ ਸਾਰੇ ਨਿਰੀਖਕਾਂ ਨੇ 2024 ਦੇ ਇਸ ਟੀਚੇ ਨੂੰ ਫੰਡਾਂ ਦੀ ਕਮੀ ਕਾਰਨ ਅਸੰਭਵ ਮੰਨਿਆ ਸੀ ਪਰ ਇਸ ਮਿਸ਼ਨ ਬਾਰੇ ਰਾਜਸੀ ਸਹਿਮਤੀ ਹੋਣ ਕਾਰਨ ਸਪੇਸ ਏਜੰਸੀ ਨੂੰ ਚੰਦਰਮਾ 'ਤੇ ਉਡਾਨ ਭਰਨ ਲਈ ਚੰਗੀ ਤਰ੍ਹਾਂ ਸਿਖਿਅਤ ਕੀਤੇ ਪੁਲਾੜ ਯਾਤਰੀਆਂ ਦੇ ਕੇਡਰ ਦੀ ਜ਼ਰੂਰਤ ਹੋਵੇਗੀ ,ਜਿਸ ਲਈ ਇਸ ਚੁਣੀ ਟੀਮ ਦੀ ਸਿਖਲਾਈ ਸ਼ੁਰੂ ਕੀਤੀ ਜਾਵੇਗੀ।

# ਸੰਯੁਕਤ ਰਾਜ ਅਮਰੀਕਾ ਅਤੇ ਕੈਨੇਡਾ ਦੇ ਬਾਰਡਰ ਨੂੰ ਜਨਵਰੀ 2021 ਤੱਕ ਬੰਦ ਰੱਖਣ ਦਾ ਹੋਇਆ ਐਲਾਨ

**ਗੁਰਿੰਦਰਜੀਤ ਨੀਟਾ ਮਾਛੀਕੇ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਕੋਰੋਨਾ ਵਾਇਰਸ ਦੇ ਵਧ ਰਹੇ ਕੇਸਾਂ ਕਰਕੇ ਸੁਰੱਖਿਆ ਦੇ ਮੱਦੇਨਜ਼ਰ 11 ਦਸੰਬਰ ਸ਼ੁੱਕਰਵਾਰ ਨੂੰ ਸਰਹੱਦ ਦੇ ਦੋਵੇਂ ਪਾਸਿਓਂ ਹੋਏ ਟਵੀਟਜ਼ ਦੇ ਅਨੁਸਾਰ, ਸੰਯੁਕਤ ਰਾਜ ਅਤੇ ਕੈਨੇਡਾ ਦੀ ਸਰਹੱਦ ਦੀ ਗੈਰ ਜ਼ਰੂਰੀ ਯਾਤਰਾ ਲਈ ਪਾਬੰਦੀ ਨੂੰ 2021 ਤੱਕ ਵਧਾ ਦਿੱਤਾ ਗਿਆ ਹੈ ਜਿਸਦੇ ਅਨੁਸਾਰ ਇਹ ਮਿਆਦ ਹੁਣ 21ਜਨਵਰੀ 2021 ਨੂੰ ਪੂਰੀ ਹੋਵੇਗੀ। ਜਦਕਿ ਸਾਰੀਆਂ ਜ਼ਰੂਰੀ ਯਾਤਰਾਵਾਂ, ਜਿਵੇਂ ਕਿ ਦੋਵੇਂ ਦੇਸ਼ਾਂ ਦਰਮਿਆਨ ਵਪਾਰ ਆਦਿ, ਆਮ ਵਾਂਗ ਜਾਰੀ ਰਹਿਣਗੀਆਂ। ਕੈਨੇਡੀਅਨ ਜਨਤਕ ਸੁਰੱਖਿਆ ਅਤੇ ਐਮਰਜੈਂਸੀ ਮੰਤਰੀ ਬਿਲ ਬਲੇਅਰ ਦੁਆਰਾ ਇੱਕ ਟਵੀਟ ਵਿੱਚ ਇਸ ਪਾਬੰਦੀ ਦੇ ਸਮੇਂ ਨੂੰ ਵਧਾਉਣ ਦੇ ਐਲਾਨ ਕਰਨ ਤੋਂ ਪਹਿਲਾਂ ਸਰਹੱਦ ਬੰਦ ਦੀ ਇਸ ਪਾਬੰਦੀ ਨੂੰ 21 ਦਸੰਬਰ ਤੱਕ ਖਤਮ ਹੋਣ ਲਈ ਤੈਅ ਕੀਤਾ ਗਿਆ ਸੀ। ਇਸਦੇ ਇਲਾਵਾ ਅਮਰੀਕਾ ਦੇ ਹੋਮਲੈਂਡ ਸਿਕਿਉਰਿਟੀ ਦੇ ਕਾਰਜਕਾਰੀ ਸਕੱਤਰ ਚਾਡ ਵੂਲਫ ਅਨੁਸਾਰ ਵੀ ਸਰਹੱਦ ਦੇ ਅਮਰੀਕੀ ਪੱਖ ਤੋਂ ਸੁਰੱਖਿਆ ਲਈ ਮੈਕ-ਸੀਕੋ ਦੇ ਨਾਲ ਸੰਯੁਕਤ ਰਾਜ ਦੀ ਸਰਹੱਦ ਦੀ ਸੀਮਾ ਦੀ ਮਿਆਦ ਵੀ ਬੰਦ ਰੱਖਣ ਲਈ 21 ਜਨਵਰੀ ਤੱਕ ਵਧਾਈ ਜਾਵੇਗੀ।




ਸੰਯੁਕਤ ਰਾਜ ਅਤੇ ਕੈਨੇਡਾ ਪਹਿਲਾਂ 21 ਮਾਰਚ ਤੋਂ ਸਰਹੱਦ ਨੂੰ ਕੋਰੋਨਾਂ ਨੂੰ ਫੈਲਣ ਤੋਂ ਰੋਕਣ ਦੇ ਮੰਤਵ ਨਾਲ ਗੈਰ-ਜ਼ਰੂਰੀ ਯਾਤਰਾ ਬੰਦ ਕਰਨ 'ਤੇ ਸਹਿਮਤ ਹੋਏ ਸਨ ਅਤੇ ਇਸ ਪਾਬੰਦੀ ਨੂੰ ਹਰ ਮਹੀਨੇ ਵਧਾਇਆ ਗਿਆ ਹੈ। ਸ਼ੁੱਕਰਵਾਰ ਦੀ ਇਹ ਘੋਸ਼ਣਾ ਅਧਿਕਾਰਤ ਤੌਰ 'ਤੇ ਨੌਵੀ ਵਾਰ ਅਜਿਹੇ ਵਾਧੇ ਨੂੰ ਦਰਸਾਉਂਦੀ ਹੈ।ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਇਸ ਹਫਤੇ ਦੇ ਅਰੰਭ ਵਿੱਚ ਅਸੈਂਬਲੀ ਆਫ ਫਸਟ ਨੇਸ਼ਨਜ਼ ਦੀ ਇੱਕ ਵਰਚੁਅਲ ਬੈਠਕ ਵਿੱਚ ਸਰਹੱਦ ਨੂੰ ਖੋਲ੍ਹਣ ਦੀ ਕੋਈ ਯੋਜਨਾ ਨਾਂ ਹੋਣ ਬਾਰੇ ਵਿਚਾਰ ਪ੍ਰਗਟ ਕੀਤੇ ਸਨ।

# ਡਾ. ਕੇ. ਪੀ. ਸਿੰਘ ਨਾਨਾ ਬਣੇ

**ਨਿਊਜਰਸੀ (ਰਾਜ ਗੋਗਨਾ) —** ਕੇ.ਪੀ. ਆਸਟਰੋ-ਰਿਸਰਚ ਸੈਂਟਰ ਨੂਰਮਹਿਲ, ਜਿਲ੍ਹਾ ਜਲੰਧਰ, ਪੰਜਾਬ ਦੇ ਡਾਇਰੈਕਟਰ ਡਾ. ਕੇ.ਪੀ. ਸਿੰਘ (ਕਰਮਪਾਲ ਸਿੰਘ ਦੁਸਾਂਝ) ਦੀ ਬੇਟੀ ਕਲਜੀਤ ਕੌਰ ਅਤੇ ਦਮਾਦ ਅੰਮ੍ਰਿਤਪਾਲ ਸਿੰਘ ਢਿੱਲੋਂ ਨੂੰ ਪਰਮ-ਾਤਮਾ ਨੇ ਬੀਤੇ ਦਿਨ ਨਿਊਜਰਸੀ ਅਮਰੀਕਾ ਦੇ 'ਵਰਚੂਆ ਮੈਮੋਰੀਅਲ ਹਸਪਤਾਲ' ਵਿਖੇ ਇੱਕ ਬਹੁਤ ਹੀ ਸੁੰਦਰ ਬੇਟੇ ਦੀ ਦਾਤ ਬਖਸ਼ੀ ਹੈ। ਸ਼੍ਰੀ ਸਿੰਘ ਅਤੇ ਉਹਨਾਂ ਦੀ ਧਰਮਪਤਨੀ ਪਰਮਜੀਤ ਕੌਰ ਵੀ ਇਸ ਸਮੇਂ ਅਮਰੀਕਾ ਆਪਣੀ ਬੇਟੀ ਦੇ ਕੋਲ ਹੀ ਟਿਊਰਿਸਟ ਵੀਜ਼ੇ 'ਤੇ ਆਏ ਹੋਏ ਹਨ। ਜ਼ਿਕਰਯੋਗ ਹੈ ਕਿ ਡਾ: ਕੇ.ਪੀ ਸਿੰਘ ਦੀ ਬੇਟੀ ਕਲਜੀਤ ਕੌਰ ਇਸ ਸਮੇਂ ਪੂਰੇ ਅਮਰੀਕਾ ਨੂੰ ਪਾਣੀ ਦੀ ਸਪਲਾਈ ਕਰਨ ਵਾਲੀ ਇੱਕ ਬਹੁਤ ਵੱਡੀ ਕੰਪਨੀ ਅਮੈਰਿਕਨ ਵਾਟਰ' ਦੇ ਕੈਮਡਿਨ ਕਾਊਂਟੀ ਆਫ਼ਿਸ ਵਿੱਚ 'ਜਾਵਾ-ਡਿਵੈਲਪਰ' ਦੇ ਆਹੁਦੇ 'ਤੇ ਨੌਕਰੀ ਕਰ ਰਹੀ ਹੈ।









# ਫਰਿਜ਼ਨੋ ਵਿੱਚ ਟਰੰਪ ਸਮਰਥਕਾਂ ਨੇ ਸੁਪਰੀਮ ਕੋਰਟ ਦੇ ਨਤੀਜੇ ਤੋਂ ਬਾਅਦ ਕੱਢੀ ਰੈਲੀ







**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਫਰਿਜ਼ਨੋ ਕਾਉਂਟੀ ਦੀ ਰਿਪਬਲਿਕਨ ਪਾਰਟੀ ਦੇ ਸਮਰੱਥਕਾਂ ਦੁਆਰਾ ਕਲੋਵਿਸ ਵਿੱਚ ਸ਼ਨੀਵਾਰ ਦੁਪਹਿਰ ਨੂੰ ਟਰੰਪ ਦੀ ਹਮਾਇਤ ਵਿੱਚ ਰੈਲੀ ਅਤੇ ਟਰੰਪ ਪਰੇਡ ਕੱਢੀ ਗਈ।ਟਰੰਪ ਸਮਰੱਥਕਾਂ ਦਾ ਇਹ ਪ੍ਰਦਰਸ਼ਨ ਸੁਪਰੀਮ ਕੋਰਟ ਦੁਆਰਾ ਟਰੰਪ ਦੁਆਰਾ ਲਗਾਏ ਗਏ ਚੋਣ ਧੋਖਾਧੜੀ ਦੇ ਮਾਮਲਿਆਂ ਨੂੰ ਰੱਦ ਕਰਨ ਦੇ ਬਾਅਦ ਕੀਤਾ ਗਿਆ ਹੈ।


ਇਸ ਮੌਕੇ ਬੁਲਾਰਿਆਂ ਵਿੱਚ ਪਾਰਟੀ ਦੇ ਚੇਅਰਮੈਨ ਫਰੇਡ ਵਾਂਡਰਹੋਫ ਵੀ ਸ਼ਾਮਲ ਸਨ, ਜਿਨ੍ਹਾਂ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਚੋਣ ਧੋਖਾਧੜੀ ਦਾਅਵਿਆਂ ਨੂੰ ਆਪਣੀ ਹਮਾਇਤ ਦਿੱਤੀ ਸੀ, ਇਸਦੇ ਨਾਲ ਹੀ ਵਾਂਡਰਹੋਫ ਅਨੁਸਾਰ ਉਨ੍ਹਾਂ ਦੀ ਪਾਰਟੀ ਟਰੰਪ ਲਈ ਆਪਣੀ ਲੜਾਈ ਜਾਰੀ ਰੱਖਣਾ ਚਾਹੁੰਦੀ ਹੈ।ਰਾਸ਼ਟਰਪਤੀ ਟਰੰਪ ਨੂੰ ਚੋਣਾਂ ਵਿੱਚ ਮਿਲੀ ਹਾਲ ਤੋਂ ਬਾਅਦ ਉਹਨਾਂ ਦੁਆਰਾ ਚੋਣ ਨਤੀਜਿਆਂ ਵਿੱਚ ਧੋਖਾਧੜੀ ਨੂੰ ਸਾਬਤ ਕਰਨ ਦਾ ਬੀੜਾ ਚੁਕਿਆ ਗਿਆ ਸੀ ਅਤੇ ਪਿਛਲੇ ਦਿਨੀਂ ਸੁਪਰੀਮ ਕੋਰਟ ਨੇ 2020 ਦੇ ਰਾਸ਼ਟਰਪਤੀ ਚੋਣ ਨਤੀਜਿਆਂ ਨੂੰ ਉਲਟਾਉਣ ਦੀ ਬੋਲੀ ਨੂੰ ਰੱਦ ਕਰਨ ਦੇ ਨਾਲ ਟਰੰਪ ਦੀ ਮੁਹਿੰਮ ਦੇ ਵਕੀਲਾਂ ਦੁਆਰਾ ਵੋਟਰਾਂ ਦੀ ਧੋਖਾਧੜੀ ਦੇ ਹੋਰ ਬਹੁਤ ਸਾਰੇ ਦੋਸ਼ਾਂ ਨੂੰ ਵੀ ਨਕਾਰ ਦਿੱਤਾ ਹੈ।



ਇਸ ਟਰੰਪ ਹਮਾਇਤੀ ਰੈਲੀ ਵਿੱਚ ਕਲੋਵਿਸ ਦੇ ਮੇਅਰ ਡਰਿਊ ਬੇਸਿੰਜਰ ਵੀ ਬੁਲਾਰਿਆਂ ਵਿੱਚ ਸ਼ਾਮਲ ਸਨ। ਇਸ ਪ੍ਰਦਰਸ਼ਨ ਦੀ ਸਮਾਪਤੀ ਟਰੱਕਾਂ ਅਤੇ ਕਾਰਾਂ ਦੀ "ਮੈਗਾ ਡਰੈਗ ਪੈਟ੍ਰਾਇਟ" ਪਰੇਡ ਦੇ ਨਾਲ ਹੋਈ ਅਤੇ ਇਸ ਸਮਾਰੋਹ ਵਿਚ ਟਰੰਪ ਦੇ ਹਮਾਇਤੀ ਲੋਕਾਂ ਕੋਲ ਬਹੁਤ ਸਾਰੇ ਟਰੰਪ ਸੰਬੰਧਿਤ ਝੰਡੇ ਵੀ ਸਨ।

# ਅਮਰੀਕੀ ਪ੍ਰਸ਼ਾਸਨ ਨੇ ਦਿੱਤੀ ਇੱਕ ਹੋਰ ਕਤਲ ਦੇ ਦੋਸ਼ੀ ਨੂੰ ਮੌਤ ਦੀ ਸਜ਼ਾ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਟਰੰਪ ਪ੍ਰਸ਼ਾਸਨ ਦੁਆਰਾ ਲੂਈਸਿਆਨਾ ਦੇ ਇੱਕ ਵਿਅਕਤੀ ਨੂੰ ਆਪਣੀ ਜਵਾਨ ਧੀ ਨਾਲ ਬਦਸਲੂਕੀ ਅਤੇ ਕਤਲ ਦੇ ਮਾਮਲੇ ਵਿੱਚ ਮੌਤ ਦੀ ਸਜ਼ਾ ਦੇ ਦਿੱਤੀ ਗਈ ਹੈ ਜੋ ਕਿ ਫੈਡਰਲ ਸਰਕਾਰ ਦੁਆਰਾ ਕੁੱਝ ਦਿਨਾਂ ਵਿਚਕਾਰ ਮੌਤ ਦੀ ਸਜ਼ਾ ਦਾ ਦੂਜਾ ਮਾਮਲਾ ਹੈ। 56 ਸਾਲਾ ਐਲ-ਫਰੇਡ ਬੁਰਜੀਓਸ ਨੂੰ ਇੰਡੀਆਨਾ ਦੇ ਟੈਰੇ ਹਾਉਟ ਦੀ ਸੰਘੀ ਜੇਲ੍ਹ ਵਿਚ ਜਾਨਲੇਵਾ ਜਹਿਰੀਲਾ ਟੀਕਾ ਲਗਾਉਣ ਤੋਂ ਬਾਅਦ ਤਕਰੀਬਨ 8: 21 ਵਜੇ ਮ੍ਰਿਤਕ ਐਲਾਨਿਆ ਗਿਆ। ਬੁਰਜੀਓਸ ਨੂੰ ਆਪਣੀ 2 ਸਾਲ ਦੀ ਬੇਟੀ ਨੂੰ 2002 ਵਿੱਚ ਸਰੀਰਕ ਅਤੇ ਭਾਵਨ-ਾਤਮਕ ਤੌਰ 'ਤੇ ਤਸੀਹੇ ਦੇਣ ਦਾ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਨਿਆਂ ਵਿਭਾਗ ਅਨੁਸਾਰ ਟੈਕਸਾਸ ਦੇ ਨੇਵਲ ਏਅਰ ਸਟੇਸ਼ਨ ਕਾਰਪਸ ਕ੍ਰਿਸਟੀ ਦੇ ਇੱਕ ਰਸਤੇ ਉੱਪਰ, ਬੁਰਜੀਓਸ ਨੇ ਲੜਕੀ ਦੀ ਕੁੱਟਮਾਰ ਕੀਤੀ ਜਿਸ ਨਾਲ ਉਸਦੀ ਮੌਤ ਹੋਈ। ਇਸਦੀ ਮੌਤ ਇਸ ਸਾਲ ਦੀ 10 ਵੀਂ ਸੰਘੀ ਫਾਂਸੀ ਸੀ ਜਿਸਦੇ ਸੰਬੰਧ ਵਿੱਚ ਸੰਯੁਕਤ ਰਾਜ ਦੀ ਸੁਪਰੀਮ ਕੋਰਟ ਨੂੰ ਫਾਂਸੀ ਦੀ ਰੋਕ ਲਈ ਦਿੱਤੀ ਅਰਜ਼ੀ ਨੂੰ ਸ਼ੁੱਕਰਵਾਰ ਵਾਲੇ ਦਿਨ ਰੱਦ ਕਰ ਦਿੱਤਾ ਗਿਆ ਸੀ। ਜਦਕਿ ਇਸ ਤੋਂ ਪਿਛਲੀਆਂ ਫਾਂਸੀ ਦੀਆਂ ਕੋਸ਼ਿਸ਼ਾਂ ਉਸ ਦੇ ਵਕੀਲਾਂ ਦੁਆਰਾ ਬੁਰਜੀਓਸ ਦੀ ਬੌਧਿਕ ਅਯੋਗਤਾ ਦੀਆਂ ਦਲੀਲਾਂ ਦੇਣ ਤੋਂ ਬਾਅਦ ਰੋਕੀਆਂ ਗਈਆਂ ਸਨ।



# ਕੋਵਿਡ -19 ਟੀਕਾਕਰਣ ਲਈ ਪਹਿਲੀ ਖੇਪ ਹੋਈ ਸਪਲਾਈ ਲਈ ਰਵਾਨਾ



**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਫੂਡ ਅਤੇ ਡਰੱਗ ਐਡਮਨਿਸਟਰੇਸ਼ਨ (ਐਫ ਡੀ ਏ) ਵੱਲੋਂ ਫਾਈਜ਼ਰ ਕੰਪਨੀ ਦੇ ਕੋਰੋਨਾਂ ਵਾਇਰਸ ਟੀਕੇ ਨੂੰ ਮਨਜ਼ੂਰੀ ਦੇਣ ਤੋਂ ਬਾਅਦ ਦੇਸ਼ ਵਿੱਚ ਟੀਕਾਕਰਣ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ,ਇਹਨਾਂ ਟੀਕਿਆਂ ਦੀ ਸਪਲਾਈ ਦਾ ਆਰੰਭ ਹੋ ਗਿਆ ਹੈ। ਸੰਯੁਕਤ ਰਾਜ ਵਿੱਚ ਵਿਆਪਕ ਤੌਰ 'ਤੇ ਵਰਤੋਂ ਕਰਨ ਲਈ ਕੋਵਿਡ -19 ਟੀਕੇ ਨੂੰ ਸਿਹਤ ਸਹੂਲਤਾਂ ਤੱਕ ਪਹੁੰਚਾਉਣ ਲਈ ਐਤਵਾਰ ਨੂੰ ਮਿਸ਼ੀਗਨ ਦੇ ਇੱਕ ਟੀਕਾ ਨਿਰਮਾਣ ਕੇਂਦਰ ਤੋਂ ਟਰੱਕਾਂ ਰਾਹੀ ਰਵਾਨਾ ਕੀਤਾ ਗਿਆ ਹੈ। ਇਸ ਟੀਕਾਕਰਣ ਮੁਹਿੰਮ ਦੇ ਸ਼ੁਰੂ ਵਿੱਚ, ਲੱਗਭਗ 3 ਮਿਲੀਅਨ ਖੁਰਾਕਾਂ ਮਿਲਣ ਦੀ ਉਮੀਦ ਕੀਤੀ ਜਾ ਰਹੀ ਹੈ ਅਤੇ ਟੀਕੇ ਨੂੰ ਲਗਾਉਣ ਦੀ ਤਰਜੀਹ ਵਿੱਚ ਸਿਹਤ ਸੰਭਾਲ ਕਰਮਚਾਰੀ ਅਤੇ ਨਰਸਿੰਗ ਹੋਮ ਦੇ ਵਸਨੀਕਾਂ ਨੂੰ ਰੱਖਿਆ ਜਾ ਰਿਹਾ ਹੈ ਕਿਉਂਕਿ ਵਾਇਰਸ ਦੀ ਲਾਗ ਅਤੇ ਹਸਪਤਾਲਾਂ ਵਿੱਚ ਕੋਰੋਨਾਂ ਮਰੀਜ਼ਾਂ ਦੇ ਦਾਖਲੇ ਦੀ ਗਿਣਤੀ ਵਿੱਚ ਵਾਧਾ ਹੋਣਾ ਜਾਰੀ ਹੈ। ਫੈਡਰਲ ਅਧਿਕਾਰੀਆਂ ਅਨੁਸਾਰ ਫਾਈਜ਼ਰ ਦੇ ਟੀਕੇ ਦੀ ਪਹਿਲੀ ਬਰਾਮਦੀ ਸੋਮਵਾਰ ਨੂੰ 145 ਵੰਡ ਕੇਂਦਰਾਂ ਵਿੱਚ ਪਹੁੰਚੇਗੀ ਅਤੇ 425 ਹੋਰ ਕੇਂਦਰ ਮੰਗਲਵਾਰ ਨੂੰ ਜਦਕਿ ਬਾਕੀ ਰਹਿ ਗਏ 66 ਕੇਂਦਰ ਬੁੱਧਵਾਰ ਨੂੰ ਟੀਕਾ ਪ੍ਰਾਪਤ ਕਰਨਗੇ।

ਵਾਇਰਸ ਦੇ ਤੋੜ ਦਾ ਇਹ ਟੀਕਾ ਹੁਣ ਹਸਪਤਾਲਾਂ ਅਤੇ ਹੋਰ ਸਾਈਟਾਂ ਵੱਲ ਜਾ ਰਿਹਾ ਹੈ ਜੋ ਕਿ ਇਸਨੂੰ ਬਹੁਤ ਘੱਟ ਤਾਪਮਾਨ 'ਤੇ ਰੱਖ ਸਕਦੇ ਹਨ ਜਦਕਿ ਫਾਈਜ਼ਰ ਇਸਦੀ ਸਪਲਾਈ ਲਈ ਡਰਾਈ ਬਰਫ਼ ਅਤੇ ਜੀ ਪੀ ਐਸ ਸਮਰੱਥ ਸੈਂਸਰ ਵਾਲੇ ਕੰਟੇਨਰਾਂ ਦੀ ਵਰਤੋਂ ਕਰ ਰਿਹਾ ਹੈ ਤਾਂ ਜੋ ਇਹਨਾਂ ਨੂੰ ਘੱਟ ਤਾਪਮਾਨ ਤੇ ਰੱਖਿਆ ਜਾ ਸਕੇ। ਹਸਪਤਾਲਾਂ ਵਿੱਚ ਟੀਕੇ ਦੇ ਪਹੁੰਚਣ ਤੋਂ ਬਾਅਦ ਟੀਕੇ ਦਾ ਸਮਾਂ ਤਹਿ ਕਰਨ ਲਈ ਪਹਿਲੇ ਗੇੜ ਲਈ ਮਨਜ਼ੂਰ ਕੀਤੇ ਗਏ ਕਰਮਚਾਰੀ ਟੈਕਸਟ ਅਤੇ ਈਮੇਲਾਂ ਪ੍ਰਾਪਤ ਕਰ ਰਹੇ ਹਨ।

# ਰਾਸ਼ਟਰਪਤੀ ਦੇ ਅਟਾਰਨੀ ਜਨਰਲ ਵਿਲੀਅਮ ਬਰ ਵੱਲੋਂ ਅਸਤੀਫ਼ਾ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਅਟਾਰਨੀ ਜਨਰਲ ਵਿਲੀਅਮ ਬਰ ਜਿਨਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਲਈ ਬਹੁਤ ਹੀ ਪ੍ਰਭਾਵੀ ਢੰਗ ਤਰੀਕੇ ਨਾਲ ਕੰਮ ਕੀਤਾ ਤੇ ਰਾਸ਼ਟਰਪਤੀ ਦਾ ਪੁਰਜੋਰ ਸਮਰਥਨ ਕੀਤਾ, ਨੇ ਅਸਤੀਫ਼ਾ ਦੇ ਦਿੱਤਾ ਹੈ। ਰਾਸ਼ਟਰਪਤੀ ਨੇ ਖੁਦ ਟਵਿਟਰ ਉਪਰ ਇਸ ਬਾਰੇ ਜਾਣਕਾਰੀ ਦਿੰਦਿਆਂ ਅਟਾਰਨੀ ਜਨਰਲ ਵਜੋਂ ਉਸ ਦੀਆਂ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ ਹੈ ਤੇ ਉਸ ਨੂੰ ਅਥਾਹ ਭਰੋਸਮੰਦ ਤੇ ਹੌਸਲੇ ਵਾਲਾ ਵਿਅਕਤੀ ਕਰਾਰ ਦਿੱਤਾ ਹੈ। ਰਾਸ਼ਟਰਪਤੀ ਨੇ ਕਿਹਾ ਹੈ ਕਿ ਵਾਈਟ ਹਾਊਸ ਵਿਚ ਖੁਸ਼ਗਵਾਰ ਮਹੌਲ ਵਿਚ ਹੋਈ ਮੀਟਿੰਗ ਦੌਰਾਨ ਬਰ ਦੇ




ਅਸਤੀਫ਼ੇ ਬਾਰੇ ਨਿਰਨਾ ਲਿਆ ਗਿਆ। ਆਪਣੇ ਅਸਤੀਫ਼ੇ ਵਿਚ ਬਰ ਨੇ ਰਾਸ਼ਟਰਪਤੀ ਦਾ ਧੰਨਵਾਦ ਕੀਤਾ ਹੈ।

ਦਰਅਸਲ ਕੋਈ ਇਕ ਮਹੀਨਾ ਪਹਿਲਾਂ ਵਿਲੀਅਮ ਬਰ ਨੇ ਐਲਾਨ ਕੀਤਾ ਸੀ ਕਿ ਚੋਣਾਂ ਵਿਚ ਵੱਡੀ ਪੱਧਰ ਉਪਰ ਹੇਰਾ-ਫੇਰੀ ਹੋਣ ਦਾ ਕੋਈ ਸਬੂਤ ਨਹੀਂ ਹੈ। ਇਸ ਤੋਂ ਬਾਅਦ ਰਾਸ਼ਟਰ-ਪਤੀ ਤੇ ਅਟਾਰਨੀ ਜਨਰਲ ਵਿਚਾਲੇ ਪਹਿਲਾਂ ਵਾਲੀ ਗੱਲ ਨਹੀਂ ਸੀ ਰਹੀ। ਰਾਸ਼ਟਰਪਤੀ ਦੀ ਚੋਣ ਜਿੱਤੇ ਜੋਅ ਬਾਇਡੇਨ ਦੇ ਪੁੱਤਰ ਦੇ ਵਿੱਤੀ ਲੈਣ ਦੇਣ ਸਬੰਧੀ ਬੇਨਿਯਮੀਆਂ ਬਾਰੇ ਵੀ ਅਟਾਰਨੀ ਜਨਰਲ ਦੀ ਰਾਸ਼ਟਰਪਤੀ ਨਾਲੋਂ ਵੱਖਰੀ ਸੋਚ ਸੀ।

# ਫਰਿਜ਼ਨੋ ਕਾਉਂਟੀ ਵਿੱਚ ਇਸ ਹਫਤੇ ਕੋਰੋਨਾਂ ਵਾਇਰਸ ਨੇ ਲਈ ਦੋ ਦਰਜ਼ਨ ਤੋਂ ਵੱਧ ਲੋਕਾਂ ਦੀ ਜਾਨ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਫਰਿਜ਼ਨੋ ਕਾਉਂਟੀ ਨੇ ਕੋਵਿਡ -19 ਮਹਾਂਮਾਰੀ ਦੌਰਾਨ ਅਜੇ ਤੱਕ ਦੇ ਸਭ ਤੋਂ ਮਾਰੂ ਹਫ਼ਤੇ ਦਾ ਸਾਹਮਣਾ ਕੀਤਾ ਹੈ। ਸਿਹਤ ਅਧਿਕਾਰੀਆਂ ਦੁਆਰਾ ਪਿਛਲੇ ਹਫਤੇ ਤੋਂ ਲੈ ਕੇ 36 ਕੋਰੋਨਾਂ ਮਰੀਜ਼ਾਂ ਦੀ ਮੌਤ ਦੀ ਪੁਸ਼ਟੀ ਕੀਤੀ ਗਈ ਹੈ।ਫਰਿਜ਼ਨੋ ਕਾਉਂਟੀ ਦੇ ਡਿਪਾਰਟਮੈਂਟ ਆਫ਼ ਪਬਲਿਕ ਹੈਲਥ ਵੱਲੋਂ ਸ਼ੁੱਕਰਵਾਰ ਨੂੰ ਅਪਡੇਟ ਕੀਤੇ ਅੰਕੜਿਆਂ ਵਿੱਚ 28 ਮੌਤਾਂ ਸ਼ਾਮਲ ਸਨ ਅਤੇ ਅੱਠ ਮੌਤਾਂ ਦਾ ਐਲਾਨ ਮੰਗਲਵਾਰ ਨੂੰ ਕੀਤਾ ਗਿਆ ਸੀ। ਇਸ ਹਫਤੇ ਦੇ ਅੰਕੜਿਆਂ ਅਨੁਸਾਰ



ਕਾਉਂਟੀ ਵਿੱਚ ਕੋਰਨਾਂ ਵਾਇਰਸ ਅਤੇ ਸਾਹ ਪ੍ਰਣਾਲੀ ਬਿਮਾਰੀ ਕਾਰਨ ਹੋਈਆਂ ਕੁੱਲ ਜਾਨਾਂ ਦੀ ਗਿਣਤੀ ਦਸੰਬਰ ਦੇ ਮਹੀਨੇ ਵਿੱਚ 61ਤੱਕ ਦਰਜ ਕੀਤੀ ਗਈ ਹੈ। ਇਸਦੇ ਨਾਲ ਹੀ ਰਾਜ ਦੇ ਜਨ ਸਿਹਤ ਵਿਭਾਗ ਨੇ ਫਰਿਜ਼ਨੋ ਕਾਉਂਟੀ ਵਿੱਚ 507 ਨਵੇਂ ਪੁਸ਼ਟੀ ਕੀਤੇ ਕੋਵਿਡ -19 ਕੇਸਾਂ ਦੀ ਰਿਪੋਰਟ ਕੀਤੀ ਹੈ, ਜਿਨ੍ਹਾਂ ਨੇ ਇਸ ਮਹੀਨੇ ਦੀ ਵਾਇਰਸ ਲਈ ਸਕਾਰਾਤਮਕ ਟੈਸਟਾਂ ਦੀ ਕੁੱਲ ਸੰਖਿਆ ਨੂੰ ਤਕਰੀਬਨ 4,000 ਅਤੇ ਮਾਰਚ ਦੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਦੀ ਗਿਣਤੀ ਨੂੰ 42,000 ਤੋਂ ਵੱਧ ਤੱਕ ਪਹੁੰਚਾ ਦਿੱਤਾ ਹੈ। ਇਸਤੋਂ ਇਲਾਵਾ ਫਰਿਜ਼ਨੋ ਦੇ ਹਸਪਤਾਲਾਂ ਵਿੱਚ ਵੀਰਵਾਰ ਨੂੰ 472 ਪੁਸ਼ਟੀ ਕੀਤੇ ਕੋਰੋਨਾਂ ਵਾਇਰਸ ਦੇ ਮਰੀਜ਼ ਦਾਖਲ ਹਨ, ਜਿਨ੍ਹਾਂ ਵਿੱਚੋਂ ਇੰਟੈਂਸਿਵ ਕੇਅਰ ਯੂਨਿਟ ਵਿੱਚ 79 ਮਰੀਜ਼ ਹਨ। ਜਦ ਕਿ 41 ਹੋਰ ਸ਼ੱਕੀ ਕੋਵਿਡ -19 ਕੇਸ, ਜਿਹਨਾਂ ਵਿੱਚ ਮਰੀਜ਼ਾਂ ਦੇ ਟੈਸਟਾਂ ਦੇ ਨਤੀਜਿਆਂ ਦੀ ਅਜੇ ਪੁਸ਼ਟੀ ਨਹੀਂ ਹੋਈ ਹੈ ,ਵੀ ਵੀਰਵਾਰ ਤੱਕ ਹਸਪਤਾਲ ਵਿੱਚ ਦਾਖਲ ਕਰਵਾਏ ਗਏ ਹਨ।

# ਕਿਸਾਨਾਂ ਵਲੋਂ ਭੁੱਖ ਹੜਤਾਲ ਕਰਕੇ ਕੀਤਾ ਰੋਸ ਪ੍ਰਗਟ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਕਿਸਾਨੀ ਅੰਦੋਲਨ ਦਾ ਜੋ ਸ਼ੰਘਰਸ਼ ਏ ਦਿਨ ਬ ਦਿਨ ਵੱਧਦਾ ਹੀ ਜਾ ਰਿਹਾ ਹੈ ਪਿਛਲੇ ਤਿੰਨ ਮਹੀਨਆਂ ਤੋਂ ਕੇਂਦਰ ਸਰਕਾਰ ਵਲੋਂ ਤਿੰਨ ਕਿਸਾਨ ਵਿਰੋਧੀ ਬਿੱਲ ਪਾਸ ਕਰਕੇ ਕਿਸਾਨਾਂ ਨਾਲ ਬਹੁਤ ਵੱਡਾ ਧਰੋਹ ਕਮਾਇਆ ਗਿਆ ਜਦਕਿ ਕਿਸਾਨ ਪੂਰੇ ਦੇਸ਼ ਦਾ ਅੰਨ ਦਾਤਾ ਹੈ ਤੇ ਕਿਸਾਨ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਕੇ ਆਪਣੇ ਦੇਸ਼ ਵਾਸੀਆਂ ਨੂੰ ਅਨਾਜ ਪੈਦਾ ਕਰਕੇ ਉਨਾਂ ਦਾ ਪੇਟ ਭਰਦਾ ਹੈ ਤੇ ਜੋ ਮੋਦੀ ਸਰਕਾਰ ਦੀ ਜੁੰਡਲੀ ਨੇ ਕਾਲੇ ਕਾਨੂਨ ਪਾਸ ਕੀਤੇ ਹਨ ਉਨਾਂ ਦਾ ਕਿਸਾਨਾਂ ਦੇ ਨਾਲ ਨਾਲ ਪੂਰਾ ਮੁਲਕ ਵਿਰੋਧ ਕਰਦਾ ਹੈ ਵਿਚਾਰਾਂ ਦਾ ਪ੍ਰਗਟਾਵਾ ਦਿਲੀ ਚ ਕਿਸਾਨ ਵਿਰੋਧੀ ਬਿੱਲਾਂ ਨੂੰ ਰੱਦ ਕਰਵਾਉਣ ਲਈ ਜੋ ਕਿਸਾਨ ਜਥੇਬੰਦੀਆਂ ਵਲੋਂ 14 ਦਸੰਬਰ ਨੂੰ ਭੁੱਖ ਹੜਤਾਲ ਦੀ ਕਾਲ ਤੇ ਅੱਡਾ ਚੱਕਦਾਨਾ ਚ ਭੁੱਖ ਹੜਤਾਲ ਦਾ ਸਮਰਥਨ ਕਰ ਰਹੇ ਸੇਵਾ ਸਿੰਘ ਛੀਨਾ,ਪ੍ਰੀਤਮ ਸਿੰਘ,ਹਰਬੰਸ ਸਿੰਘ ਰਾਗੀ,ਜਸਕਰਨ ਸਿੰਘ ਸਾਰੇ ਚੱਕਦਾਨਾ ਇਕਬਾਲ ਸਿੰਘ ਖੁਰਦਾਂ ਨੇ ਇਸ ਕਿਸਾਨ ਵਿਰੋਧੀ ਬਿਲਾਂ ਤੇ ਤਿਖਾ ਪ੍ਰਤੀਕਰਮ ਕਰਦਿਆਂ ਕੀਤਾ ਉਨਾਂ ਕਿਹਾ ਕਿ ਅਗਰ ਕਿਸਾਨ ਸਾਡੇ ਲਈ ਭੁੱਖਾ ਰਹਿਕੇ ਸਾਨੂੰ ਅਨਾਜ ਦੇ ਸਕਦਾ ਹੈ ਤੇ ਅਸੀਂ ਵੀ ਭੁੱਖੇ ਰਹਿਕੇ ਇਸ ਅੰਦੋਲਨ ਦੇ ਸ਼ੰਘਰਸ਼ ਨੂੰ ਹੋਰ ਵੀ ਸਖਤ ਕਰ ਸਕਦੇ ਹਾਂ ਉਨਾਂ ਕਿਹਾ ਕਿ ਅਗਰ ਦੇਸ਼ ਦਾ ਕਿਸਾਨ ਹੀ ਨਾ ਰਿਹਾ ਤਾਂ ਦੇਸ਼ ਚ ਕੁਝ ਨਹੀਂ ਬਚੇਗਾ।

# ਅੰਬੇਡਕਰਾਇਟ ਲੀਗਲ ਫੋਰਮ, ਜਲੰਧਰ ਨੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਮਨਾਇਆ ਗਿਆ






**ਜਲੰਧਰ (ਜਨਸੰਗਰਾਮ ਚੁੰਬਰ)–** ਅੰਬੇਡਕਰਾਇਟ ਲੀਗਲ ਫੋਰਮ ਜਲੰਧਰ ਦੇ ਮੈਂਬਰਾਂ ਵੱਲੋਂ 10 ਦਸੰਬਰ 2020 (ਵੀਰਵਾਰ) ਨੂੰ ਜਲੰਧਰ ਵਿਖੇ ਇੱਕ ਵਿਸ਼ੇਸ਼ ਮੀਟਿੰਗ ਐਡਵੋਕੇਟ ਪ੍ਰਿਤ ਪਾਲ ਸਿੰਘ ਜੀ ਦੀ ਪ੍ਰਧਾਨਗੀ ਹੇਠ ਕੀਤੀ ਗਈ । ਇਸ ਮੀਟਿੰਗ ਵਿੱਚ ਫੋਰਮ ਦੇ ਵਕੀਲ ਰਾਜਿੰਦਰ ਪਾਲ ਬੋਪਾਰਾਏ ਨੇ ਕਿਹਾ ਅੱਜ ਦੇ ਦਿਨ ਯੂ ਐਨ ਓ ਵੱਲੋਂ 58 ਦੇਸ਼ਾਂ ਵੱਲੋਂ 30 ਮਨੁੱਖੀ ਅਧਿਕਾਰਾਂ ਨੂੰ ਮਾਨਤਾ ਦਿੱਤੀ ਗਈ ਸੀ, ਜਿਸਨੂੰ ਯੂਨੀਵਰਸਲ ਮਨੁੱਖੀ ਅਧਿਕਾਰ declaration ਕਿਹਾ ਗਿਆ ਹੈ। ਵਕੀਲ ਹਰਭਜਨ ਸੰਪਲਾ ਨੇ ਕਿਹਾ ਕਿ 58 ਦੇਸ਼ਾਂ ਨਾਲ ਮਿਲਕੇ ਮਨੁੱਖੀ ਅਧਿਕਾਰਾਂ ਨੂੰ ਮਿਲ ਕੇ ਮਹੱਤਵਪੂਰਨ ਸਮਝ ਕੇ ਭਾਰਤ ਦੇ ਸੰਵਿਧਾਨ ਵਿੱਚ ਮੌਲਿਕ ਅਧਿਕਾਰਾਂ (fundamental rights) ਦੇ ਰੂਪ ਵਿੱਚ ਲਾਗੂ ਕੀਤਾ, ਪਰ ਮਨੁੱਖੀ ਅਧਿਕਾਰਾਂ ਦੀ ਵੱਖ ਵੱਖ ਸਮਿਆਂ ਤੇ ਘਾਣ ਕੀਤਾ ਜਾਂਦਾ ਹੈ। ਉਹਨਾਂ ਨੇ 81 ਸਾਲਾਂ ਤਲਗੁ ਲੇਖਕ ਤੇ ਕਵੀ ਡਾ ਵਰਵਰਾ ਰਾਓ ਨੂੰ ਅਤੇ ਪੱਤਰਕਾਰ ਸਦੀਕ ਕੰਪਨ ਨੂੰ ਤੁਰੰਤ ਰਿਹਾ ਕਰਨ ਦੀ ਮੰਗ ਕੀਤੀ।

ਕੋਰੇਗਾਓਂ ਘਟਨਾ ਦੇ ਦੇਸ਼ ਵਿੱਚ ਡਾ. ਅਨੰਦ ਤੇਲਤੁੰਬਰੇ ਤੇ ਹੋਰ ਬੁੱਧੀਜੀਵੀਆਂ ਨੂੰ ਵੀ ਰਿਹਾ ਕਰਨਾ ਚਾਹੀਦਾ ਹੈ। ਇਸ ਮੋਕੇ ਤੇ ਜਲੰਧਰ ਦੇ ਬਹੁਤ ਸਾਰੇ ਹੇਠ ਲਿਖੇ ਵਕੀਲ ਸਾਹਿਬਾਨ ਹਾਜਿਰ ਸਨ। ਐਡਵੋਕੇਟ ਪ੍ਰਿਤ ਪਾਲ ਸਿੰਘ (ਪ੍ਰਧਾਨ), ਐਡਵੋਕੇਟ ਮਧੂ ਰਚਨਾ, ਐਡਵੋਕੇਟ ਰਾਜੂ ਅੰ-ਬੇਡਕਰ (ਜਨਰਲ ਸਕੱਤਰ), ਐਡਵੋਕੇਟ ਹਰਪ੍ਰੀਤ ਬੱਧਨ, ਐਡਵੋਕੇਟ ਕੁਲਦੀਪ ਭੱਟੀ, ਐਡਵੋਕੇਟ ਸੰਨੀ ਕੌਲ, ਐਡਵੋਕੇਟ ਹਰਭਜਨ ਸਾਂਪਲਾ, ਐਡਵੋਕੇਟ ਜਗਜੀਵਨ ਰਾਮ, ਐਡਵੋਕੇਟ ਰਜਿੰਦਰ ਆਜਾਦ, ਐਡਵੋਕੇਟ ਨਵਜੋਤ ਵਿਰਦੀ, ਐਡਵੋਕੇਟ ਰਾਜ ਕੁਮਾਰ ਬੈਂਸ, ਐਡਵੋਕੇਟ ਦਰਸ਼ਨ ਸਿੰਘ, ਐਡਵੋਕੇਟ ਸਤਪਾਲ ਵਿਰਦੀ, ਐਡਵੋਕੇਟ ਰਾਜਿੰਦਰ ਬੋਪਾਰਾਏ, ਐਡਵੋਕੇਟ ਸੰਗੀਤਾ ਰਾਣੀ, ਐਡਵੋਕੇਟ ਬਲਦੇਵ ਪਰਕਾਸ਼ ਰੱਲੁ, ਐਡਵੋਕੇਟ ਕਰਨ ਖੁੱਲਰ, ਐਡਵੋਕੇਟ ਅੰਜੂ ਮੰਜੂ, ਐਡਵੋਕੇਟ ਨਵਜੋਤ ਵਿਰਦੀ, ਐਡਵੋਕੇਟ ਪਵਨ ਵਿਰਦੀ, ਐਡਵੋਕੇਟ ਸੋਨਮ ਮਹੇ, ਐਡਵੋਕੇਟ ਰੀਆ ਬੜੈਚ। ਇਹ ਪ੍ਰੋਗਰਾਮ ਐਡਵੋਕੇਟ ਪ੍ਰਿਤਪਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਇਆ।

# ਫਰਿਜ਼ਨੋ ਕਾਉਂਟੀ ਵਿੱਚ ਇਸ ਤਰ੍ਹਾਂ ਹੋਵੇਗੀ ਕੋਰੋਨਾ ਵਾਇਰਸ ਟੀਕਾਕਰਣ ਦੀ ਯੋਜਨਾ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਅਮਰੀਕਾ ਵਿੱਚ ਕੋਰੋਨਾਂ ਵਾਇਰਸ ਮਹਾਂਮਾਰੀ ਦੇ ਇਲਾਜ ਲਈ ਫਾਈਜਰ ਦੇ ਟੀਕੇ ਨੂੰ ਮਨਜ਼ੂਰੀ ਮਿਲਣ ਤੋਂ ਬਾਅਦ ਟੀਕਾਕਰਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ।ਇਸ ਲਈ ਕੈਲੀਫੋਰਨੀਆਂ ਸੂਬੇ ਦੀ ਫਰਿਜ਼ਨੋ ਕਾਉਂਟੀ ਵੀ ਕੋਵਿਡ -19 ਟੀਕਿਆਂ ਦੇ ਆਉਣ ਦੀ ਤਿਆਰੀ ਕਰ ਰਹੀ ਹੈ।ਇਸ ਸੰਬੰਧੀ ਜਨਤਕ ਸਿਹਤ ਵਿਭਾਗ ਟੀਕੇ ਵੰਡਣ ਲਈ ਕਮਿਊਨਿਟੀ ਅਧਾਰਤ ਸੰਸਥਾਵਾਂ ਨਾਲ ਮਿਲ ਕੇ ਕੰਮ ਕਰੇਗਾ। ਫਰਿਜ਼ਨੋ ਦੇ ਸਿਹਤ ਅਧਿਕਾਰੀਆਂ ਦੁਆਰਾ ਕੈਲੀਫੋਰਨੀਆਂ ਦੇ ਜਨ ਸਿਹਤ ਵਿਭਾਗ ਨੂੰ ਦੱਸੀ ਗਈ ਯੋਜਨਾ ਅਨੁਸਾਰ ਪੈਰਾ ਮੈਡੀਕਲ ਅਤੇ ਫਾਇਰ ਏਜੰਸੀਆਂ ਦੇ ਨਾਲ ਕਈ ਪ੍ਰਮੁੱਖ ਹਸਪਤਾਲ ਜਿਵੇਂ ਕਿ ਕਮਿਊਨਿਟੀ ਰੀਜਨਲ ਮੈਡੀਕਲ ਸੈਂਟਰ, ਕਾਇਸਰ, ਸੇਂਟ ਐਗਨੇਸ ਅਤੇ ਐਡਵੈਂਟਿਸਟ ਹੈਲਥ ਵਰਗੇ ਵੱਡੇ ਹਸਪਤਾਲਾਂ ਨੂੰ ਟੀਕੇ ਦੀ ਪਹਿਲੀ ਖੇਪ ਮਿਲੇਗੀ ਜਿਸ ਨਾਲ ਕਿ ਕਈ ਕਮਿਊਨਿਟੀ ਮੈਡੀਕਲ ਪ੍ਰੋਵਾਈਡਰ ਜਿਵੇਂ ਕਿ ਪੀਚਵੁੱਡ ਮੈਡੀਕਲ ਸਮੂਹ, ਯੂਨਾਈਟਿਡ ਹੈਲਥ ਸੈਂਟਰ ਅਤੇ ਹੋਰ ਮੈਡੀਕਲ ਸਹੂਲਤਾਂ ਆਪਣੇ



ਕਰਮਚਾਰੀਆਂ ਨੂੰ ਟੀਕਾ ਲਗਾਉਣਗੇ।ਫਰਿਜ਼ਨੋ ਕਾਉਂਟੀ ਨੂੰ 15 ਦਸੰਬਰ ਦੇ ਨੇੜ ਕੋਰੋਨਾਂ ਟੀਕੇ ਦੀਆਂ ਦੋ ਵਾਰ ਮਿਲਣ ਵਾਲੀਆਂ ਖੁਰਾਕਾਂ ਵਿੱਚੋਂ 7,800 ਦੀ ਪਹਿਲੀ ਖੇਪ ਮਿਲਣ ਦੀ ਉਮੀਦ ਹੈ ਜਦਕਿ ਦੂਜੀ ਵੱਡੀ ਸਪਲਾਈ ਮਹੀਨੇ ਦੇ ਅੰਤ ਮਿਲਣ ਦੀ ਸੰਭਾਵਨਾ ਹੈ। ਟੀਕੇ ਸੰਬੰਧੀ ਗਵਰਨਰ ਗੈਵਿਨ ਨਿਊਸਮ ਦੇ ਟਵੀਟ ਅਨੁਸਾਰ ਕੁਝ ਟੀਕੇ ਹਫਤੇ ਦੇ ਅਖੀਰ ਤੱਕ ਰਾਜ ਵਿੱਚ ਪਹੁੰਚ ਸਕਦੇ ਹਨ। ਫਰਿਜ਼ਨੋ ਦੇ ਜ਼ਿਆਦਾਤਰ ਹਸਪਤਾਲਾਂ ਨੂੰ ਮਿਲਣ ਵਾਲੇ ਟੀਕਿਆਂ ਦੀ ਜਾਣਕਾਰੀ ਨਹੀਂ ਹੈ ਅਤੇ ਟੀਕੇ ਦੀਆਂ ਮਿਲਣ ਵਾਲੀਆਂ ਪਹਿਲੀਆਂ 7,800 ਖੁਰਾਕਾਂ ਹਸਪਤਾਲਾਂ ਦੇ ਸਾਰੇ ਕਰਮਚਾਰੀਆਂ ਲਈ ਕਾਫ਼ੀ ਨਹੀਂ ਹੋਣਗੀਆਂ ਕਿਉਂਕਿ ਇਕੱਲੇ ਕਮਿਊਨਿਟੀ ਮੈਡੀਕਲ ਸੈਂਟਰਾਂ ਦੇ ਹਸਪਤਾਲਾਂ ਵਿੱਚ ਹੀ ਲੱਗਭਗ 8,900 ਲੋਕ ਕੰਮ ਕਰਦੇ ਹਨ।

ਇਸਦੇ ਨਾਲ ਹੀ ਸੇਂਟ ਐਗਨੇਸ ਮੈਡੀਕਲ ਸੈਂਟਰ ਵਿੱਚ ਵੀ ਤਕਰੀਬਨ 2,900 ਕਰਮਚਾਰੀ ਅਤੇ ਲੱਗਭਗ 800 ਦੇ ਕਰੀਬ ਮੈਡੀਕਲ ਕਾਮੇ ਹਨ। ਇਸ ਵੇਲੇ ਕਾਉਂਟੀ ਦੇ ਸੇਂਟ ਐਗਨੇਸ ਹਸਪਤਾਲ ਵਿਚਲੇ ਸਿਹਤ ਕਾਮੇ ਜੋ ਕਿ ਸ਼ੱਕੀ ਜਾਂ ਪੁਸ਼ਟੀ ਕੀਤੇ ਹੋਏ ਕੋਰੋਨਾਂ ਦੇ ਮਰੀਜ਼ਾਂ ਨਾਲ ਕੰਮ ਕਰ ਰਹੇ ਹਨ ਉਹ ਟੀਕਾਕਰਣ ਲਈ ਪਹਿਲ ਵਿੱਚ ਹਨ। ਸੈਂਟ ਐਗਨੇਸ ਹਸਪਤਾਲ ਦੇ ਲੱਗਭਗ 145 ਸਟਾਫ ਮੈਂਬਰ ਸ਼ੁੱਕਰਵਾਰ ਨੂੰ ਕੁਆਰੰਟੀਨ ਕੀਤੇ ਗਏ ਹਨ ਕਿਉਂਕਿ ਉਹਨਾਂ ਵਿੱਚੋਂ ਲੱਗਭਗ 90% ਕਾਮਿਆਂ ਨੇ ਕੋਵਿਡ -19 ਲਈ ਸਕਾਰਾਤਮਕ ਟੈਸਟ ਕੀਤੇ ਹਨ।


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh

Cell : 530-870-6600 Fax : (530) 870-1429

532, Houston St.

West Sacramento, CA 95691

Email: myfuturetruck@gmail.com

Dharminder Singh

# ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ 'ਤੇ ਹੋਈ ਵਿਚਾਰ-ਚਰਚਾ- ਪ੍ਰੋ. ਜਗਮੋਹਨ ਸਿੰਘ ਨੇ ਕੀਤਾ ਸੰਬੋਧਨ

**ਜਲੰਧਰ (ਜਨਸੰਗਰਾਮ ਚੁੰਬਰ)–** ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਦੇ ਸਬੰਧ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਵਿਖੇ ਆਯੋਜਿਤ ਵਿਚਾਰ-ਚਰਚਾ ਵਿੱਚ ਜਮਹੂਰੀ ਅਧਿਕਾਰ ਸਭਾ ਦੇ ਜਨਰਲ ਸਕੱਤਰ ਪ੍ਰੋ. ਜਗਮੋਹਨ ਸਿੰਘ ਨੇ ਇਸ ਦਿਵਸ ਦੀ ਮਹੱਤਤਾ ਦਸਦੇ ਹੋਏ ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿੱਚ ਪਣਪੇ ਅਤੇ ਮਜ਼ਬੂਤ ਹੋਏ ਫਾਸ਼ੀਵਾਦ ਦੀ ਮਨੁੱਖਤਾ ਵਿਰੋਧ ਵਿਚਾਰਧਾਰਾ ਤੇ ਰੋਸ਼ਨੀ ਪਾਈ।





ਸਮਾਗਮ ਦੀ ਜਾਣਕਾਰੀ ਪ੍ਰੈਸ ਨਾਲ ਸਾਂਝੀ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਕਾਮਰੇਡ ਅਜਮੇਰ ਸਿੰਘ ਅਤੇ ਕਾਰਜਕਾਰੀ ਸਕੱਤਰ ਡਾ. ਪ੍ਰਮਿੰਦਰ ਸਿੰਘ ਨੇ ਕਿਹਾ ਕਿ ਪ੍ਰੋਫੈਸਰ ਜਗਮੋਹਨ ਸਿੰਘ ਨੇ 10 ਜਨਵਰੀ 1948 ਨੂੰ ਪਾਸ ਕੀਤੇ ਮਨੁੱਖੀ ਅਧਿਕਾਰਾਂ ਦੇ ਚਾਰਟਰ ਨੇ ਮਨੁੱਖੀ ਜ਼ਿੰਦਗੀ ਦੀ ਮਾਣਮੱਤੀ ਹੋਂਦ ਦਾ ਝੰਡਾ ਬਰਦਾਰ ਬਣਦੇ ਹੋਏ ਇਸ ਜ਼ਿੰਦਗੀ ਦੇ ਪਦਾਰਥਕ ਆਧਾਰ ਦੀ ਸਰਬਵਿਆਪੀ ਹੋਂਦ ਦਾ ਕੇਂਦਰੀ ਹਸਤੀ ਨੂੰ ਸਾਡੇ ਸਭ ਦੇ ਸਾਹਮਣੇ ਲਿਆਂਦਾ। ਇਸੇ ਸੰਦਰਭ ਵਿੱਚ ਉਹਨਾਂ ਨੇ ਫਾਸ਼ੀਵਾਦ ਦੇ ਬਾਹਰੋਂ ਨਜ਼ਰ ਆਉਂਦੇ ਲੋਕ ਭਲਾਈ ਖੋਲ ਦੀ ਅਸਲੀਅਤ ਦਾ ਪਰਦਾ ਚਾਕ ਕਰਦੇ ਇਸਦੇ ਜ਼ਾਲਮ ਅਤੇ ਕਿਰਤ ਵਿਰੋਧੀ ਖਾਸੇ ਨੂੰ ਪੇਸ਼ ਕੀਤਾ। ਅੱਜ ਦੇ ਕਿਸਾਨ ਸੰਘਰਸ਼ ਦੇ ਸੰਦਰਭ ਵਿੱਚ ਪ੍ਰੋਫੈਸਰ ਜਗਮੋਹਨ ਸਿੰਘ ਨੇ ਯੂ.ਐਨ.ਓ. ਦੁਆਰਾ ਕਿਸਾਨਾਂ ਲਈ ਜਾਰੀ ਕੀਤੇ ਐਲਾਨਨਾਮੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਅੱਜ ਕੇਂਦਰ ਦੀ ਮੋਦੀ ਹਕੂਮਤ ਦੁਆਰਾ ਕਿਸਾਨਾਂ ਪਾਸੋਂ ਸੰਘਰਸ਼ ਕਰਨ ਦੇ ਬੁਨਿਆਦੀ ਹੱਕਾਂ ਤੋਂ ਵਾਂਝਿਆ ਕਰਨਾ ਯੂ.ਐਨ.ਓ. ਦੇ ਇਸ ਐਲਾਨਨਾਮੇ ਦੀ ਗੰਭੀਰ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਯੂ.ਐਨ.ਓ. ਦੇ ਇਸ ਐਲਾਨਨਾਮੇ ਦੀਆਂ ਮੱਦਾ ਨੂੰ ਲਾਗੂ ਕਰਨਾ ਹੀ ਮੋਦੀ ਹਕੂਮਤ ਦੇ ਜਮਹੂਰੀਅਤ ਵਿਰੋਧੀ ਕਿਰਦਾਰ ਅਤੇ ਕਾਰਜਵਿਧੀ ਦਾ ਸਹੀ ਤੋੜ ਹੋ ਸਕਦਾ ਹੈ। ਸਨਅਤੀ ਮਜ਼ਦੂਰਾਂ ਦੇ ਹੱਕਾਂ ਦੀ ਗੱਲ ਕਰਦਿਆਂ ਪ੍ਰੋਫੈਸਰ ਜਗਮੋਹਨ ਸਿੰਘ ਨੇ ਮੋਦੀ ਹਕੂਮਤ ਦੁਆਰਾ ਕਿਰਤੀ ਕਾਨੂੰਨਾਂ ਵਿੱਚ ਕੀਤੀਆਂ ਗੰਭੀਰ ਤਬਦੀਲੀਆਂ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਅਜਿਹਾ ਕਰਕੇ ਇਸ ਹਕੂਮਤ ਨੇ ਵੱਡੇ ਕਾਰਪੋਰੇਟ ਹਿੱਤਾਂ ਦੀ ਰਾਖੀ ਕਰਦੇ ਹੋਏ ਸਮੁੱਚੇ ਮਜ਼ਦੂਰ ਵਰਗ ਦੇ ਹੱਕਾਂ ਤੇ ਇੱਕ ਵੱਡਾ ਛਾਪਾ ਮਾਰਿਆ ਹੈ। ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਪ੍ਰੋਫੈਸਰ ਜਗਮੋਹਨ ਸਿੰਘ ਨੇ ਗ਼ਦਰੀ ਬਾਬਿਆਂ ਦੇ ਲੋਕ ਪੱਖੀ ਸੁਨੇਹੇ 'ਤੇ ਵੀ ਜ਼ੋਰ ਦਿੱਤਾ। ਅੱਜ ਦੀ ਇਸ ਵਿਚਾਰ ਗੋਸ਼ਟੀ ਨੇ ਇੱਕ ਮਤੇ ਰਾਹੀਂ ਮੋਦੀ ਸਰਕਾਰ ਦੁਆਰਾ ਪਾਸ ਕੀਤੇ ਖੇਤੀ ਅਤੇ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕਰਦੇ ਹੋਏ ਕਿਸਾਨ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕੀਤੀ। ਇੱਕ ਹੋਰ ਮਤੇ ਰਾਹੀਂ ਸਟੈਨ ਸਵਾਮੀ, ਵਰਵਰਾ ਰਾਓ, ਸੁਦਾ ਭਾਰਦਵਾਜ, ਆਨੰਦ ਤੇਲਤੁੰਬੜੇ, ਗੌਤਮ ਨਵਲੱਖਾ, ਸਾਈ ਬਾਬਾ ਅਤੇ ਹੋਰ ਬੁੱਧੀਜੀਵੀਆਂ ਦੀ ਰਿਹਾਈ ਦੀ ਮੰਗ ਕੀਤੀ।

ਪ੍ਰਧਾਨਗੀ ਮੰਡਲ ਵਿਚ ਇੰਜ.ਸੀਤਲ ਸਿੰਘ ਸੰਘਾ, ਸੁਰਿੰਦਰ ਕੁਮਾਰੀ ਕੋਛੜ ਅਤੇ ਡਾ.ਪਰਮਿੰਦਰ ਸਿੰਘ ਸੁਸ਼ੋਭਿਤ ਸਨ। ਸੈਮੀਨਾਰ ਹਾਲ ਵਿੱਚ ਕਮੇਟੀ ਦੇ ਖਜ਼ਾਨਚੀ ਰਣਜੀਤ ਸਿੰਘ ਔਲਖ, ਕਮੇਟੀ ਮੈਂਬਰ ਬਲਵੀਰ ਕੌਰ ਬੁੰਡਾਲਾ, ਚਰੰਜੀ ਲਾਲ ਕੰਗਣੀਵਾਲ, ਹਰਮੇਸ਼ ਮਾਲੜੀ, ਗੋਪਾਲ ਸਿੰਘ ਬੁੱਟਰ, ਵਿਜੈ ਬੰਬੇਲੀ ਅਤੇ ਕ੍ਰਿਸ਼ਨਾ ਦੇ ਨਾਲ-ਨਾਲ ਜਸਵਿੰਦਰ ਭੋਗਲ, ਪਰਮਜੀਤ ਸਿੰਘ, ਯਸ਼ਪਾਲ ਝਬਾਲ, ਤਰਸੇਮ ਪੀਟਰ, ਕਸ਼ਮੀਰ ਸਿੰਘ ਘੁੱਗਸ਼ੋਰ, ਮੰਗਤ ਰਾਏ ਨੂਰਮਹਿਲ ਅਤੇ ਡਾ. ਸੈਲੇਸ਼ ਵੀ ਹਾਜ਼ਰ ਸਨ।

# ਹੁਸ਼ਿਆਰਪੁਰ 'ਚ 24 ਨਵੇ ਪਾਜੇਟਿਵ ਮਰੀਜ ਗਿਣਤੀ ਹੋਈ 7325 ਅਤੇ 2 ਦੀ ਮੌਤ

**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ)–** ਫਲੂ ਵਰਗੇ ਸ਼ੱਕੀ ਲੱਛਣਾ ਵਾਲੇ 1462 ਨਵੇ ਸੈਪਲ ਲੈਣ ਨਾਲ ਅਤੇ 1430 ਸੈਪਲਾਂ ਦੀ ਰਿਪੋਟ ਪ੍ਰਾਪਤ ਹੋਣ ਨਾਲ ਅਤੇ ਪਾਜੇਟਿਵ ਮਰੀਜਾਂ ਦੇ 24 ਨਵੇ ਕੇਸ ਆਉਣ ਨਾਲ ਕੁੱਲ ਪਾਜੇਟਿਵ ਮਰੀਜਾਂ ਦੀ ਗਿਣਤੀ 7325 ਹੋ ਗਈ ਹੈ। ਜਿਲੇ ਵਿੱਚ ਕੋਵਿਡ-19 ਦੇ ਅੱਜ ਤੱਕ ਲਏ ਗਏ ਕੁੱਲ ਸੈਪਲਾਂ ਦੀ ਗਿਣਤੀ 212474 ਹੋ ਗਈ ਹੈ ਤੇ ਲੈਬ ਤੋ ਪ੍ਰਾਪਤ ਰਿਪੋਟਾਂ ਅਨੁਸਾਰ 203856 ਸੈਪਲ ਨੈਗਟਿਵ, ਜਦ ਕਿ 2742 ਸੈਪਲਾਂ ਦੀ ਰਿਪੋਟ ਦਾ ਇੰਤਜਾਰ ਹੈ, 149 ਸੈਪਲ ਇਨਵੈਲਡ ਹਨ ਤੇ ਹੁਣ ਤੱਕ ਮੌਤਾਂ ਦੀ ਗਿਣਤੀ 279 ਹੈ। ਐਕਟਿਵ ਕੇਸਾ ਦੀ ਗਿਣਤੀ ਹੈ 181, ਜਦ ਕਿ ਠੀਕ ਹੋ ਕਿ ਘਰ ਗਏ ਮਰੀਜਾਂ ਦੀ ਗਿਣਤੀ 6865 ਹਨ। ਸਿਵਲ ਸਰਜਨ ਡਾ ਜਸਬੀਰ ਸਿੰਘ ਨੇ ਇਹ ਵੀ ਦੱਸਿਆ ਕਿ ਅੱਜ ਜਿਲਾਂ ਹੁਸ਼ਿਆਰਪੁਰ ਵਿੱਚ 24 ਪਾਜੇਟਿਵ ਕੇਸ ਆਏ ਹਨ, ਹੁਸ਼ਿਆਰਪੁਰ ਸ਼ਹਿਰ 7 ਕੇਸ ਸਬੰਧਿਤ ਹਨ ਜਦ ਕੇ ਬਾਕੀ ਜਿਲੇ ਦੇ ਸਿਹਤ ਕੇਦਰਾਂ ਦੇ 17 ਪਾਜੇਟਵ ਮਰੀਜ ਹਨ। ਹੁਸ਼ਿਆਰਪੁਰ ਜਿਲੇ ਵਿੱਚ ਕੋਰੋਨਾ ਨਾਲ ਅੱਜ ਦੋ ਮੌਤਾਂ ਹੋਈਆ ਹਨ 70 ਸਾਲਾ ਵਿਆਕਤੀ ਵਾਸੀ ਚੱਕ ਤਲਵੰਡੀ ਗੋਨੀ ਮੌਤ ਘਰ ਵਿੱਚ ਹੋਈ ਹੈ (2) 70 ਸਾਲਾ ਔਰਤ ਵਾਸੀ ਜਗਤਪੁਰਾ ਹੁਸ਼ਿਆਰਪੁਰ ਵਾਸੀ ਸਿਵਲ ਹਸਪਤਾਲ ਹੁਸ਼ਿਆਰਪੁਰ। ਸਿਵਲ ਸਰਜਨ ਲੋਕਾ ਨੂੰ ਅਪੀਲ ਕਰਾਦਿਆ ਕਿਹਾ ਕਿ ਕੋਵਿਡ 19 ਵਾਇਰਸ ਦੇ ਸਮਾਜਿਕ ਫਲਾਅ ਨੂੰ ਰੋਕਣ ਲਈ ਸਾਨੂੰ ਅਪਣੀ ਸੈਪਲਿੰਗ ਨਜਦੀਕੀ ਸਿਹਤ ਸੰਸਥਾ ਤੋ ਕਰਵਾਉਣੀ ਚਾਹੀਦੀ ਦੀ ਹੈ ਤਾਂ ਜੋ ਇਸ ਬਿਮਾਰੀ ਦਾ ਜਲਦ ਪਤਾ ਲੱਗਣ ਤੇ ਇਸ ਤੇ ਕੰਟਰੋਲ ਕੀਤਾ ਜਾ ਸਕੇ।



# ਗਾਇਕ ਰਾਜ ਦਦਰਾਲ ਤੇ ਸਰਬਜੀਤ ਮੱਟੂ ਦੇ ਧਾਰਮਿਕ ਗੀਤਾਂ ਦੀ ਰਿਕਾਡਿੰਗ ਸ਼ੁਰੂ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਦੋਆਬੇ ਦੇ ਮਾਣ ਮੱਤੇ ਸੁਰੀਲੇ ਗਾਇਕ ਰਾਜ ਦਦਰਾਲ ਵਲੋਂ ਅਨੇਕਾਂ ਮਿਸ਼ਨਰੀ ਤੇ ਧਾਰਮਿਕ ਗੀਤ ਸਰੋਤਿਆ ਦੇ ਸਨਮੁੱਖ ਕੀਤੇ ਤੇ ਹੁਣ ਸਤਿਗੁਰੂ ਰਵਿਦਾਸ ਜੀ ਦੇ 644ਵੇਂਪ੍ਰਗਟ ਦਿਵਸ ਨੂੰ ਮੁੱਖ ਰੱਖਦੇ ਹੋਏ ਕ੍ਰਾਂਤੀਕਾਰੀ ਗੀਤਾਂ ਦੀ ਰਿਕਾਡਿੰਗ ਸ਼ੁਰੂ ਕੀਤੀ ਗਈ ਜਾਣਕਾਰੀ ਦਿੰਦੇ ਹੋਏ ਰਾਜ ਦਦਰਾਲ ਨੇ ਦੱਸਿਆ ਕਿ ਜਿਨਾਂ ਮਹਾਨ ਰਹਿਬਰਾਂ ਨੇ ਸਾਡੇ ਸਮਾਜ ਨੂੰ ਆਪਣੇ ਭਵਿੱਖ ਚੰਗਾ ਬਣਾਉਣ ਲਈ ਆਪਣਾ ਕੀਮਤੀ ਸਮਾਂ ਸਮਾਜ ਲਈ ਕੁਰਬਾਨ ਕਰ ਦਿਤਾ ਸਾਨੂੰ ਉਨਾਂ ਦੇ ਮਿਸ਼ਨ ਨੂੰ ਘਰ ਘਰ ਤੱਕ ਪਹੁੰਚਾਉਣ ਲਈ ਇਸ ਤਰਾਂ ਦੇ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਸਾਡਾ ਸਮਾਜ ਜਾਗਰੁਕ ਹੋ ਕੇ ਆਪਣੇ ਸਮਾਜ ਦਾ ਚੰਗਾ ਰੁਤਬਾ ਬਣ ਸਕੇ ਤੇ ਇਨਾਂ



ਗੀਤਾਂ ਨੂੰ ਮਿਸ਼ਨਰੀ ਗੀਤਕਾਰ ਅਮਰਜੀਤ ਬੇਗਮਪੁਰੀ ਕਨੇਡਾ ਨੇ ਕਲਮਬੱਧ ਕੀਤਾ ਤੇ ਇਸ ਨੂੰ ਸੰਗੀਤਕ ਧੁਨਾਂ ਨਾਲ ਬੀਆਰ ਡਿਮਾਣਾ ਨੇ ਸ਼ਿੰਗਾਰਿਆ ਤੇ ਇਨਾਂ ਗੀਤਾਂ ਚ ਮੇਰਾ ਸਾਥ ਸੁਰੀਲੀ ਗਾਇਕਾ ਸਰਬਜੀਤ ਮੱਟੂ ਨੇ ਦਿਤਾ ਤੇ ਬਹੁਤ ਜਲਦ ਇਸ ਦੀ ਆਡੀਓ ਮੁਕੰਮਲ ਕਰਕੇ ਇਸ ਦਾ ਵੀਡੀਓ ਵੀ ਕੀਤਾ ਜਾਵੇਗਾ ਤੇ ਨਾਮਵਰ ਸੰਗੀਤਕ ਕੰਪਨੀ ਦੇ ਲੇਬਲ ਤਹਿਤ ਸੰਗਤਾਂ ਦੇ ਸਨਮੁੱਖ ਕੀਤਾ ਜਾਵੇਗਾ ਤੇ ਇਸ ਟਰੈਕ ਨੂੰ ਬਿੱਲ ਬਸਰਾ ਕਨੇਡਾ, ਜੱਸੀ ਰਾਜੂ ਕਨੇਡਾ,ਰਤਨ ਜੱਖੂ ਕਨੇਡਾ, ਸੇਵਾ ਸਿੰਘ ਵਿਰਦੀ,ਅਵਤਾਰ ਦਦਰਾਲ ਕਨੇਡਾ ,ਸਟੀਵਨ ਬੇਗਮ ਪੁਰੀ ਤੇ ਹੋਰ ਮਿਸ਼ਨਰੀ ਸ਼ਖਸ਼ੀਅਤਾਂ ਦੇ ਸਹਿਜੋਗ ਨਾਲ ਤਿਆਰ ਕੀਤੀ ਜਾ ਰਹੀ ਹੈ ਆਸ ਕਰਦਾ ਹਾਂ ਕਿ ਜਿਸ ਤਰਾਂ ਮੇਰੀਆਂ ਪਹਿਲਾਂ ਆਈਆ ਸਾਰੀਆਂ ਟੇਪਾਂ ਨੂੰ ਬਹੁਤ ਪਸੰਦ ਕੀਤਾ ਸੰਗਤਾਂ ਇਸ ਟਰੈਕ ਨੂੰ ਮਣਾ ਮੂੰਹੀ ਪਿਆਰ ਦੇਣਗੀਆਂ।

# ਕਿਤੇ ਅਸੀ ਭੁੱਲ ਨਾ ਜਾਈਏ

ਆਪਣੇ ਇਤਿਹਾਸ ਨਾਲ ਜੁੜੀਆਂ ਕੌਮਾਂ ਹੀ ਨਵਾਂ ਇਤਿਹਾਸ ਤੇ ਨਰੋਆ ਸਭਿਆਚਾਰ ਸਿਰਜਣ ਦੇ ਸਮਰੱਥ ਬਣਦੀਆਂ ਹਨ। ਇਤਿਹਾਸ ਨੂੰ ਭੁੱਲ ਜਾਣ ਵਾਲੇ ਲੋਕ, ਤਖਤੀ ਦੇ ਗ਼ਲਤ ਅੱਖਰ ਦੀ ਤਰ੍ਹਾਂ ਜਾਂ ਤਾਂ ਮਿਟ ਜਾਂਦੇ ਹਨ ਤੇ ਜਾਂ ਫਿਰ ਗੁਲਾਮਾਂ ਦਾ ਚੌਣਾਂ ਬਣ ਜੰਦੇ ਹਨ। ਗੁਲਾਮ ਬਣਕੇ ਉਹਨਾਂ ਦੇ ਪੱਲੇ ਪੈਂਦੀ ਐ ਜਹਾਲਤ, ਜ਼ਲਾਲਤ, ਅਪਮਾਨ, ਭੁੱਖ ਨੰਗ, ਕੰਗਾਲੀ, ਗਰੀਬੀ ਤੇ ਕਲੰਕਤ ਜਿੰਦਗੀ। ਦਾਦਿਆਂ, ਬਾਬਿਆਂ ਦੀਆਂ ਸੁੱਚੀਆਂ ਕਥਾ ਕਹਾਣੀਆਂ ਤੇ ਅਲੌਕਿਕ ਗਾਥਾਵਾਂ ਸਾਹ ਸਤਹੀਣ ਹੋਈਆਂ ਕੌਮਾਂ ਵਿਚ ਨਵੀਂ ਰੂਹ ਫੂਕ ਦੇਣ ਦੇ ਸਮਰੱਥ ਹੋ ਨਿਬੜਦੀਆਂ ਹਨ।

ਬਹੁਜਨ ਸਮਾਜ ਪਾਰਟੀ ਆਪਣੇ ਰਹਿਬਰਾਂ ਦੇ ਕੀਤੇ ਕਾਰਨਾਮੇ ਯਾਦ ਕਰਦਿਆਂ ਸਮਾਜ ਨੂੰ ਏਕੇ ਦੀ ਲੜੀ ਚ ਪਰੋ ਕੇ ਆਪਣਾ ਖੁੱਸਿਆ ਰਾਜ ਭਾਗ ਮੁੜ ਬਹਾਲ ਕਰਨ ਲਈ ਯਤਨਸ਼ੀਲ ਹੈ।

"ਕਿਤੇ ਅਸੀਂ ਆਪਣੇ ਰਹਿਬਰਾਂ ਨੂੰ ਭੁੱਲ ਨਾ ਜਾਈਏ" ਲੜੀ ਤਹਿਤ ਪਾਰਟੀ ਵੱਲੋਂ ਮਿਤੀ 23 ਦਸੰਬਰ 2020 ਦਿਨ ਬੁੱਧਵਾਰ ਨੂੰ 11-00 ਵਜੇ ਸਵੇਰੇ ਚਮਕੌਰ ਸਾਹਿਬ ਦੇ ਸਿਰਮੌਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਜੀ ਦਾ ਸ਼ਹੀਦੀ ਦਿਵਸ ਸ਼ਹੀਦੀ ਸਮਾਰਕ ਕੋਟ ਕਪੂਰਾ ਵਿਖੇ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਦੇ ਮੁੱਖ ਮਹਿਮਾਨ ਮਾਨਯੋਗ ਰਣਧੀਰ ਸਿੰਘ ਬੈਨੀਵਾਲ ਇੰਚਾਰਜ ਬੀਐਸਪੀ ਪੰਜਾਬ ਤੇ ਚੰਡੀਗੜ੍ਹ ਹੋਣਗੇ। ਇਸ ਸਮਾਗਮ ਵਿਚ ਜ਼ਿਲ੍ਹਾ ਮੋਗਾ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ ਤੇ ਫਿਰੋਜ਼ਪੁਰ ਦੇ ਕਾਰਜਕਰਤਾ ਤੇ ਆਗੂ ਸਾਥੀਆਂ ਸਮੇਤ ਸ਼ਮੂਲੀਅਤ ਕਰਨਗੇ।

ਪਾਰਟੀ ਵਲੋਂ ਇਕੱਠੀ ਕੀਤੀ ਜਾ ਰਹੀ ਆਰਥਿਕ ਸਹਿਯੋਗ ਰਾਸ਼ੀ ਦਾ ਮਿਥਿਆ ਟੀਚਾ ਇਸ ਮੌਕੇ ਜਮਾਂ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇ। ਇਹ ਅਤਿ ਜਰੂਰੀ ਹੈ।



**–ਲਾਲ ਸਿੰਘ ਸੁਲਹਾਣੀ**
**ਜਰਨਲ ਸਕੱਤਰ**
**ਬਹੁਜਨ ਸਮਾਜ ਪਾਰਟੀ, ਪੰਜਾਬ**




NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928



'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com

## ਡਾ. ਅੰਬੇਦਕਰ ਐਜੂਕੇਸ਼ਨਲ ਏਡ ਸੁਸਾਇਟੀ, ਫਰੀਮਾਂਟ (ਕੈਲੇਫੋਰਨੀਆ) ਦੇ ਚੇਅਰਮੈਨ, ਉੱਘੇ ਸਮਾਜ ਸੇਵੀ, ਨਾਮਵਰ ਸ਼ਖਸੀਅਤ

# ਸ੍ਰੀ ਰਾਮ ਮੂਰਤੀ ਸਰੋਏ

ਵੱਲੋਂ ਕਿਸਾਨ ਭਰਾਵਾਂ ਦੇ ਅੰਦੋਲਨ ਦੀ ਪੂਰਨ ਹਮਾਇਤ ਕਰਦੇ ਹੋਏ ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਨੂੰ ਬੇਨਤੀ ਹੈ ਕਿ ਕਿਸਾਨ ਸਮੱਸਿਆਵਾਂ ਦਾ ਜਲਦੀ ਹੱਲ ਕੱਢਿਆ ਜਾਵੇ ਤਾਂ ਜੋ ਪੰਜਾਬ ਅਤੇ ਪੂਰੇ ਭਾਰਤ ਦਾ ਕਿਸਾਨ ਅੰਦੋਲਨ ਚੰਗੇ ਮਾਹੌਲ ਵਿਚ ਸੰਪੰਨ ਹੋਵੇ ਅਤੇ ਲੋਕ ਆਪੋ-ਆਪਣੇ ਪਰਿਵਾਰਾਂ ਨਾਲ ਘਰਾਂ ਨੂੰ ਪਰਤਣ।



Ram Saroay Office: (510) 742-8120, Cell; (510) 368-3983



# ਮਾਂਵਾਂ ਨੇ ਜਸਵੀਰ ਰਾਣਾ ਦੀ ਨਵੀ ਕਥਾ ਪੁਸਤਕ "ਉਰਫ ਰੋਸ਼ੀ ਜੱਲਾਦ" ਲੋਕ ਅਰਪਣ ਕੀਤੀ

ਸਾਹਿਤ ਸਿਰਜਣਾ ਮੰਚ ਅਮਰਗੜ੍ਹ ਵੱਲੋਂ ਕਹਾਣੀਕਾਰ ਜਸਵੀਰ ਰਾਣਾ ਦੀ ਚੌਥੀ ਕਥਾ ਪੁਸਤਕ " ਉਰਫ ਰੋਸ਼ੀ ਜੱਲਾਦ " ਸ਼ਾਨ ਵਿਲਾ ਅਮਰਗੜ੍ਹ ਵਿਖੇ ਲੋਕ ਅਰਪਣ ਕੀਤੀ ਗਈ। ਮਾਂ ਚਰਨ ਕੌਰ ਦੀ ਯਾਦ ਵਿੱਚ ਘਰ ਵਿਚ ਹੀ ਆਯੋਜਿਤ ਕੀਤਾ ਗਿਆ ਇਹ ਗੈਰ ਰਸਮੀ ਸਮਾਗਮ ਰਸਮੀ ਸਾਹਿਤ ਸਮਾਗਮਾਂ ਤੋਂ ਬਿਲਕੁਲ ਵੱਖਰਾ ਸੀ। ਇਸ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰਸਿੱਧ ਲੇਖਕਾਂ ਦੀ ਥਾਂ ਮਾਸੀ ਪਰਮਜੀਤ ਕੌਰ, ਮਾਸੀ ਹਰਪਾਲ ਕੌਰ, ਬੀਜੀ ਭਗਵੰਤ ਕੌਰ, ਬੀਜੀ ਹਰਬੰਸ ਕੌਰ, ਭੂਆ ਗੁਰਦੇਵ ਕੌਰ ਤੇ ਆਂਟੀ ਜਸਪਾਲ ਕੌਰ ਸ਼ਾਮਿਲ ਹੋਏ।ਸਭ ਤੋਂ ਪਹਿਲਾਂ ਸਾਰੀਆਂ ਮਾਂਵਾਂ ਨੇ ਹਾਜਰ ਲੇਖਕ ਦੋਸਤਾਂ ਨਾਲ ਰਲ ਕੇ ਪੁਸਤਕ ਲੋਕ ਅਰਪਣ ਕੀਤੀ। ਇਹ ਉਪਰੰਤ ਛੋਟੀ ਬੱਚੀ ਜਪਨੀਤ ਕੌਰ ਨੇ ਬਾਲ ਕਵਿਤਾ ਨਾਲ ਸਮਾਗਮ ਦਾ ਆਗਾਜ਼ ਕੀਤਾ। ਪਰਚਾ ਪੜ੍ਹਨ ਦੀ ਥਾਂ ਮਲੋਟ ਤੋਂ ਆਈ ਮਾਂ ਅਮਰਜੀਤ ਕੌਰ ਅਮਰ ਨੇ ਚਾਰ ਸਫਿਆਂ ਦੀ ਲੰਬੀ ਕਵਿਤਾ " ਜਸਵੀਰ ਸਿੰਘ ਰਾਣਾ " ਪੜ੍ਹ ਕੇ ਲੇਖਕ ਦੇ ਜੀਵਨ ਅਤੇ ਰਚਨਾ ਸੰਸਾਰ ਨਾਲ ਸੰਵਾਦ ਰਚਾਇਆ। ਚਿੱਤਰਕਾਰ ਜੋੜੀ ਦਿਲਪ੍ਰੀਤ ਸਿੰਘ ਤੇ ਸੁਖਪ੍ਰੀਤ ਕੌਰ ਨੇ ਰਾਣਾ ਨੂੰ ਮਾਂ ਚਰਨ ਕੌਰ ਦੀ ਆਪਣੇ ਹੱਥਾਂ ਨਾਲ ਬਣਾਈ ਖੂਬਸੂਰਤ ਪੇਟਿੰਗ ਭੇਂਟ ਕੀਤੀ। ਵਿਚਾਰ ਚਰਚਾ ਦੀ ਰਵਾਇਤੀ ਲੜੀ ਨੂੰ ਛੱਡ ਕੇ ਮਾਂ, ਪੁਸਤਕ ਤੇ ਕਹਾਣੀਆਂ ਬਾਰੇ ਗੈਰ ਰਸਮੀ ਸੰਵਾਦ ਰਚਾਇਆ ਗਿਆ। ਇਸ ਵਿੱਚ ਪ੍ਰਧਾਨਗੀ ਮੰਡਲ ਦੀ



ਪ੍ਰਤੀਨਿਧਤਾ ਕਰਦੇ ਹੋਏ ਮਾਸੀ ਪਰਮਜੀਤ ਕੌਰ ਨੇ ਮਾਂ ਬਾਰੇ ਭਾਵੁਕ ਯਾਦਾਂ ਸਾਂਝੀਆਂ ਕੀਤੀਆਂ। ਉਸ ਵਕਤ ਮਾਹੌਲ ਦਾ ਭਾਵੁਕ , ਬੌਧਿਕ ਤੇ ਸਾਹਿਤਕ ਰੰਗ ਸਿਖਰ 'ਤੇ ਪੁੱਜ ਗਿਆ ਜਦੋਂ ਹਰ ਵਕਤਾ ਵਾਰੀ ਵਾਰੀ ਮੰਚ 'ਤੇ ਆ ਕੇ ਕਦੇ ਰੋਣ ਲੱਗ ਪੈਂਦਾ , ਕਦੇ ਪੁਸਤਕ ਦੀ ਵਧਾਈ ਦੇ ਕੇ ਕਹਾਣੀਆਂ ਦੀ ਗੱਲ ਕਰਨ ਲੱਗ ਪੈਂਦਾ। ਹੰਝੂਆਂ ਤੇ ਵਧਾਈਆਂ ਵਿੱਚ ਡੁੱਬਿਆ ਇਹ ਸਮਾਗਮ ਆਪਣੀ ਮਿਸਾਲ ਆਪ ਸੀ। ਘਰ,ਪਰਿਵਾਰ, ਸਮਾਜ ਤੇ ਸਾਹਿਤ ਦੇ ਖੇਤਰ ਵਿੱਚ ਨਵੀਂ ਪਿਰਤ ਪਾਉਣ ਵਾਲੇ ਇਸ ਸਮਾਗਮ ਵਿੱਚ ਸ਼ਾਮਿਲ ਹੋ ਕੇ ਸੰਵਾਦ ਰਚਾਉਣ ਵਾਲੇ ਵਿਦਵਾਨ ਲੇਖਕਾਂ, ਸਰੋਤਿਆਂ ਤੇ ਦੋਸਤਾਂ ਵਿੱਚ ਨਾਵਲਕਾਰ ਹਰਜੀਤ ਕੌਰ ਵਿਰਕ , ਗਗਨ ਵਿਰਕ, ਸੰਦੀਪ ਬਦੇਸ਼ਾ, ਡਾ ਬਿੰਦਰ ਭੁਮਸੀ, ਰਵੀਦੀਪ ਸਿੰਘ, ਪਾਲੀ ਖਾਦਿਮ, ਕਹਾਣੀਕਾਰ ਜਤਿੰਦਰ ਹਾਂਸ ,ਅਸ਼ਵਨੀ ਬਾਗੜੀਆਂ, ਪ੍ਰਿੰ ਸੁਭਾਸ਼ ਭਾਰਦਵਾਜ, ਪ੍ਰਿੰ ਸੁਖਜੀਤ ਕੌਰ, ਕਰਨਵੀਰ ਸਿੰਘ, ਜਗਸੀਰ ਗਿੱਲ, ਰਣਧੀਰ ਬਾਗੜੀਆਂ, ਬਲਬੀਰ ਸਿੰਘ ਸੋਹੀ, ਮਹਿੰਦਰ ਸਿੰਘ ਸੋਹੀ, ਡਾ ਸਿਮਰਜੀਤ ਕੌਰ ਬਰਾੜ, ਯਾਤਿੰਦਰ ਮਾਹਲ, ਜਗਦੀਪ ਸਿੰਘ, ਜਸਰੀਤ ਕੌਰ, ਹਰਪ੍ਰੀਤ ਦੁੱਗਰੀ, ਮਾਸਟਰ ਮੇਜਰ ਸਿੰਘ, ਹਰਮੇਲ ਕੌਰ, ਸਰੋਜ ਰਾਣੀ, ਗੀਤਾ ਸ਼ਰਮਾ, ਸਵਰਨ ਕੌਰ ਰਾਜੂ, ਲਵਲੀਨ ਕੌਰ ਸ਼ਾਲੂ, ਅਨੁਤਾਸ਼ ਕੌਰ ਆਸ਼ੀਮਾ, ਸ਼ਾਨਵੀਰ ਸਿੰਘ, ਮਨਦੀਪ ਕੌਰ ਰਿੰਪਲ ਅਤੇ ਪਿੰਡ ਦੇ ਬਹੁਤ ਸਾਰੇ ਬੱਚੇ ਤੇ ਆਮ ਲੋਕ ਸ਼ਾਮਿਲ ਸਨ। ਸਮਾਗਮ ਦੇ ਅੰਤ ਵਿੱਚ ਕਹਾਣੀਕਾਰ ਜਸਵੀਰ ਰਾਣਾ ਨੇ ਮਾਂ ਦੀਆਂ ਯਾਦਾਂ ਸਾਂਝੀਆਂ ਕਰਦੇ ਹਰ ਅੱਖ ਹੰਝੂਆਂ ਨਾਲ ਨਮ ਕਰ ਦਿੱਤੀ ਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸਮੁੱਚੇ ਸਮਾਗਮ ਦਾ ਮੰਚ ਸੰਚਾਲਨ ਕਰਦੇ ਹੋਏ ਡਾ ਗੁਰਮੀਤ ਕੌਰ ਨੇ ਸਾਬਿਤ ਕੀਤਾ ਕਿ ਅਜੋਕੇ ਸਮੇਂ ਵਿੱਚ ਹਰ ਮਾਂ ਦੀ ਧੀ ਨੂੰ ਹੌਸਲੇ ਨਾਲ ਖੜ੍ਹ ਕੇ ਆਪਣੀ ਗੱਲ ਰੱਖਣੀ ਚਾਹੀਦੀ ਹੈ।

## ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਕੈਲੇਫੋਰਨੀਆ) ਦੇ ਅਨਿਨ ਸੇਵਾਦਾਰ ਸ੍ਰੀ ਕਲੇਅ ਜੌਹਨਸਟਨ ਦੇ ਪਿਤਾ ਦਾ ਸਵਰਗਵਾਸ



ਸ੍ਰੀ ਕਲੇਅ ਜੌਹਨਸਟਨ ਆਪਣੇ ਪਿਤਾ ਸ੍ਰੀ ਰਾਬਰਟ ਈ. ਜੌਹਨਸਟਨ ਨਾਲ ਇਕ ਯਾਦਗਾਰੀ ਤਸਵੀਰ

ਸ੍ਰੀ ਰਾਬਰਟ ਈ. ਜੌਹਨਸਟਨ | ਸ੍ਰੀ ਕਲੇਅ ਜੌਹਨਸਟਨ

ਇਹ ਖਬਰ ਬੜੇ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਗੁਰੂ ਘਰ ਦੇ ਅਨਿਨ ਸੇਵਾਦਾਰ ਸ੍ਰੀ ਕਲੇਅ ਜੌਹਨਸਟਨ ਦੇ ਪਿਤਾ ਸ੍ਰੀ ਰਾਬਰਟ ਈ. ਜੌਹਨਸਟਨ ਬੀਤੀ 8 ਦਸੰਬਰ ਨੂੰ ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਦਾ ਜਨਮ 3 ਦਸੰਬਰ 1930 ਨੂੰ ਔਕਲੈਂਡ (ਕੈਲੇਫੋਰਨੀਆ) ਵਿਚ ਹੋਇਆ ਸੀ। ਉਹਨਾਂ ਦੇ ਸਵਰਗ ਸਿਧਾਰ ਜਾਣ ਕਾਰਨ ਅਮੈਰਿਕਨ/ ਪੰਜਾਬੀ ਜਗਤ ਵਿਚ ਸੋਗ ਦੀ ਲਹਿਰ ਹੈ। ਗੁਰੂ ਘਰ ਅਤੇ ਅਦਾਰਾ 'ਦੇਸ਼ ਦੁਆਬਾ' ਉਹਨਾਂ ਨੂੰ ਭਾਵ ਭਿੰਨੀ ਸ਼ਰਧਾਂਜਲੀ ਦਿੰਦਿਆਂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕਰਦਾ ਹੈ। *ਤਸਵੀਰ ਅਤੇ ਵੇਰਵਾ- ਅਜੇ ਪਡਵੱਗਾ*

## ਭਾਰਤ ਦੇਸ਼ ਦੇ ਮੂਲਨਿਵਾਸੀਆਂ ਨੂੰ ਏਕਤਾ ਦਾ ਸੰਦੇਸ਼ ਦਿੰਦਾ ਹੋਇਆ ਮਲਕੀਤ ਬਬੇਲੀ ਦਾ ਸਿੰਗਲ ਟ੍ਰੈਕ "ਦਿੱਲੀ ਉੱਤੇ ਰਾਜ" ਹੋਇਆ ਰਿਲੀਜ

ਆਪਣੇ ਗੀਤ "ਮਜ਼ਦੂਰ", "ਕਾਂਸ਼ੀ ਰਾਮ ਸੂਰਮਾ" ਅਤੇ ਬਹੁਤ ਸਾਰੇ ਗੀਤਾਂ ਨਾਲ ਚਰਚਾ ਵਿੱਚ ਰਹੇ ਗਾਇਕ ਮਲਕੀਤ ਬਬੇਲੀ, ਇੱਕ ਵਾਰ ਫਿਰ ਸਾਊਂਡ ਵੇਵਜ ਮਿਊਜ਼ਿਕ ਕੰਪਨੀ ਦੇ ਬੈਨਰ ਹੇਠ ਆਪਣਾ ਸਿੰਗਲ ਟ੍ਰੈਕ ਗੀਤ "ਦਿੱਲੀ ਉੱਤੇ ਰਾਜ" ਲੈ ਕੇ ਆ ਰਿਹਾ ਹੈ । ਇਸ ਗੀਤ ਬਾਰੇ ਜਾਣਕਾਰੀ ਦਿੰਦੇ ਹੋਏ , ਇਸ ਗੀਤ ਦੇ ਗੀਤਕਾਰ ਸੁਰਿੰਦਰ ਕੁਮਾਰ ਮਾਹੀ ਜੀ ਨੇ ਦੱਸਿਆ ਕਿ ਇਹ ਗੀਤ 15 ਦਸੰਬਰ 2020 ਨੂੰ YouTube ਤੇ ਰਿਲੀਜ ਹੋ ਚੁੱਕਾ ਹੈ । ਇਸ ਗੀਤ ਨੂੰ ਤੁਸੀਂ "Sound Waves Music Company" ਦੇ ਚੈਨਲ ਉੱਪਰ ਜਾਕੇ ਦੇਖ ਸਕਦੇ ਹੋ। ਸੁਰਿੰਦਰ ਕੁਮਾਰ ਮਾਹੀ ਜੀ ਨੇ ਦੱਸਿਆ ਕਿ ਇਸ ਗੀਤ ਦੇ ਪ੍ਰੋਡਿਊਸਰ ਪਵਨ ਮਾਹੀ ਹਨ, ਗੀਤ ਦਾ ਸੰਗੀਤ ਸਾਹਿਬ ਹੀਰਾ ਨੇ ਦਿੱਤਾ ਤੇ ਵੀਡਿਓ ਡਾਇਰੈਕਟਰ ਜਸਵਿੰਦਰ ਬੱਲ ਹਨ, ਉਹਨਾਂ ਅੱਗੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਗੀਤ ਦੀ ਐਡਿਟਿੰਗ




ਸੁਰਤਾਲ ਸਟੂਡਿਓ ਵੱਲੋਂ ਕੀਤੀ ਗਈ ਹੈ, ਇਸ ਗੀਤ ਦੇ ਕੈਮਰਾਮੈਨ ਸੁਖਜਿੰਦਰ-ਗੁਰਵੀਰ ਅਤੇ ਚੰਦਰ ਮੋਹਨ ਯੂ ਐਸ ਏ ਹਨ ਅਤੇ ਇਸ ਗੀਤ ਨੂੰ ਪੇਸ਼ਕਸ਼ ਰਾਜਵਿੰਦਰ ਕੋਰ, ਅਮਨ ਮਾਹੀ, ਰਣਜੀਤ ਮਾਹੀ ਤੇ ਮਾਹੀ ਬ੍ਰਦਰਜ ਨੇ ਕੀਤਾ ਹੈ।

ਉਹਨਾਂ ਨੇ ਦੱਸਿਆ ਕਿ ਇਹ ਗੀਤ ਭਾਰਤ ਦੇਸ਼ ਦੇ ਮੂਲਨਿਵਾਸੀਆਂ ਨੂੰ ਆਪਸ ਵਿੱਚ ਏਕਤਾ ਬਣਾ ਕੇ ਦੇਸ਼ ਵਿੱਚ ਆਪਣਾ ਰਾਜ ਲਿਆਉਣ ਲਈ ਪ੍ਰੇਰਿਤ ਕਰਦਾ ਹੈ । ਉਹਨਾਂ ਨੇ ਦੱਸਿਆ ਜਿੱਥੇ ਇਹ ਗੀਤ ਗਾਇਕ ਮਲਕੀਤ ਬਬੇਲੀ ਜੀ ਨੇ ਆਪਣੀ ਬੁਲੰਦ ਆਵਾਜ਼ ਵਿੱਚ ਗਾਇਆ ਹੈ ਉੱਥੇ ਇਸ ਗੀਤ ਦੇ ਸੰਗੀਤਕਾਰ ਸਾਹਿਬ ਹੀਰਾ ਜੀ ਨੇ ਇਸ ਗੀਤ ਨੂੰ ਚਾਰ ਚੰਨ ਲਾਏ ਹਨ। ਸੁਰਿੰਦਰ ਕੁਮਾਰ ਮਾਹੀ ਜੀ ਨੇ ਦੱਸਿਆ ਕਿ ਅਸੀਂ ਕਰਦੇ ਹਾਂ ਕਿ ਇਹ ਗੀਤ ਦੇਸ਼ ਦੇ ਮੂਲਨਿਵਾਸੀਆਂ ਨੂੰ ਏਕਤਾ ਦਾ ਸੰਦੇਸ਼ ਦੇਣ ਲਈ ਆਪਣਾ ਯੋਗਦਾਨ ਪਾਵੇਗਾ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ ਟੀ.ਈ.ਸੀ.ਟੀ (ਟੈਕਟ-"53")' ਐਵਾਰਡ ਲਈ ਅੰਤਿਮ ਦੌਰ 'ਚ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਦੇ ਸ਼ਹਿਰ ਟੌਰੰਗਾ ਵਿਖੇ 1992 ਤੋਂ ਟੌਰੰਗਾ ਇਲੈਕਟ੍ਰਿਕ ਪਾਵਰ ਬੋਰਡ ਤੋਂ ਬਣਿਆ 'ਟ੍ਰਸਟ ਪਾਵਰ' ਆਪਣਾ ਸਫਰ 28ਵੇਂ ਸਾਲ ਵਿਚ ਲੈ ਗਿਆ ਹੈ। ਇਹ 'ਟ੍ਰਸਟ ਪਾਵਰ' ਜਿੱਥੇ ਆਰਥਿਕ ਪੱਖੋਂ ਬਹੁਤ ਮਜ਼ਬੂਤ ਹੈ ਉਥੇ ਵਕਾਰੀ ਕਮਿਊਨਿਟੀ ਐਵਾਰਡ ਨੂੰ ਹਰ ਸਾਲ ਦਿੰਦਾ ਹੈ। ਜਿਸ ਨੂੰ ਟੈਕਟ ਕਮਿਊਨਿਟੀ ਐਵਾਰਡਜ਼ ਵੱਜੋਂ ਜਾਣਿਆ ਜਾਂਦਾ ਹੈ। ਨਿਊਜ਼ੀਲੈਂਡ ਵਸਦੇ ਭਾਰਤੀ ਖਾਸ ਕਰ ਸਿੱਖ ਭਾਈਚਾਰੇ ਨੂੰ ਇਸ ਗੱਲ ਦੀ ਬੜੀ ਖੁਸ਼ੀ ਹੋਵੇਗੀ ਕਿ ਇਸ ਬਿਲੀਅਨ ਡਾਲਰ ਟ੍ਰਸਟ ਵੱਲੋਂ ਇਕ ਸ਼੍ਰੇਣੀ 'ਡਾਇਵਰਸਿਟੀ ਐਂਡ ਇਨਕਲੂਜ਼ਨ' ਦੇ ਵਿਚ 'ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ' ਅੰਤਿਮ ਗੇੜ ਦੇ ਵਿਚ ਪਹੁੰਚ ਗਿਆ ਹੈ। ਇਸ ਸ਼੍ਰੇਣੀ ਦੇ ਵਿਚ ਚਾਰ ਹੋਰ ਨਾਂਅ ਵੀ ਨਾਮਜ਼ਦ ਸਨ। ਜੱਜਾਂ ਦੇ ਪੈਨਲ ਵੱਲੋਂ ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ ਨੂੰ ਸੰਗਤਾਂ ਦੇ ਸਹਿਯੋਗ ਨਾਲ ਵੰਨਸੁਵੰਨਤਾ ਭਰੇ ਸਮਾਜਿਕ ਕਾਰਜਾਂ ਅਤੇ ਹੋਰ ਕਮਿਊਨਿਟੀ ਕਾਰਜਾਂ ਦੇ ਵਿਚ ਕੀਤੀ ਜਾਂਦੀ ਰਹੀ ਸ਼ਮੂਲੀਅਤ ਦੇ ਲਈ ਅੰਤਿਮ ਗੇੜ ਲਈ ਚੁਣਿਆ ਗਿਆ ਹੈ। ਇਹ ਗੱਲ ਬੜੇ ਮਾਣ ਨਾਲ ਟ੍ਰਸਟ ਵੱਲੋਂ ਪ੍ਰਬੰਧਕਾਂ ਨੂੰ ਦੱਸੀ ਗਈ ਹੈ। ਟ੍ਰਸਟ ਵੱਲੋਂ ਭੇਜੇ ਸੁਨੇਹੇ ਦੇ ਵਿਚ




ਇਹ ਵੀ ਕਿਹਾ ਗਿਆ ਹੈ ਕਿ ਵੈਸਟਰਨ ਬੇਅ ਆਫ ਪਲੈਂਟੀ ਤੱਕ ਇਸ ਸੰਸਥਾ ਨੇ ਇਸ ਖੇਤਰ ਨੂੰ ਵਸੇਬੇ ਲਈ ਹੋਰ ਬਿਹਤਰ ਬਣਾਇਆ ਹੈ। ਇਹ ਕਮਿਊਨਿਟੀ ਐਵਾਰਡ 18 ਮਾਰਚ 2020 ਨੂੰ ਇਕ ਵੱਡੇ ਸਮਾਗਮ ਦੇ ਵਿਚ ਦਿੱਤੇ ਜਾਣੇ ਹਨ। ਐਵਾਰਡ ਸਮਾਗਮ ਦੇ ਵਿਚ ਗੁਰਦੁਆਰਾ ਸਿੱਖ ਸੰਗਤ ਟੌਰੰਗਾ ਵੱਲੋਂ ਹੁਣ ਤੱਕ ਕੀਤੇ ਗਏ ਕਾਰਜਾਂ ਨੂੰ ਤਸਵੀਰਾਂ ਅਤੇ ਵੀਡੀਓਜ਼ ਰਾਹੀਂ ਵਿਖਾਇਆ ਜਾਵੇਗਾ। ਇਸ ਵੇਲੇ ਅੰਤਿਮ ਗੇੜ ਦੇ ਵਿਚ ਚਾਰ ਹੋਰ ਸੰਸਥਾਵਾਂ ਮੌਕਕਿੰਗਬਰਡ ਚੈਰੀਟੇਬਲ ਟ੍ਰਸਟ, ਮੋਮੈਂਟਾ, ਨੇਪਾਲੀਜ਼ ਐਸੋਸੀਏਸ਼ਨ ਆਫ ਬੇਅ.ਆਫ. ਪਲੈਂਟੀ ਅਤੇ ਸੇਲਾਬਿਲਟੀ ਟੌਰੰਗਾ। ਇਨ੍ਹਾਂ ਸੰਸਥਾਵਾਂ ਵਿਚੋਂ ਇਕ ਨੂੰ ਇਹ ਐਵਾਰਡ ਦਿੱਤਾ ਜਾਣਾ ਹੈ।

ਗੁਰਦੁਆਰਾ ਸਾਹਿਬ ਦੀ ਸਥਾਪਨਾ: ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ ਦੀ ਸਥਾਪਨਾ 24 ਫਰਵਰੀ 2013 ਦੇ ਵਿਚ ਕੀਤੀ ਗਈ ਸੀ। ਉਸ ਵੇਲੇ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਵ. ਗਿਆਨੀ ਤਰਲੋਚਨ ਸਿੰਘ, ਐਸ. ਜੀ. ਪੀ. ਸੀ. ਜਨਰਲ ਸਕੱਤਰ ਗਿਆਨੀ ਸੁਖਦੇਵ ਸਿੰਘ ਭੌਰ ਵੀ ਪਹੁੰਚੇ ਸਨ। ਸਥਾਨਕ ਸਾਂਸਦਾ ਤੋਂ ਇਲਾਵਾ ਸ. ਕੰਵਲਜੀਤ ਸਿੰਘ ਬਖਸ਼ੀ ਪਹੰਚੇ ਸਨ। ਟੌਰੰਗਾ ਖੇਤਰ ਦੇ ਵਿਚ ਜੋ ਪਹਿਲਾ ਨਗਰ ਕੀਰਤਨ ਆਰੰਭ ਕੀਤਾ ਗਿਆ ਉਹ ਇਸੇ ਗੁਰਦੁਆਰਾ ਸਾਹਿਬ ਤੋਂ ਸਾਲ 4 ਜਨਵਰੀ 2014 ਦੇ ਵਿਚ ਸ਼ੁਰੂ ਕੀਤਾ ਗਿਆ ਸੀ। ਇਸ ਤੋਂ ਇਲਾਵਾ ਇਸ ਗੁਰਦੁਆਰਾ ਸਾਹਿਬ ਦੀ ਸੰਗਤ ਨੇ ਪਹਿਲੀ ਵਾਰ ਦਸਤਾਰ ਦਿਵਸ ਸੰਨ 2018 ਦੇ ਵਿਚ ਮਨਾਇਆ ਗਿਆ। ਕੋਵਿਡ-19 ਦੌਰਾਨ ਇਸੇ ਗੁਰਦੁਆਰਾ ਸਾਹਿਬ ਤੋਂ ਸੰਗਤ ਨੇ 'ਗੁੱਡ ਨੇਬਰ' ਟ੍ਰਸਟੇ ਰਾਹੀਂ ਫ੍ਰੀ ਫੂਡ ਪਾਰਸਲ ਦਿੱਤੇ ਗਏ ਸਨ। ਗੁਰਦੁਆਰਾ ਸਾਹਿਬ ਇਸ ਵੇਲੇ 43 ਬੂਰੌਜ ਸਟ੍ਰੀਟ ਟੌਰੰਗਾ ਵਿਖੇ ਸੁਸ਼ੋਭਿਤ ਹੈ। ਗੁਰਦੁਆਰਾ ਸਾਹਿਬ ਦੀ ਆਪਣੀ ਵੱਡੀ ਇਮਾਰਤ ਦੇ ਲਈ 4456 ਵਰਗ ਮੀਟਰ ਜਗ੍ਹਾ ਵੀ ਸ਼ੈਰਸ਼ਨ ਸਟ੍ਰੀਟ ਵਿਖੇ ਖਰੀਦੀ ਹੋਈ ਹੈ।

# ਸਰਕਾਰ ਖੇਤੀ ਕਾਨੂੰਨ ਰੱਦ ਕਰਕੇ ਕਿਸਾਨ ਵਰਗ ਦਾ ਸਨਮਾਨ ਕਰੇ - ਸੂਲਹਾਣੀ

**ਨਿਹਾਲ ਸਿੰਘ ਵਾਲਾ-** ਪਿਛਲੇ ਸਮੇਂ ਮੋਦੀ ਸਰਕਾਰ ਵੱਲੋਂ ਪਾਸ ਖੇਤੀ ਸਬੰਧੀ ਕਾਨੂੰਨ ਜੋ ਪਾਸ ਕੀਤੇ ਹਨ,ਉਹ ਕਿਸਾਨੀ ਲਈ ਘਾਤਕ ਸਿੱਧ ਹੋਣਗੇ, ਜਿਸ ਨਾਲ ਕਿਸਾਨ ਜ਼ਮੀਨ ਤੋਂ ਵਾਂਝਾ ਹੋਣ ਖਤਰਾ ਪੈਦਾ ਹੋ ਗਿਆ ਹੈ। ਜਦ ਕਿਸਾਨ ਇਹਨਾਂ ਕਾਨੂੰਨਾਂ ਨਾਲ ਸਹਿਮਤ ਨਹੀਂ ਤਾਂ ਮੋਦੀ ਸਰਕਾਰ ਮੱਲੋ- ਮਲੀ ਕਾਨੂੰਨਾਂ ਨੂੰ ਕਿਸਾਨ ਹਿਤੈਸ਼ੀ ਹੋਣ ਦਾ ਦਾਅਵਾ ਕਰ ਰਹੀ ਹੈ, ਸਰਕਾਰ ਇਹ ਕਾਨੂੰਨ ਰੱਦ ਕਰਕੇ ਕਿਸਾਨ ਵਰਗ ਦਾ ਸਨਮਾਨ ਕਰੇ। ਇਹ ਗੱਲ ਅੱਜ ਇੱਥੇ ਨਿਹਾਲ ਸਿੰਘ ਵਾਲਾ ਵਿਖੇ ਹਲਕੇ ਦੇ ਆਗੂਆਂ ਤੇ ਸੀਨੀਅਰ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਬਸਪਾ ਪੰਜਾਬ ਦੇ ਜਨਰਲ ਸਕੱਤਰ ਸ੍ਰ. ਲਾਲ ਸਿੰਘ ਸੁਲਹਾਣੀ ਨੇ ਆਖੀ। ਉਹਨਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਕਿਸਾਨਾਂ ਦੇ ਸੰਘਰਸ਼ ਵਿਚ ਉਹਨਾਂ ਦੇ ਨਾਲ ਹੈ।

ਸੂਬਾ ਸਕੱਤਰ ਸ੍ਰੀ ਸੰਤ ਰਾਮ ਮੱਲੀ ਨੇ ਕਿਹਾ ਕਿ ਸਾਨੂੰ ਕਿਸਾਨ-ਮਜਦੂਰ ਏਕਤਾ ਮਜਬੂਤ ਕਰਨ ਦੀ ਲੋੜ ਹੈ ਤਾਂ



ਕਿ ਦੇਸ਼ ਵਿੱਚ ਸਮਤਾ,ਸਮਾਨਤਾ ਅਤੇ ਭਾਈਚਾਰੇ ਵਾਲਾ ਰਾਜ ਭੈਣ ਕੁਮਾਰੀ ਮਾਇਆਵਤੀ ਜੀ ਦੀ ਅਗਵਾਈ ਹੇਠ ਕਾਇਮ ਕੀਤਾ ਜਾ ਸਕੇ। ਇਸ ਮੀਟਿੰਗ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਹਰਦੇਵ ਸਿੰਘ ਤਖਾਣਵੱਧ ਨੇ ਕੀਤੀ।

ਹੋਰਨਾਂ ਤੋਂ ਇਲਾਵਾ ਇਸ ਮੀਟਿੰਗ ਵਿੱਚ ਜ਼ਿਲ੍ਹਾ ਇੰਚਾਰਜ ਸੇਵਕ ਸਿੰਘ ਮਾਣੂੰਕੇ, ਜ਼ਿਲ੍ਹਾ ਪ੍ਰਧਾਨ ਮਹਿਲਾ ਸੰਗਠਨ ਬੀਬੀ ਸੁਨੀਤਾ ਰਾਣੀ, ਹਲਕਾ ਪ੍ਰਧਾਨ ਬਿੱਕਰ ਸਿੰਘ ਬੱਧਨੀ ਕਲਾਂ, ਸ਼ਹਿਰੀ ਪ੍ਰਧਾਨ ਨਿਹਾਲ ਸਿੰਘ ਵਾਲਾ ਜ਼ੋਰਾ ਸਿੰਘ ਭੰਗਾ, ਸੈਕਟਰ ਪ੍ਰਧਾਨ ਗੁਰਜੰਟ ਸਿੰਘ ਸੈਦੋਕੇ, ਸੈਕਟਰ ਪ੍ਰਧਾਨ ਬਲਵੰਤ ਸਿੰਘ ਖੋਟੇ, ਰੂਪ ਸਿੰਘ ਰਣਸੀਹ ਕਲਾਂ, ਸ਼ਿੰਗਾਰਾ ਸਿੰਘ ਰਣਸੀਂਹ ਖੁਰਦ, ਲਾਭ ਸਿੰਘ ਬੱਧਨੀ ਕਲਾਂ, ਮਾਣਕ ਬੱਧਨੀ ਕਲਾਂ, ਸੁਰਜੀਤ ਸਿੰਘ, ਨਛੱਤਰ ਸਿੰਘ ਬੁਰਜ ਦੂੱਨਾ, ਰਣਜੀਤ ਸਿੰਘ ਤਖਾਣਵੱਧ ਅਤੇ ਡਾਕਟਰ ਬਲਵਿੰਦਰ ਸਿੰਘ ਖਹਿਰਾ ਤਖਾਣਵੱਧ ਆਦਿ ਆਗੂ ਹਾਜਰ ਸਨ।

# ਗਿੱਧੇ-ਭੰਗੜੇ ਦੀ ਤਿਆਰ ਹੋ ਰਹੀ ਨਵੀਂ ਪਨੀਰੀ ਨੂੰ ਪਲੇਠੇ ਸਮਾਗਮ 'ਚ ਵੰਡੇ ਸਰਟੀਫਿਕੇਟ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਵਿਦੇਸ਼ੀ ਜਨਮੀ ਅਤੇ ਨਿਤ ਦਿਨ ਦੇਸੋਂ ਵਿਦੇਸ਼ ਹੋ ਰਹੀ ਨਵੀਂ ਪੀੜ੍ਹੀ ਨੂੰ ਆਪਣੇ ਲੋਕ ਰੰਗਾਂ ਅਤੇ ਲੋਕ ਨਾਚਾਂ ਦੇ ਨਾਲ ਜੋੜੀ ਰੱਖਣ ਦੇ ਲਈ ਸ. ਗੁਰਿੰਦਰ ਸਿੰਘ ਸੰਧੂ, ਮੈਡਮ ਦਮਨ ਸੰਧੂ ਅਤੇ ਮੈਡਮ ਹਰਜੀਤ ਕੌਰ ਹੋਰਾਂ ਦੀ ਸਿਖਲਾਈ ਅਕੈਡਮੀ 'ਰੂਹ ਪੰਜਾਬ ਦੀ' ਨੇ ਅੱਜ ਸ਼ਾਮ ਆਪਣੇ ਪਲੇਠੇ ਸਮਾਗਮ ਦੇ ਵਿਚ ਲਗਪਗ 40 ਬੱਚਿਆਂ ਨੂੰ ਸਰਟੀਫਿਕੇਟ ਤਕਸੀਮ ਕੀਤੇ। ਸਮਾਗਮ ਦੀ ਸ਼ੁਰੂਆਤ ਰੇਡੀਏ ਸਪਾਈਸ ਦੀ ਪੇਸ਼ਕਾਰ ਹਰਜੀਤ ਕੌਰ ਅਤੇ ਅਕੈਡਮੀ ਦੇ ਟ੍ਰੇਨਰ ਰੋਮੀ ਨਿਊਜ਼ੀਲੈਂਡ ਨੇ ਆਏ ਬੱਚਿਆਂ, ਉਨ੍ਹਾਂ ਦੇ ਮਾਪਿਆਂ ਅਤੇ ਸਤਿਕਾਰਤ ਸਖਸ਼ੀਅਤਾਂ ਨੂੰ 'ਜੀ ਆਇਆ' ਆਖ ਕੇ ਕੀਤੀ। ਸ. ਗੁਰਿੰਦਰ ਸਿੰਘ ਸੰਧੂ ਹੋਰਾਂ 'ਰੂਹ ਪੰਜਾਬ ਦੀ' ਅਕੈਡਮੀ ਦੀ ਸ਼ੁਰੂਆਤ ਬਾਰੇ ਵੇਰਵਾ ਦੱਸਿਆ ਅਤੇ ਸੰਖੇਪ ਸ਼ਬਦਾਂ ਵਿਚ




ਵਿਰਸੇ ਦੀ ਪੁੰਗਰ ਰਹੀ ਫੁਲਵਾੜੀ ਤੋਂ ਉਮੜ ਰਹੀ ਖੁਸ਼ੀ ਦਾ ਪ੍ਰਗਟਾਅ ਕੀਤਾ। ਉਨ੍ਹਾਂ ਖਾਸ ਤੌਰ 'ਤੇ ਮੈਡਮ ਆਪਣੀ ਜੀਵਨ ਸਾਥਣ ਦਮਨ ਸੰਧੂ ਹੋਰਾਂ ਦੇ ਸਹਿਯੋਗ ਦੀ ਦਾਦ ਦਿੱਤੀ। ਪ੍ਰਸਿੱਘ ਗੀਤਕਾਰ ਤੇ ਗਾਇਕ ਸੱਤਾ ਵੈਰੋਵਾਲੀਆ ਨੇ ਇਕ ਗੀਤ ਕਿਸਾਨੀ ਸ਼ੰਘਰਸ਼ ਨੂੰ ਸਮਰਪਿਤ ਕੀਤਾ ਜਿਸ ਦੇ ਬੋਲ ਸਨ 'ਦਿੱਲੀਏ ਸਾਰੇ ਤੇਰੇ ਭੁਲੇਖੇ ਕਰਾਂਗੇ ਦੂਰ ਨੀ' ਅਤੇ ਫਿਰ ਨਿਊਜ਼ੀਲੈਂਡ ਦੀ ਖੂਬਸੂਰਤੀ ਦਰਸਾਉਂਦਾ ਗੀਤ 'ਸਕਾਈ ਟਾਵਰ ਔਕਲੈਂਡ' ਵੀ ਪੇਸ਼ ਕੀਤਾ ਅਤੇ ਬੱਚਿਆਂ ਦੀ ਟ੍ਰੇਨਿੰਗ ਉਤੇ ਤਸੱਲੀ ਪ੍ਰਗਟ ਕੀਤੀ। ਬੱਚਿਆਂ ਨੂੰ ਸ਼ਾਬਾਸ਼ ਦੇਣ ਲਈ ਸ. ਅਜੀਤ ਸਿੰਘ, ਮਾਤਾ ਬੇਅੰਤ ਕੌਰ, ਸ. ਪਰਮਿੰਦਰ ਸਿੰਘ ਪਾਟਾਟੋਏਟੋਏ, ਸੰਦੀਪ ਬਾਠ ਹਮਿਲਟਨ, ਨਵਤੇਜ ਰੰਧਾਵਾ, ਗੁਰਸਿਮਰਨ ਮਿੰਟੂ, ਹਰਪ੍ਰੀਤ ਸਿੰਘ ਹੈਪੀ, ਹਰਮੀਕ ਸਿੰਘ, ਸ਼ਰਨਜੀਤ ਸਿੰਘ, ਮੁਖਤਿਆਰ ਸਿੰਘ, ਹਰਮਨਪ੍ਰੀਤ ਸਿੰਘ, ਬਲਜਿੰਦਰ ਸੋਨੂ, ਗੁਰਿਦਰ ਸੈਣੀ ਅਤੇ ਹੋਰ ਕਈ ਸਖਸ਼ੀਅਤਾਂ ਪਹੁੰਚੀਆਂ ਸਨ ਜਿਨ੍ਹਾਂ ਚੋਂ ਕੁਝ ਨੇ ਦੋ-ਦੋ ਸ਼ਬਦਾਂ ਨਾਲ ਅਤੇ ਕੁਝ ਨੇ ਗੀਤਾਂ ਦੇ ਮੁੱਖੜੇ ਸੁਣਾ ਕੇ ਬੱਚਿਆਂ ਦੀ ਖੂਬ ਹੌਸਲਾ ਅਫਜਾਈ ਕੀਤੀ। ਸਾਰੇ ਬੱਚਿਆਂ ਨੇ ਇਕੱਤਰ ਹੋ ਕੇ ਪਹਿਲੇ ਸਾਲ ਦੀ ਸੰਪੂਰਨਤਾ ਉਤੇ ਵੱਡਾ ਕੇਕ ਕੱਟਿਆ। ਗਿੱਧੇ ਭੰਗੜੇ ਦੀ ਸਿਖਲਾਈ ਲੈ ਚੁੱਕੇ ਬੱਚਿਆਂ ਨੂੰ ਮਾਤਾ ਬੇਅੰਤ ਕੌਰ ਅਤੇ ਸ. ਅਜੀਤ ਸਿੰਘ ਹੋਰਾਂ ਸਰਟੀਫਿਕੇਟ ਵੰਡੇ। ਇਸ ਮੌਕੇ ਨਿਊਜ਼ੀਲੈਂਡ ਸਿੱਖ ਖੇਡਾਂ ਦੌਰਾਨ ਗਿੱਧੇ ਅਤੇ ਭੰਗੜੇ ਦੇ ਵਿਚ ਭਾਗ ਲੈਣ ਵਾਲੇ ਬੱਚਿਆਂ ਨੂੰ ਮੈਡਲ ਵੀ ਤਕਸੀਮ ਕੀਤੇ ਗਏ ਕਿਉਂਕਿ ਖੇਡਾਂ ਦੌਰਾਨ ਇਹ ਦੇਣ ਤੋਂ ਰਹਿ ਗਏ ਸਨ। ਮਾਤਾ ਬੇਅੰਤ ਕੌਰ ਅਤੇ ਹਰਜੀਤ ਕੌਰ ਹੋਰਾਂ ਇਕ ਵਿਆਹ ਵਾਲਾ ਲੋਕ ਗੀਤ ਗਾ ਕੇ ਵੱਖਰਾ ਹੀ ਰੰਗ ਭਰਿਆ। ਅੰਤ 'ਚ ਗੁਰਿੰਦਰ ਸੰਧੂ ਨੇ ਅਕੈਡਮੀ ਵੱਲੋਂ ਸਭ ਦਾ ਧਨਵਾਦ ਕੀਤਾ।

# ਬਰਤਾਨੀਆ ਭਰ ਵਿੱਚ ਕਿਸਾਨ ਸੰਘਰਸ਼ ਦੇ ਹੱਕ ਵਿੱਚ ਆਵਾਜ਼ਾਂ ਉੱਚੀਆਂ ਹੋਣ ਲੱਗੀਆਂ

**ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)** ਭਾਰਤ ਸਰਕਾਰ ਦੇ ਤਾਨਾਸ਼ਾਹੀ ਰਵੱਈਏ ਖਿਲਾਫ਼ ਅਤੇ ਦਿੱਲੀ ਵਿਖੇ ਚੱਲ ਰਹੇ ਕਿਸਾਨ ਸੰਘਰਸ਼ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਨ ਲਈ ਵਿਦੇਸ਼ਾਂ 'ਚ ਸੁਰਾਂ ਤਿੱਖੀਆਂ ਤੇ ਤੇਜ਼ ਹੋ ਰਹੀਆਂ ਹਨ। ਬਰਤਾਨੀਆ ਭਰ ਵਿੱਚ ਜਿੱਥੇ ਵੱਖ ਵੱਖ ਸਹਿਰਾਂ 'ਚ ਰੋਸ ਪ੍ਰਦਰਸ਼ਨ ਹੋ ਰਹੇ ਹਨ ਉੱਥੇ ਅੱਜ ਦੋ ਖਤ ਸਰਕਾਰੇ ਦਰਬਾਰੇ ਚਰਚਾ ਦਾ ਵਿਸ਼ਾ ਬਣਨਗੇ। ਜ਼ਿਕਰਯੋਗ ਹੈ ਕਿ ਪਹਿਲਾ ਖਤ 25 ਦੇ ਲਗਭਗ ਵੱਖ ਵੱਖ ਭਾਈਚਾਰਿਆਂ, ਖੈਰਾਤੀ ਸੰਸਥਾਵਾਂ, ਧਾਰਮਿਕ, ਕਾਰੋਬਾਰੀ ਆਗੂਆਂ ਤੇ ਪੰਜਾਬੀKਭਾਰਤੀ ਮੂਲ ਦੇ ਪਤਵੰਤਿਆਂ ਵੱਲੋਂ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨਰ ਦੇ ਨਾਂ ਲਿਖਿਆ ਗਿਆ ਹੈ। ਇਸੇ ਤਰ੍ਹਾਂ ਹੀ ਦੂਜਾ ਖਤ ਇੰਗਲੈਂਡ ਦੇ ਵੱਖ ਵੱਖ ਖੇਤਰਾਂ ਦੇ 50 ਦੇ ਲਗਭਗ ਕੌਂਸਲਰਾਂ ਵੱਲੋਂ ਬਰਤਾਨਵੀ ਵਿਦੇਸ਼ ਸਕੱਤਰ ਨੂੰ ਭੇਜਿਆ ਗਿਆ ਹੈ ਤਾਂ ਜੋ ਕਿਸਾਨ ਸੰਘਰਸ਼ ਪ੍ਰਤੀ ਹੇਜ ਅਤੇ ਭਾਰਤ ਸਰਕਾਰ ਦੇ ਤਾਨਾਸ਼ਾਹੀ ਰਵੱਈਏ ਪ੍ਰਤੀ ਰੋਸ ਤੋਂ ਜਾਣੂੰ ਕਰਵਾਇਆ ਜਾ ਸਕੇ। ਇਹਨਾਂ ਖਤਾਂ ਰਾਹੀਂ ਭਾਰਤ ਸਰਕਾਰ ਪੱਖੀ ਮੀਡੀਆ ਵੱਲੋਂ ਪੰਜਾਬੀ ਕਿਸਾਨਾਂ ਨੂੰ ਖਾਲਿਸਤਾਨੀ, ਭਾਰਤ ਵਿਰੋਧੀ ਵਰਗੇ ਦਿੱਤੇ ਵਿਸ਼ੇਸ਼ਣਾਂ ਦਾ ਵੀ ਗੰਭੀਰ ਨੋਟਿਸ ਲਿਆ ਗਿਆ। ਭਾਰਤੀ ਹਾਈ ਕਮਿਸ਼ਨਰ ਨੂੰ ਲਿਖੇ ਖਤ ਰਾਹੀਂ ਤੇਜਿੰਦਰ ਸਿੰਘ ਸੇਖੋਂ (ਡਾਇਰੈਕਟਰ, ਰੈੱਡ ਸਕਾਈ ਹੋਮਜ਼ ਗਰੁੱਪ), ਕੌਂਸਲਰ ਚਰਨ ਕੰਵਲ ਸਿੰਘ ਸੇਖੋਂ (ਚੇਅਰਮੈਨ, ਸੇਵਾ ਟਰੱਸਟ ਯੂਕੇ), ਕੌਂਸਲਰ ਰਘਵਿੰਦਰ ਸਿੰਘ ਸਿੱਧੂ (ਡਿਪਟੀ ਮੇਅਰ ਹੌਂਸਲੋ), ਕੌਂਸਲਰ ਪ੍ਰੀਤਮ ਸਿੰਘ ਗਰੇਵਾਲ (ਹੌਂਸਲੋ), ਪੌਲ ਸੋਹਲ (ਸਾਬਕਾ ਮੇਅਰ ਸਲੋਹ), ਕੁਲਦੀਪ ਸਿੰਘ ਰੂਪਰਾ (ਓ.ਬੀ.ਈ.), ਕੌਂਸਲਰ ਅਜਮੇਰ ਕੌਰ ਗਰੇਵਾਲ (ਹੌਂਸਲੋ), ਜਸਵਿੰਦਰ ਸਿੰਘ ਨਿਗਾਹ (ਗੁਰੂ ਰਵਿਦਾਸ ਸਭਾ, ਬੈਡਫੋਰਡ), ਸੁਖਪਾਲ ਸਿੰਘ ਗਿੱਲ (ਡਾਇਰੈਕਟਰ, ਗਿੱਲ ਇੰਸ਼ੋਰੈਂਸ), ਵਰਿੰਦਰ ਸਿੰਘ ਵਿੰਨੀ ਖੈਰਾ (ਡਾਇਰੈਕਟਰ, ਫੌਰਐਵਰ ਗਲੇਜਿੰਗ ਲਿਮ.), ਸਤਨਾਮ ਸਿੰਘ ਗਲਸਿਨ (ਓਰੇਕਲ ਕੰਸਲਟੈਂਟ, ਬੈਡਫੋਰਡ), ਜਗਜੀਤ ਸਿੰਘ ਗਰੇਵਾਲ (ਸਾਬਕਾ ਮੇਅਰ, ਸਲੋਹ), ਕੌਂਸਲਰ ਸ਼ਿਵਰਾਜ ਸਿੰਘ ਗਰੇਵਾਲ (ਹੌਂਸਲੋ), ਕੌਂਸਲਰ ਹਰਲੀਨ ਅਟਵਾਲ, ਕੌਂਸਲਰ ਸੁਖਬੀਰ ਧਾਲੀਵਾਲ, ਕੌਂਸਲਰ ਸ਼ਾਂਤਨੂ ਰਜਾਵਤ, ਕੌਂਸਲਰ ਰਾਜੂ ਸੰਸਾਰਪੁਰੀ (ਹੇਜ਼), ਕੌਂਸਲਰ ਬਲਰਾਜ ਸਰਾਏ (ਹੌਂਸਲੋ), ਗੌਰਵ ਵਾਹੀ (ਡਾਇਰੈਕਟਰ, ਯੂਰੋ ਸਪੀਕ), ਪ੍ਰਦੀਪ ਸ਼ੁਕਲਾ (ਡਾਇਰੈਕਟਰ, ਆਈ.ਟੀ. ਕੰਸਲਟੈਂਸੀ), ਸਿਧਾਰਥ ਲਿਖਿਤੇ (ਮਨੁੱਖੀ ਅਧਿਕਾਰ ਕਾਰਕੁੰਨ), ਸਤਨਾਮ ਸਿੰਘ ਔਜਲਾ (ਭਾਈਚਾਰਕ ਆਗੂ), ਪਰਮਿੰਦਰ ਸਿੰਘ (ਡਾਇਰੈਕਟਰ, ਬੀਟਾ ਸੂਜ਼), ਕੇਵਲ ਸਿੰਘ ਰਣਦੇਵਾ (ਕਾਰੋਬਾਰੀ) ਆਦਿ ਨੇ ਆਪਣੇ ਵਲਵਲੇ ਭਾਰਤ ਸਰਕਾਰ ਤੱਕ ਪਹੁੰਚਾਉਣ ਦਾ ਤਹੱਈਆ ਕੀਤਾ ਹੈ। ਇਸ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਤੇਜਿੰਦਰ ਸਿੰਘ ਸੇਖੋਂ, ਰਘਵਿੰਦਰ ਸਿੰਘ ਸਿੱਧੂ ਤੇ ਚਰਨ ਕੰਵਲ ਸਿੰਘ ਸੇਖੋਂ ਨੇ ਕਿਹਾ ਕਿ ਜੇਕਰ ਭਾਰਤ ਸਰਕਾਰ ਸਚਮੁੱਚ ਹੀ ਕਿਸਾਨਾਂ ਦਾ ਭਲਾ ਚਾਹੁੰਦੀ ਹੈ ਤਾਂ ਇਹਨਾਂ ਕਾਨੂੰਨਾਂ ਨੂੰ ਵਾਪਸ ਲੈਣ ਦੀ ਕਿਰਪਾਲਤਾ ਕਰੇ ਕਿਉਂਕਿ ਜੇ ਕਿਸਾਨਾਂ ਨੂੰ ਇਹ ਕਾਨੂੰਨ ਮਨਜ਼ੂਰ ਹੀ ਨਹੀਂ ਹਨ ਤਾਂ ਜ਼ਬਰੀ ਕਾਨੂੰਨ ਥੋਪਣੇ ਲੋਕਤੰਤਰ ਦਾ ਘਾਣ ਮੰਨਿਆ ਜਾਵੇਗਾ।

# 'ਮੈਂ ਕਿਸਾਨ ਹਾਂ' ਟਰੈਕ ਨਾਲ ਹਾਜ਼ਰ ਹੋਈ ਗਾਇਕਾ ਚੰਨ ਕੌਰ

**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ) -** 'ਮੈਂ ਕਿਸਾਨ ਹਾਂ' ਟਰੈਕ ਨਾਲ ਕਿਸਾਨਾਂ ਦੇ ਸੰਘਰਸ਼ ਨੂੰ ਸਮ-ਰਪਿਤ ਇਕ ਗੀਤ ਲੈ ਕੇ ਸਰੋਤਿਆਂ ਦੀ ਕਚਿਹਰੀ ਵਿਚ ਗਾਇਕਾ ਚੰਨ ਕੌਰ ਨੇ ਆਪਣੀ ਖੂਬਸੂਰਤ ਹਾਜ਼ਰੀ ਲਗਵਾਈ। ਇਸ ਟਰੈਕ ਦੇ ਪੇਸ਼ਕਾਰ ਅਤੇ ਗੀਤਕਾਰ ਮਾਣੀ ਫਗਵਾੜੇ ਵਾਲਾ ਨੇ ਦੱਸਿਆ ਕਿ ਇਸ ਟਰੈਕ ਦਾ ਮਿਊਜਿਕ ਵੀਡੀਓ ਅਤੇ ਪੋਸਟਰ ਮਨਦੀਪ ਸਿੰਘ ਵਲੋਂ ਤਿਆਰ ਕੀਤਾ




ਗਿਆ ਹੈ। ਇਸ ਟਰੈਕ ਨੂੰ ਮਨਚੰਨ ਐਰਾ ਨੇ ਪੇਸ਼ ਕੀਤਾ ਹੈ। ਜ਼ਿਕਰਯੋਗ ਹੈ ਕਿ ਮਾਣੀ ਫਗਵਾੜੇ ਵਾਲਾ ਦੀ ਕਲਮ ਸਮੇਂ ਸਮੇਂ ਸਮਾਜ ਦੇ ਦੁੱਖ ਦਰਦਾਂ ਨੂੰ ਉਜਾਗਰ ਕਰਨ ਵਿਚ ਆਪਣੀ ਅਹਿਮ ਭੂਮਿਕਾ ਨਿਭਾਉਂਦੀ ਰਹਿੰਦੀ ਹੈ ਅਤੇ ਉਸ ਵਲੋਂ ਲਿਖੇ ਇਸ ਟਰੈਕ 'ਮੈਂ ਕਿਸਾਨ ਹਾਂ' ਵਿਚ ਵੀ ਉਸ ਨੇ ਕਿਸਾਨਾਂ ਦੇ ਦੁੱਖ ਦਰਦ ਨੂੰ ਬਿਆਨ ਕਰਦਿਆਂ ਉਨ੍ਹਾਂ ਦੇ ਹੱਕਾਂ ਦੀ ਅਵਾਜ਼ ਨੂੰ ਬੁਲੰਦ ਕੀਤਾ ਹੈ।

## ਕਿਸਾਨਾਂ ਦੀ ਚੜ੍ਹਦੀ ਕਲਾ ਲਈ ਕਠਾਰ ਗੁਰੂਘਰ 'ਚ ਅਰਦਾਸ

**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ) -** ਕ੍ਰਿਸਾਨਾਂ ਦੇ ਹੱਕ ਵਿਚ ਉਨ੍ਹਾਂ ਦੀ ਚੜ੍ਹਦੀ ਕਲਾ ਲਈ ਪੂਰੇ ਵਿਸ਼ਵਭਰ ਵਿਚ ਅਰਦਾਸਾਂ ਕੀਤੀਆਂ ਜਾ ਰਹੀਆਂ ਹਨ। ਜਿਸ ਕੜੀ ਤਹਿਤ ਕਠਾਰ ਗੁਰਦੁਆਰਾ ਸਿੰਘ ਸਭਾ ਵਿਖੇ ਗੁਰ ਸਿੱਖ ਮਹਾਂਸਭਾ ਵੈਲਫੇਅਰ ਸੁਸਾਇਟੀ ਦੇ ਸਮੂਹ ਮੈਂਬਰਾਂ ਵਲੋਂ ਕਿਸਾਨ ਭਾਈਚਾਰੇ ਦੇ ਇਸ ਵਿੱਢੇ ਗਏ ਸੰਘਰਸ਼ ਲਈ ਉਨ੍ਹਾਂ ਦੀ ਚੜ੍ਹਦੀ ਕਲਾ ਦੀ ਕਾਮਨਾ ਕਰਦਿਆਂ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਅਰਦਾਸ ਬੇਨਤੀ ਕੀਤੀ ਗਈ। ਇਸ ਮੌਕੇ ਗੁਰਸਿੱਖ ਮਹਾਂਸਭਾ ਵੈਲਫੇਅਰ ਸੁਸਾਇਟੀ ਦੇ ਬੁਲਾਰੇ ਸ. ਗੁਰਚਰਚਨ ਸਿੰਘ ਜਖਮੀਂ ਘੁੜਿਆਲ ਨੇ ਕਿਹਾ ਕਿ ਅੱਜ ਬਹੁਤ ਹੀ ਨਾਜ਼ੁਕ ਸਮਾਂ ਚੱਲ ਰਿਹਾ ਹੈ।

ਦੇਸ਼ ਦਾ ਅਨਦਾਤਾ ਆਪਣੇ ਹੱਕਾਂ ਲਈ ਦਿੱਲੀ ਵਿਚ ਹਾਕਮ ਸਰਕਾਰ ਵਿਰੁੱਧ ਆਪਣੀ ਅਵਾਜ ਬੁਲੰਦ ਕਰ ਰਿਹਾ ਹੈ। ਉਨ੍ਹਾਂ ਸਮੁੱਚੇ ਦੇਸ਼ ਦੀਆਂ ਸੰਗਤਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਕਿਸਾਨਾਂ ਦੇ ਮੌਢੇ ਨਾਲ ਮੌਢਾ ਲਾ ਕੇ ਉਨ੍ਹਾ ਦਾ ਇਸ ਸੰਘਰਸ਼ ਵਿਚ ਸਾਥ ਦੇਣ।

# ਬੇਗਮਪੁਰਾ ਇੰਟਰਨੈਸ਼ਨਲ ਸੰਗੀਤ ਸੰਸਥਾ ਕਿਸਾਨ ਅੰਦੋਲਨ ਲਈ ਰਵਾਨਾ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਖੇਤੀ ਕਨੂੰਨਾਂ ਦਾ ਜੋ ਮਸਲਾ ਕਰੀਬ ਚਾਰ ਮਹੀਨੇ ਤੋਂ ਉਪਰ ਦਾ ਸਮਾਂ ਬੀਤ ਚੁਕਿਆ ਹੈ ਤੇ ਕੇਂਦਰ ਸਰਕਾਰ ਇਸ ਮਸਲੇ ਨੂੰ ਗੰਭਰਿਤਾ ਨਾਲ ਨਹੀਂ ਲੈ ਰਹੀ ਇਸ ਮਸਲੇ ਨੂੰ ਜੜ ਤੋਂ ਰੱਦ ਕਰਨ ਲਈ ਸਾਹਿਤਕ, ਸਮਾਜਕ, ਧਾਰਮਿਕ, ਸੰਤ ਮਹਾਂ ਪੁਰਸ਼, ਫੱਕਰ, ਅਧਿਆਪਕ, ਕਲਾਕਾਰ, ਫਿਲਮੀ ਸਿਤਾਰੇ ਡਾਕਟਰ, ਵਕੀਲ, ਜੱਜ ਤੋਂ ਇਲਾਵਾ ਹਰ ਕੋਈ ਅੰਨਦਾਤਾ ਦੇ ਇਸ ਅੰਦੋਲਨ ਚ ਹਿੱਸਾ ਲੈ ਰਿਹਾ ਹੈ ਤੇ ਇਸ ਮਸਲੇ ਨੂੰ ਰੱਦ ਕਰਵਾਉਣ ਲਈ ਤੇ ਕਿਸਾਨਾਂ ਦੇ ਹੌਸਲੇ ਬੁਲੰਦ ਕਰਨ ਲਈ ਬੇਗਮਪੁਰਾ ਇੰਟਰਨੈਸ਼ਨਲ ਸੰਗੀਤ ਸੰਸਥਾ ਪੰਜਾਬ ਦੇ ਸਮੂੰਹ ਅਹੁਦੇਦਾਰਾਂ ਦਾ ਜਥਾ ਗੁਰੂ ਅੱਗੇ ਅਰਦਾਸ ਬੇਨਤੀ ਕਰਕੇ ਲੋਕ ਗਾਇਕ ਰੂਪ ਲਾਲ ਧੀਰ ਦੀ ਯੋਗ ਅਗਵਾਈ ਚ ਦਿੱਲੀ ਨੂੰ ਰਵਾਨਾ ਹੋਇਆ ਗੱਲਬਾਤ ਕਰਦਿਆ ਸੰਸਥਾ ਦੇ ਪ੍ਰਧਾਨ ਤੇ ਲੋਕ ਗਾਇਕ ਰੂਪ ਲਾਲ ਧੀਰ ਨੇ ਆਖਿਆ ਕਿ ਇਹ ਜੋ ਮਸਲਾ ਹੈ ਇਕੱਲਾ ਕਿਰਸਾਨੀ ਨਾਲ ਨਹੀਂ ਇਨਾਂ ਕਾਲੇ ਕਾਨੂੰਨਾ ਦਾ ਅਸਰ ਸਾਡੇ ਕਾਰੋਬਾਰਾਂ ਅਤੇ ਸਾਡੇ ਘਰਾਂ ਤੇ ਵੀ ਪਏਗਾ ਇਸ ਲਈ ਇਸ ਮਸਲੇ ਨੂੰ ਰੱਦ ਕਰਵਾਉਣ ਲਈ ਦਿੱਲੀ ਦੀ ਕੇਂਦਰ ਸਰਕਾਰ ਨੂੰ ਇਹ ਕਾਲੇ ਕਾਨੂਨ ਰੱਦ ਕਰਵਾਉਣ ਲਈ ਵੱਧ ਤੋਂ ਵੱਧ ਕਿਸਾਨਾਂ



ਦਾ ਸਾਥ ਦਿਓ ਅਗਰ ਕਿਸਾਨ ਹੀ ਖਤਮ ਹੋ ਗਿਆ ਤਾਂ ਦੇਸ਼ ਨੂੰ ਬਰਬਾਦ ਹੋਣ ਤੋਂ ਕੋਈ ਨਹੀਂ ਰੋਕ ਸਕਦਾ ਇਹ ਗੱਲ ਸਮੇਂ ਦੀਆਂ ਸਰਕਾਰਾਂ ਨੂੰ ਪਤਾ ਕਿ ਪੰਜਾਬੀਆਂ ਦਾ ਇਤਿਹਾਸ ਹੈ ਪੰਜਾਬੀ ਜਿਹੜੇ ਕੰਮ ਨੂੰ ਹੱਥ ਪਾਉਦੇ ਹਨ ਉਹ ਵਾਹਿਗੁਰੂ ਦੀ ਕਿਰਪਾ ਨਾਲ ਨੇਪਰੇ ਚਾੜ ਕੇ ਛੱਡਦੇ ਹਨ ਤੇ ਅਕਾਲ ਪੁਰਖ ਆਪ ਸਹਾਈ ਹੁੰਦਾ ਹੈ ਇਸ ਲਈ ਕਿਸਾਨ ਹੋਸਲਾ ਨਾ ਛੱਡਣ ਕਿਓਕਿ ਸਾਰਾ ਸੰਸਾਰ ਉਨਾਂ ਦੇ ਸਹਿਜੋਗ ਚ ਆ ਗਿਆ ਹੈ ਤੇ ਕੇਂਦਰ ਸਰਕਾਰ ਨੂੰ ਇਹ ਕਾਲੇ ਕਾਨੂੰਨ ਰੱਦ ਕਰਨੇ ਹੀ ਪੇਣਗੇ ਇਨਾਂ ਕਾਲੇ ਕਾਨੂੰਨਾ ਨਾਲ ਇਕੱਲੇ ਕਿਸਾਨ ਨੂੰ ਨਹੀਂ ਸਗੋ ਹਰ ਵਰਗ ਲਈ ਇਹ ਘਾਤਕ ਸਿੱਧ ਹੋਣਗੇ ਤੇ ਸਰਕਾਰ ਨੂੰ ਚਾਹੀਦਾ ਕਿ ਜਿਸ ਚੀਜ ਨਾਲ ਦੇਸ਼ ਵਾਸੀਆਂ ਦਾ ਨੁਕਸਾਨ ਹੁੰਦਾ ਹੋਵੇ ਉਸ ਨੂੰ ਤੁਰੰਤ ਰੱਦ ਕਰਕੇ ਦੇਸ਼ ਦੀ ਆਰਥਿਕਤਾ ਅਤੇ ਵਿਕਾਸ ਵੱਲ ਨੂੰ ਕੇਂਦਰਿਤ ਹੋ ਚਾਹੀਦਾ ਹੈ ਇਸ ਲਈ ਸੰਵਿਧਾਨ ਮੁਤਾਬਕ ਇਨਾਂ ਬਿੱਲਾਂ ਨੂੰ ਪਾਸ ਕਰਨ ਤੋਂ ਪਹਿਲਾਂ ਦੇਸ਼ ਵਾਸੀਆਂ ਦੀ ਸਲਾਹ ਲੈਣਾ ਬਹੁਤ ਜਰੂਰੀ ਸੀ ਤੇ ਦੇਸ਼ ਵਾਸੀਆਂ ਨੂੰ ਭੁਲੇਖੇ ਚ ਰੱਖ ਕੇ ਇਹ ਆਪ ਮੁਹਾਰੇ ਬਣਾਏ ਕਾਨੂੰਨ ਰੱਦ ਹੋਣੇ ਚਾਹੀਦੇ ਹਨ ਕਿਉਕਿ ਸਾਰਾ ਦੇਸ਼ ਅੰਨਦਾਤਾ ਦੀ ਹਮਾਇਤ ਵਿੱਚ ਉਤਰ ਆਇਆ ਹੈ ਇਸ ਮੋਕੇ ਰੂਪ ਲਾਲ ਧੀਰ, ਰੱਤੂ ਰੰਧਾਵਾ, ਰਜਨੀ ਠੱਕਰਵਾਲ, ਬਲਵਿੰਦਰ ਬਿੱਟੂ, ਮਲਕੀਤ ਬੰਬੇਲੀ, ਛਿੰਦਾ ਕੋਲਧਾਰ, ਪ੍ਰੇਮ ਲਤਾ, ਕੁਲਵਿੰਦਰ ਕੋਰ, ਕਮਲ ਤੱਲਣ, ਛਿੰਦਾ ਕੋਲਧਾਰ, ਪ੍ਰੀਆ ਬੰਗਾ, ਗੁਰਪ੍ਰੀਤ ਠੱਕਰਵਾਲ ਤੋਂ ਇਲਾਵਾ ਹੋਰ ਵੀ ਮਿਸ਼ਨਰੀ ਸ਼ਖਸ਼ੀਅਤਾਂ ਹਾਜਰ ਸਨ।

# ਕਿਸਾਨ ਵਿਰੋਧੀ ਬਿੱਲਾਂ ਚ ਸੋਧ ਨਹੀਂ ਰੱਦ ਹੋਣੇ ਚਾਹੀਦੇ ਹਨ- ਖਹਿਰਾ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਕਿਸਾਨ ਵਿਰੋਧੀ ਆਰਡੀਨੈਂਸ ਬਿੱਲਾਂ ਦਾ ਜੋ ਰੇੜਕਾ ਹੈ ਪਿਛਲੇ ਦੋ ਮਹੀਨੇ ਤੋਂ ਉਪਰ ਦਾ ਸਮਾਂ ਬੀਤ ਚੁਕਿਆ ਹੈ ਕੇਂਦਰ ਸਰਕਾਰ ਇਸ ਦਾ ਹੱਲ ਕਿਉ ਨਹੀਂ ਸੋਚ ਰਹੀ ਕੀ ਕਿਸਾਨ ਵਿਹਲੇ ਹਨ ਜੋ ਝੋਨਾ ਕੱਟਣ ਦੇ ਸਮੇਂ ਵੀ ਧਰਨੇ ਲਗਾਉਣ ਲਈ ਮਜਬੂਰ ਹੋਏ ਤੇ ਹੁਣ ਕਣਕ ਬੀਜਣ ਦਾ ਸਮਾਂ ਆਇਆ ਤਾਂ ਫਿਰ ਉਨਾਂ ਨੂੰ ਦਿੱਲੀ ਵਿਖੇ ਧਰਨਾ ਲਗਾਉਣ ਲਈ ਜਾਣਾ ਪਿਆ ਹੁਣ ਕਿਸਾਨਾਂ ਦੇ ਸਬਰ ਬੰਨ ਟੁੱਟਣ ਵਾਲਾ ਹੈ ਕਿਉਕਿ ਇਹ ਕਿਸਾਨ ਬਾਅਦ ਚ ਪਹਿਲਾਂ ਪੰਜਾਬੀ ਹਨ ਅਗਰ ਜੋ ਪੰਜਾਬੀ ਧਾਰ ਲੈਣ ਉਸ ਕਾਰਜ ਨੂੰ ਫਤਿਹ ਕਰਕੇ ਸਾਹ ਲੈਂਦੇ ਹਨ ਪੰਜਾਬੀਆਂ ਬਾਰੇ ਤਾਂ ਇਤਿਹਾਸ ਵੀ ਗਵਾਹ ਹੈ ਕਿ ਪੰਜਾਬੀਆਂ ਵਲੋਂ ਕਏ ਗਏ ਫੈਸਲੇ ਕਦੇ ਅੜਦੇ ਨਹੀਂ ਇਸ ਲਈ ਕੇਂਦਰ ਸਰਕਾਰ ਨੂੰ ਚਾਹੀਦਾ ਕਿ ਕਿਸਾਨ ਵਿਰੋਧੀ ਬਿੱਲਾਂ ਚ ਸੋਧ ਨਹੀਂ ਰੱਦ ਹੀ ਕੀਤੇ ਜਾਣ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋ.ਅ.ਦਲ. ਦੇ ਵਿਧਾਇਕ ਬਲਦੇਵ ਸਿੰਘ ਖੈਹਰਾ ਨੇ ਇੱਕ ਵਿਆਹ ਸਮਾਗਮ ਤੋਂ ਬਾਦ ਇੱਕ ਮੀਟਿੰਗ ਚ ਕਿਸਾਨਾਂ ਵਲੋ



ਖੇਤੀ ਬਿੱਲਾਂ ਦੇ ਵਿਰੋਧ ਚ ਅੰਦੋਲਨ ਕਰ ਰਹੇ ਕਿਸਾਨਾਂ ਦੇ ਸਮਰਥਨ ਚ ਗੱਲਬਾਤ ਕਰਦਿਆ ਕੀਤਾ ਸ਼੍ਰੀ ਖੈਹਰਾ ਨੇ ਆਖਿਆ ਕਿ ਕੇਂਦਰ ਵਲੋਂ ਹੁਣ ਤੱਕ ਮੀਟਿੰਗਾਂ ਦੋਰਾਨ ਇਸ ਮਸਲੇ ਤੇ ਚਿੰਤਨ ਹੀ ਕੀਤਾ ਅਗਰ ਕੇਂਦਰ ਸਰਕਾਰ ਚਿੰਤਾ ਕਰਦੀ ਤਾਂ ਇਹ ਜੋ ਮਸਲਾ ਕਦੋਂ ਦਾ ਸੁਲਝ ਜਾਣਾ ਸੀ ਤੇ ਜਿਹੜੀਆਂ ਸੋਧਾਂ ਬਾਰੇ ਵਾਰ ਵਾਰ ਮੀਟਿੰਗਾਂ ਬੁਲਾਈਆਂ ਜਾ ਰਹੀਆਂ ਹਨ ਇਸ ਵਿੱਚ ਵਾਕਿਆ ਹੀ ਬਿੱਲਾਂ ਬਹੁਤ ਵੱਡਾ ਘਾਲਾ ਮਾਲਾ ਕੀਤਾ ਗਿਆ ਅਗਰ ਖੇਤੀ ਸੁਧਾਰ ਬਿੱਲ ਕਿਸਾਨਾਂ ਦੇ ਹੱਕ ਚ ਹੁੰਦੇ ਤਾਂ ਇੰਨਾਂ ਘਮਸਾਨ ਛਿੜਨਾ ਨਹੀਂ ਸੀ ਤੇ ਜੋ ਬੀਤੇ ਕੱਲ ਸਿੰਘੂ ਬਾਡਰ ਤੇ ਚੱਲ ਰਹੇ ਸ਼ੰਘਰਸ਼ ਚ ਕੇਂਦਰ ਵਲੋਂ ਜੋ ਬਿੱਲਾਂ ਚ ਸੋਧ ਕਰਨ ਲਈ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਬੁਲਾਇਆ ਸੀ ਕਿਸਾਨਾਂ ਵਲੋਂ ਸੋਧ ਤਜਵੀਜਾਂ ਨੂੰ ਮੁਢੋ ਖਾਰਜ ਕਰ ਕੇ ਸਲਾਘਾਯੋਗ ਕੰਮ ਕੀਤਾ ਤੇ ਜੋ ਕਿਸਾਨਾਂ ਨੇ ਭਾਜਪਾ ਆਗੂਆਂ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਉਸ ਵਿੱਚ ਵੀ ਅਸੀਂ ਸਾਰੇ ਸਹਿਜੋਗ ਕਰਾਂਗੇ ਉਨਾਂ ਕਿਹਾ ਕਿ ਅਸੀ ਕਿਸਾਨ ਜਥੇਬੰਦੀਆਂ ਦਾ ਸਤਿਕਾਰ ਕਰਦੇ ਹਾਂ ਅਸੀ ਕਿਸੇ ਪਾਸਿਓ ਪਿਛੇ ਨਹੀਂ ਹਟਾਂਗੇ ਤੇ ਇਹ ਕਿਸਾਨ ਵਿਰੋਧੀ ਬਿੱਲਾਂ ਨੂੰ ਰੱਦ ਕਰਵਾਕੇ ਹਟਾਂਗੇ ਤੇ ਉਨਾਂ ਸਾਰੇ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਕਿ ਸਾਰਾ ਮੁਲਕ ਕਿਸਾਨਾਂ ਦੇ ਨਾਲ ਹੈ ਸਾਨੂੰ ਉਨਾਂ ਦੇ ਇਸ ਮੁਸ਼ਕਿਲ ਵਾਲੇ ਸੰਕਟ ਚ ਮੋਢੇ ਨਾਲ ਮੋਢਾ ਲਗਾ ਕੇ ਖੜਨ ਦੀ ਲੋੜ ਹੈ ਇਨਾਂ ਬਿੱਲਾ ਦਾ ਸਾਨੂੰ ਕੋਈ ਫਾਇਦਾ ਨਹੀ ਸਗੋਂ ਬਹੁਤ ਜਿਆਦਾ ਨੁਕਸਾਨ ਹੋਵੇਗਾ ਤੇ ਇਸ ਦਾ ਫਾਇਦਾ ਕੇਂਦਰ ਸਰਕਾਰ ਵਲੋਂ ਜਾਣ ਬੁਝ ਕੇ ਕਾਰਪੋਰੇਟ ਘਰਾਣਿਆ ਨੂੰ ਹੋਵੇਗਾ ਤੇ ਦੇਸ਼ ਦੀ ਅਰਥਵਿਵਸਥਾ ਕਰੋਨਾ ਮਹਾਂਮਾਰੀ ਕਾਰਨ ਬਹੁਤ ਥੱਲੇ ਆ ਗਈ ਹੁਣ ਤਾਂ ਜਿਆਦਾ ਹੀ ਨੁਕਸਾਨ ਹੋਵੇਗਾ।

# ਨਰੋਆ ਬਾਲ ਸਾਹਿਤ ਸਾਨੂੰ ਸ਼ਫਲਤਾ ਦੇ ਰਾਹ ਦਿਖਾਉਂਦਾ ਹੈ- ਬਲਜਿੰਦਰ ਮਾਨ

## ਨਿੱਕੀਆਂ ਕਰੂੰਬਲਾਂ ਰਸਾਲੇ ਦੀਆਂ 7100 ਕਾਪੀਆਂ ਅਤੇ 3100 ਬਾਲ ਪੁਸਤਕਾਂ ਵੰਡੀਆਂ

**ਮਾਹਿਲਪੁਰ (ਬਿਊਰੋ)–** ਨਰੋਏ ਬਾਲ ਸਾਹਿਤ ਨਾਲ ਹੀ ਅਸੀਂ ਆਪਣੀ ਨਵੀਂ ਪਨੀਰੀ ਨੂੰ ਸਫ਼ਲਤਾ ਦੇ ਮਾਰਗ ਤੇ ਪਾ ਸਕਦੇ ਹਾਂ।ਇਹ ਵਿਚਾਰ ਅਜ ਪਿੰਡ ਮਹਿਮਦਵਾਲ ਕਲਾਂ ਵਿਖੇ ਸ਼੍ਰੋਮਣੀ ਬਾਲ ਸਾਹਿਤਕਾਰ ਬਲਜਿੰਦਰ ਮਾਨ ਨੇ ਇਕ ਪੁਸਤਕ ਵੰਡ ਸਮਾਰੋਹ ਨੂੰ ਸੰਬੋਧਨ ਕਰਦਿਆਂ ਆਖੇ। ਉਨ੍ਹਾਂ ਅੱਗੇ ਕਿਹਾ ਕਿ ਰੋਚਕ ਅਤੇ ਨਰੋਏ ਸਾਹਿਤ ਨਾਲ ਹੀ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਨਾਲ ਜੋੜਿਆ ਜਾ ਸਕਦਾ ਹੈ। ਇਸ ਓਦੇਸ਼ ਦੀ ਪੂਰਤੀ ਲਈ ਇਸ ਸਾਲ ਵੀ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਮਾਹਿਲਪੁਰ ਵਲੋਂ ਪੰਜਾਬ ਦੇ ਵੱਖ ਵੱਖ ਸਕੂਲਾਂ ,ਲਾਇਬਰੇਰੀਆਂ ਅਤੇ ਸਿੱਖਿਆ ਦੇ ਖੇਤਰ ਵਿਚ ਸਰਗਰਮ ਸਭਾਵਾਂ ਰਾਹੀਂ ਰਸਾਲੇ ਦੀਆਂ 7100 ਕਾਪੀਆਂ ਅਤੇ 3100 ਬਾਲ ਪੁਸਤਕਾਂ ਹੁਸ਼ਿਆਰ ਵਿਦਿਆਰਥੀਆਂ ਨੂੰ ਇਨਾਮ ਵਜੋਂ ਦਿੱਤੀਆਂ ਗਈਆਂ।ਸੁਰ ਸੰਗਮ ਵਿਦਿਅਕ ਟਰੱਸਟ ਵਲੋਂ ਪ੍ਰਿੰ. ਮਨਜੀਤ ਕੌਰ ਦੀ ਅਗਵਾਈ ਹੇਠ ਅਯੋਜਿਤ ਇਸ ਪੁਸਤਕ ਵੰਡ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਨੌਜਵਾਨ ਲੇਖਕ ਸੁਖਮਨ ਸਿੰਘ ਖੜੌਦੀ, ਰਜਮੀਤ ਕੌਰ, ਹਰਦੀਪ ਕੌਰ ਅਤੇ ਹਰਪ੍ਰੀਤ ਕੌਰ ਨੇ ਕਿਹਾ ਕਿ ਉਹ ਸਾਰੇ ਨਿੱਕੀਆਂ ਕਰੂੰਬਲਾਂ ਦੀ ਨਰਸਰੀ ਵਿਚ ਤਿਆਰ ਹੋਏ ਸਾਹਿਤ ਦੇ ਵੰਨ ਸੁਵੰਨੇ ਬੂਟੇ ਹਨ। ਬੱਗਾ ਸਿੰਘ ਆਰਟਿਸਟ ਨੇ ਕਿਹਾ ਕਿ ਇਹੋ ਜਿਹੀ ਪਨੀਰੀ



ਕਰੂੰਬਲਾਂ ਪਰਿਵਾਰ ਵਲੋਂ ਪਿਛਲੇ ਤਿੰਨ ਦਹਾਕਿਆਂ ਤੋਂ ਤਿਆਰ ਕੀਤੀ ਜਾ ਰਹੀ। ਜਿਨ੍ਹਾਂ ਵਿਚੋਂ ਕੁਝ ਦੀਆਂ ਤਾਂ ਚਾਰ ਚਾਰ ਪੁਸਤਕਾਂ ਵੀ ਪ੍ਰਕਾਸ਼ਿਤ ਹੋ ਗਈਆਂ ਹਨ। ਇਸ ਤਰ੍ਹਾਂ ਇਹ ਪੰਗਰਦੇ ਸਾਹਿਤਕਾਰ ਪੰਜਾਬੀ ਸਾਹਿਤ ਦਾ ਕੀਮਤੀ ਸਰਮਾਇਆ ਹਨ।ਲੋਕ ਕਵੀ ਪੰਮੀ ਖੁਸ਼ਹਾਲਪੁਰੀ ਨੇ ਕਿਹਾ ਕਿ ਟਰੱਸਟ ਵਲੋਂ ਸਿਲਵਰ ਜੁਬਲੀ ਮੌਕੇ 18 ਸਾਲ ਤੋਂ ਘੱਟ ਉਮਰ ਦੇ 25 ਬਾਲ ਲੇਖਕਾਂ ਨੂੰ ਮਾਤਾ ਭਜਨ ਕੌਰ ਸਿਲਵਰ ਜੁਬਲੀ ਨਿੱਕੀਆਂ ਕਰੂੰਬਲਾਂ ਪੁਰਸਕਾਰ ਦੇ ਕੇ ਇਕ ਇਤਿਹਾਸਕ ਕਾਰਜ ਕੀਤਾ ਗਿਆ।ਬਲਜਿੰਦਰ ਮਾਨ ਦਾ ਇਹ ਉਪਰਾਲਾ ਆਪਣੀ ਅਮੀਰ ਕਦਰਾਂ ਕੀਮਤਾਂ ਨੂੰ ਬਚਾਉਣ ਵਿਚ ਅਹਿਮ ਭੂਮਿਕਾ ਨਿਭਾਅ ਰਿਹਾ ਹੈ। ਇਸ ਪੁਸਤਕ ਵੰਡ ਸਮਾਰੋਹ ਵਿਚ ਲੇਖਿਕਾ ਕੁਲਵਿੰਦਰ ਕੌਰ ਰੂਹਾਨੀ, ਪਵਨ ਕੁਮਾਰ, ਗੁਰਦੀਪ ਸਿੰਘ, ਹਰਵੀਰ ਮਾਨ, ਰਵਨੀਤ ਕੌਰ, ਹਰਮਨਪ੍ਰੀਤ ਕੌਰ, ਨਿਧੀ ਅਮਨ ਸਹੋਤਾ, ਸੰਨੀ ਹੀਰ ਲੰਗੇਰੀ, ਸਰਬਜੋਤ ਸਿੰਘ ਤੋਂ ਇਲਾਵਾ ਇਲਾਕੇ ਦੇ ਅਧਿਆਪਕ, ਮਾਪੇ, ਸਾਹਿਤ ਪ੍ਰੇਮੀ ਅਤੇ ਹੋਣਹਾਰ ਕਲਾਕਾਰ ਬੱਚਿਆਂ ਨੇ ਭਾਗ ਲਿਆ। ਉਨ੍ਹਾਂ ਦੀ ਕਲਾ ਨੂੰ ਪ੍ਰਫੁਲਤ ਕਰਨ ਲਈ ਬਾਲ ਪੁਸਤਕਾਂ ਅਤੇ ਬਾਲ ਰਸਾਲੇ ਦੀਆਂ ਕਾਪੀਆਂ ਭੇਟ ਕੀਤੀਆਂ ਗਈਆਂ। ਸਭ ਦਾ ਧੰਨਵਾਦ ਕੁਲਦੀਪ ਕੌਰ ਬੈਂਸ ਨੇ ਕੀਤਾ।

# ਸਵ. ਅਵਤਾਰ ਸਿੰਘ ਅਜ਼ਾਦ ਜੀ ਨੂੰ ਅੰਤਿਮ ਅਰਦਾਸ ਮੌਕੇ ਸ਼ਰਧਾਜ਼ਲੀਆਂ

**ਚੰਡੀਗੜ (ਪ੍ਰੀਤਮ ਲੁਧਿਆਣਵੀ)** ਸੀਨੀਅਰ ਪੱਤਰਕਾਰ ਅਤੇ ਰਜਨੀ ਮੈਗਜ਼ੀਨ ਦੇ ਮੁੱਖ ਸੰਪਾਦਕ ਸਵ. ਅਵਤਾਰ ਸਿੰਘ ਅਜ਼ਾਦ ਜੀ ਦੇ ਅੰਤਿਮ ਅਰਦਾਸ ਦੀ ਰਸਮ ਗੁਰਦੁਆਰਾ ਸਿੰਘ ਸਭਾ, ਨਿਊ ਸੰਤੋਖਪੁਰਾ ਜਲੰਧਰ ਵਿਖੇ ਹੋਈ। ਇਸ ਮੌਕੇ ਸ਼ਰਧਾਂਜ਼ਲੀਆ ਭੇਟ ਕਰਨ ਲਈ ਜਿਥੇ ਹਲਕਾ ਵਿਧਾਇਕ ਸ਼੍ਰੀ ਬਾਵਾ ਹੈਨਰੀ, ਸਾਬਕਾ ਐਸ. ਸੀ. ਕਮਿਸ਼ਨ ਚੇਅਰਮੈਨ ਅਤੇ ਭਾਜਪਾ ਪੰਜਾਬ ਮੀਤ ਪ੍ਰਧਾਨ ਰਾਜ਼ੇਸ਼ ਬਾਘਾ ਪੁੱਜੇ, ਉੱਥੇ ਗਾਇਕ ਰਾਵਲ ਧਾਮੀ, ਕੁਮਾਰ ਧਾਲੀਵਾਲ, ਬਲਦੇਵ ਰਾਹੀ, ਗੁਰਮਿੰਦਰ ਗੋਲਡੀ, ਪਰਮਜੀਤ ਕੌਰ ਧੰਜਲ, ਦਲਵਿੰਦਰ ਦਿਆਲੁਪਰੀ, ਮੁਮਤਾਜ ਹੰਸ, ਪਰਮਜੀਤ ਹੰਸ, ਬਲਵਿੰਦਰ ਦਿਲਦਾਰ, ਸੁੱਚਾ ਰੰਗੀਲਾ, ਜਸਵਿੰਦਰ ਗੁਲਾਮ, ਤਾਜ ਨਗੀਨਾ, ਦਲਵੀਰ ਸ਼ੌਕੀ, ਇੰਦਰਜੀਤ ਸਿੰਘ, ਐਚ. ਐਸ. ਬੇਗਮਪੁਰੀ, ਮਨੋਹਰ ਧਾਲੀਵਾਲ, ਚਰਨਪ੍ਰੀਤ ਚੰਨੀ, ਕੁਲਵੀਰ, ਸੁਰਿੰਦਰ ਲਾਡੀ, ਗੁਰਪ੍ਰੀਤ ਢੱਟ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਅਵਸਰ ਤੇ ਮੀਡੀਆ ਤੋਂ ਸੂਰਮਾ ਪੰਜਾਬ ਅਤੇ ਖ਼ਬਰਸਾਰ ਪੰਜਾਬ ਦੇ ਚੀਫ਼ ਐਡੀਟਰ ਅਮਰਜੀਤ ਸਿੰਘ ਜੰਡੂ ਸਿੰਘਾ, ਗੁਰਪ੍ਰੀਤ ਸਿੰਘ ਬੱਧਣ (ਅਜੀਤ ਪ੍ਰਕਾਸ਼ਨ ਸਮੂਹ), ਲਾਲ ਸਿੰਘ ਲਾਲੀ ਤੇ ਪ੍ਰੀਤਮ ਲੁਧਿਆਣਵੀ (ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜ਼ਿ.), ਵਿਸ਼ਵਾ ਮਿੱਤਰ, ਦੀਪਕ ਸੈਣੀ, ਸੋਨੂੰ ਛਾਬੜਾ, ਵਿਸ਼ਾਲ ਬਾਂਸਲ, ਵੀਕੈਂਡ ਰਿਪੋਰਟ ਤੋਂ ਪ੍ਰਦੀਪ ਵਰਮਾ, ਵਿਕਾ ਮਰਵਾਹਾ, ਪ੍ਰਵੀਨ ਨਈਅਰ, ਭੁਪਿੰਦਰ ਸਿੰਘ ਬੁੱਲੋਵਾਲ, ਹਰਭਜਨ ਵਿਰਦੀ, ਜਸਵਿੰਦਰ ਬੱਲ ਏਕਤਾ ਟੀ. ਵੀ., ਹਰਵਿੰਦਰ ਬਿੰਦੂ, ਕਸ਼ਯਪ ਕ੍ਰਾਂਤੀ ਦੇ ਮੁੱਖ ਸੰਪਾਦਕ ਸ਼੍ਰੀ ਨਰਿੰਦਰ ਕਸ਼ਯਪ, ਵਿਜੇ ਸਿੱਧਮ, ਕਰਮਵੀਰ ਸਿੰਘ, ਬਲਵੀਰ ਸਿੰਘ ਕਰਮ (ਬਲਵੀਰ ਸਿਲਾਈ ਮਸ਼ੀਨ ਆਦਮਪੁਰ), ਇਕਬਾਲ ਸਿੰਘ ਉਭੀ ਭੋਜੋਵਾਲ, ਸੌਰਭ





ਮੜੀਆ, ਆਸ਼ੀ ਈਸਪੁਰੀ ਆਦਿ ਨੇ ਵੀ ਆਜ਼ਾਦ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸਤਪਾਲ ਖੇਤਾਨ, ਕੌਂਸਲਰ ਪਰਮਜੀਤ ਸਿੰਘ ਪੰਮਾ, ਅਵਤਾਰ ਸਿੰਘ ਕੌਂਸਲਰ, ਅਸਿੱਸਟੈਂਟ ਇੰਨਕਮ ਟੈਕਸ ਕਮਿਸ਼ਨਰ ਬਲਕਾਰ ਸਿੰਘ, ਜਥੇਦਾਰ ਸੁਖਬੀਰ ਸਿੰਘ ਸ਼ਾਲੀਮਾਰ, ਕਸ਼ਯਪ ਰਾਜਪੂਤ ਐਸੋਸੀਏਸ਼ਨ ਤੋਂ ਗੀਤਕਾਰ ਤੇ ਕਹਾਣੀਕਾਰ ਅਸ਼ੋਕ ਟਾਂਡੀ, ਕਸ਼ਯਪ ਰਾਜਪੂਤ ਮਹਾਂਸਭਾ ਤੋਂ ਚਰਨਜੀਤ ਚੰਨੀ, ਪ੍ਰਕਾਸ਼ ਸਿੰਘ, ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਮੈਮੋਰੀਅਲ ਚੈਰੀਟੇਬਲ ਟਰੱਸਟ ਦੇ ਸੀਨੀਅਰ ਵਾਈਸ ਚੇਅਰਮੈਨ ਠੇਕੇਦਾਰ ਰਣਜੀਤ ਸਿੰਘ, ਐਸ. ਡੀ. ਓ. ਰਾਮੇਸ਼ ਕੁਮਾਰ, ਐਡਵੋਕੇਟ ਰਜਿੰਦਰ ਬੱਧਣ, ਸਾਂਈਂ ਮਧੂ ਸ਼ਾਹ, ਮਹਿੰਦਰ ਸਿੰਘ ਟੈਲੀਫੋਨ ਵਿਭਾਗ ਆਦਿ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

ਇਸ ਤੋਂ ਇਲਾਵਾ ਜੀ. ਐਨ. ਏ. ਯੂਨੀਵਰਸਿਟੀ ਫਗਵਾੜਾ, ਲਾਇਲਪੁਰ ਖਾਲਸਾ ਕਾਲਜ, ਕੇ. ਐਮ. ਵੀ. ਕਾਲਜ, ਪੀ. ਸੀ. ਐਮ. ਐਸ. ਡੀ. ਕਾਲਜ, ਸੀ. ਟੀ. ਇੰਸਟੀਟਿਊਟ, ਏ. ਪੀ. ਜੇ. ਕਾਲਜ ਆਫ ਫਾਈਨ ਆਰਟਸ, ਸੇਂਟ ਸੋਲਜ਼ਰ ਗਰੁੱਪ, ਐਚ. ਐਮ. ਵੀ. ਕਾਲਜ, ਆਦਿ ਅਦਾਰਿਆਂ ਨੇ ਵੀ ਸ਼ੋਕ ਸੰਦੇਸ਼ ਭੇਜੇ।

ਇਸ ਸ਼ਰਧਾਂਜਲੀ ਸਮਾਗਮ ਦੀ ਸਟੇਜ ਸਕੱਤਰ ਦੀ ਭੂਮਿਕਾ ਉੱਘੇ ਸਟੇਜ ਐਂਕਰ ਬਲਦੇਵ ਰਾਹੀ ਨੇ ਬੜੇ ਹੀ ਸੁਚੱਜੇ ਢੰਗ ਨਾਲ ਨਿਭਾਈ। ਆਏ ਹੋਏ ਸਾਥੀਆਂ ਵਿਚੋਂ ਹਰ ਕੋਈ ਆਪਣੇ ਖੇਤਰ ਦਾ ਮਾਹਿਰ ਸੀ ਅਤੇ ਸਾਰਿਆਂ ਨਾਲ ਅਜ਼ਾਦ ਪਰਿਵਾਰ ਦੇ ਬਹੁਤ ਚੰਗੇ ਨਿੱਜੀ ਸੰਬੰਧ ਸਨ। ਪਰ, ਸਮੇਂ ਦੀ ਘਾਟ ਕਾਰਣ ਕੁਝ ਇਕ ਸਖ਼ਸ਼ੀਅਤਾਂ ਨੂੰ ਹੀ ਸਟੇਜ ਤੋਂ ਸ. ਅਵਤਾਰ ਸਿੰਘ ਅਜ਼ਾਦ ਜੀ ਨੂੰ ਆਪਣੇ ਸ਼ਬਦਾਂ ਰਾਹੀਂ ਸ਼ਰਧਾਂਜਲੀ ਦੇਣ ਦਾ ਟਾਈਮ ਮਿਲ ਸਕਿਆ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵੱਲੋਂ ਸ. ਜਸਵਿੰਦਰ ਸਿੰਘ ਅਜ਼ਾਦ ਜੀ ਨੂੰ ਸਿਰੋਪਾਓ ਭੇਂਟ ਕਰਕੇ ਉਨਾਂ ਦਾ ਸਨਮਾਨ ਕੀਤਾ ਗਿਆ।

ਅਖੀਰ ਵਿਚ ਸ. ਜਸਵਿੰਦਰ ਸਿੰਘ ਅਜ਼ਾਦ ਨੇ ਆਏ ਹੋਏ ਸਾਰੇ ਸੱਜਣਾ, ਰਿਸ਼ਤੇਦਾਰਾਂ, ਗਾਇਕ ਭਾਈਚਾਰੇ ਅਤੇ ਮੀਡੀਆ ਭਾਈਚਾਰੇ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰੂ ਦਾ ਲੰਗਰ ਅਤੁੱਟ ਵਰਤਿਆ।

# ਨਨਕਾਣਾ ਸਾਹਿਬ ਵਿਖੇ ਸਿੱਖ ਜਗਤ ਦੇ ਮਹਾਨ ਵਿਦਵਾਨ ਸੰਤ ਗਿਆਨੀ ਮੋਹਣ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਯਾਦ 'ਚ ਸੁਖਮਨੀ ਸਾਹਿਬ ਦਾ ਪਾਠ ਅਤੇ ਅਰਦਾਸ

ਨਨਕਾਣਾ ਸਾਹਿਬ ਵਿਖੇ ਸਿੱਖ ਜਗਤ ਦੇ ਮਹਾਨ ਵਿਦਵਾਨ ਸੰਤ ਗਿਆਨੀ ਮੋਹਣ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਯਾਦ 'ਚ ਸੁਖਮਨੀ ਸਾਹਿਬ ਦਾ ਪਾਠ ਅਤੇ ਅਰਦਾਸ










**ਨਨਕਾਣਾ ਸਾਹਿਬ (ਬਿਊਰੋ)–** ਪਾਕਿਸਤਾਨ ਦੀ ਧਰਤੀ ਦੇ ਜਿਲ੍ਹਾ ਸਰਗੋਧਾ ਦੇ ਪਿੰਡ ਚੱਕ ਨੰਬਰ ੧੩੦ ਸਾਊਥ ਬਰਾਂਚ ਵਿਖੇ ੧੩ ਚੇਤ ੧੯੭੬ ਬਿਕ੍ਰਮੀ ਸੰਮਤ (੨੬ ਮਾਰਚ ੧੯੧੯) ਨੂੰ ਪਿਤਾ ਹਰੀ ਸਿੰਘ, ਮਾਤਾ ਧਰਮ ਕੌਰ ਦੇ ਗ੍ਰਹਿ ਵਿਖੇ ਪੈਦਾ ਹੋਏ ਮਹਾਨ ਵਿਦਵਾਨ ਵਿੱਦਿਆ ਮਾਰਤੰਡ, ਤਪੱਸਵੀ, ਤਿਆਗੀ, ਬੈਰਾਗੀ, ਬਿਬੇਕੀ,ਨਾਮ ਅਭਿਲਾਸ਼ੀ ਸ੍ਰੀ ਮਾਨ ਗਿਆਨੀ ਮੋਹਣ ਸਿੰਘ ਖ਼ਾਲਸਾ ਭਿੰਡਰਾਂਵਾਲੇ ਜੋ ਕਿ ੨ ਦਸੰਬਰ ੨੦੨੦ ਨੂੰ ੧੦੧ ਸਾਲ ਅੱਠ ਮਹੀਨੇ ਦੀ ਉਮਰ ਭੋਗ ਕੇ ਸੱਚਖੰਡ ਪਿਆਨਾ ਕਰ ਗਏ ਸਨ। ਉਨ੍ਹਾਂ ਦੇ ਦੁਸਹਿਰਾ ਮੌਕੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ, ਗੁਰ-ਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਨਨਕਾਣਾ ਸਾਹਿਬ ਦੀਆਂ ਸਮੂਹ ਸੰਗਤਾਂ ਵੱਲੋਂ ਵਿਸ਼ੇਸ਼ ਦਿਵਾਨ ਸਜਾਏ ਗਏ ਅਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਅਰਦਾਸ ਕੀਤੀ ਗਈ।

ਇਸ ਮੌਕੇ 'ਤੇ ਗਿਆਨੀ ਜਨਮ ਸਿੰਘ ਜੀ ਨੇ ਸੁਖਮਨੀ ਸਾਹਿਬ ਦੀ ਸੇਵਾ ਨਿਭਾਈ ਅਤੇ ਭਾਈ ਕਾਕਾ ਸਿੰਘ ਜੀ ਨੇ ਅਰਦਾਸ ਕੀਤੀ। ਗਿਆਨੀ ਜਨਮ ਸਿੰਘ ਜੀ ਨੇ ਸੰਤਾਂ ਦੇ ਜੀਵਨ ਬਾਰੇ ਸੰਗਤਾਂ ਨੂੰ ਜਾਣਕਾਰੀ ਦਿੰਦੇ ਕਿਹਾ ਕਿ ਜਿੱਥੇ ਅੱਜ ਦਾ ਸਿੱਖ ਨੌਜਵਾਨ ਨਿਤਨੇਮ ਕਰਨ ਨੂੰ ਬੋਝ ਸਮਝਣ ਲੱਗ ਪਿਆ ਹੈ ਉੱਥੇ ਸ੍ਰੀ ਮਾਨ ਗਿਆਨੀ ਮੋਹਣ ਸਿੰਘ ਖ਼ਾਲਸਾ ਜੀ ਨੇ ਗਿਆਰਾ ਮਹੀਨੇ ਪਾਉਂਟਾ ਸਾਹਿਬ ਦੀ ਧਰਤੀ ਤੇ ਰਹਿ ਕੇ ਨਾਮ ਅਭਿਆਸ ਕੀਤਾ ਅਤੇ ਸਵਾ ਲੱਖ ਪਾਠ ਸ੍ਰੀ ਜਪੁਜੀ ਸਾਹਿਬ ਦੇ ਕੀਤੇ। ਸੰਤ ਜੀ ਨੇ ਜਿੱਥੇ ਕਈ ਸਾਲ ਗੁਰਬਾਣੀ, ਧਾਰਮਿਕ ਗ੍ਰੰਥਾਂ, ਵੇਦ ਸ਼ਾਸਤਰਾਂ ਦਾ ਅਧਿਐਨ ਕੀਤਾ, ਉਥੇ ਹੀ ਆਪ ਜੀ ਨੇ ਗੱਤਕਾ, ਤਲਵਾਰਬਾਜ਼ੀ ਦੀ ਸਿਖਲਾਈ ਵੀ ਲਿੱਤੀ ਹੋਈ ਸੀ।




ਸਾਨੂੰ ਪਾਕਿਸਤਾਨ ਦੀਆਂ ਸੰਗਤਾਂ ਨੂੰ ਇਸ ਗੱਲ ਦਾ ਮਾਣ ਹੋਣਾ ਚਾਹੀਦਾ ਹੈ ਕਿ ਐਸੇ ਮਹਾਪੁਰਸ਼ ਦਾ ਜਨਮ ਸਾਡੇ ਪਾਕਿਸਤਾਨ ਦੀ ਧਰਤੀ ਤੇ ਹੋਇਆ ਅਤੇ ਆਪ ਜੀ ਨੇ ਆਪਣੀ ਮੁੱਢਲੀ ਪ੍ਰਾਇਮਰੀ ਵਿੱਦਿਆ ਪਿੰਡ ਦੇ ਸਕੂਲ ਤੋਂ ਅਤੇ ਅੱਠਵੀ ਤੱਕ ਦੀ ਸਿੱਖਿਆਂ ਸਰਗੋਧੇ ਤੋਂ ਹਾਸਲ ਕੀਤੀ। ਆਪ ਜੀ ੧੯੩੯ 'ਚ ਸੰਤ ਗਿਆਨੀ ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਜੱਥੇ 'ਚ ਸ਼ਾਮਲ ਹੋ ਗਏ। ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲਿਆਂ ਦੇ ਸੱਚਖੰਡ ਬਿਰਾਜਣ 'ਤੇ ੮ ਜੁਲਾਈ ੧੯੬੯ ਗੁਰਦੁਆਰਾ ਅਖੰਡ ਪ੍ਰਕਾਸ਼ ਭਿੰਡਰ ਕਲਾ ਦੀ ਸੇਵਾ ਸੰਭਾਲੀ। ਆਪ ਜੀ ਨੇ ਕਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕਥਾ ਕੀਤੀਆਂ। ੧੯੬੯ ਤੋਂ ੧੯੮੪ ਤੱਕ ਭਾਰਤ ਦੇਸ਼ ਦੇ ਕੋਨੇ-ਕੋਨੇ ਜਾ ਕੇ ਸਿੱਖੀ ਦਾ ਪ੍ਰਚਾਰ ਪ੍ਰਸਾਰ ਕੀਤਾ। ੧੯੮੪ ਤੋਂ ਆਖ਼ਰੀ ਸਾਹਾਂ ਤੱਕ ਭਿੰਡਰਾਂ ਗੁਰਦੁਆਰਾ ਸਾਹਿਬ ਹੀ ਗੁਰਬਾਣੀ ਦਾ ਨਿਰਬਾਹ ਕਰਦੇ ਰਹੇ। ਆਪ ਜੀ ਸੰਗਤ ਵਿੱਚ ਜੋ ਵੀ ਆਇਆ, ਉਹ ਵੀ ਨਾਮ ਦੇ ਰੰਗ 'ਚ ਰੰਗਿਆ ਗਿਆ।

ਉਨ੍ਹਾਂ ਕਿਹਾ ਸ੍ਰੀ ਨਨਕਾਣਾ ਸਾਹਿਬ ਵਿਖੇ ਸ੍ਰੀ ਮਾਨ ਸੰਤ ਗਿਆਨੀ ਮੋਹਣ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਨਮਿਤ ਪਾਠ ਅਤੇ ਅਰਦਾਸ ਹੋਣੀ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਆਪ ਜੀ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਕਿੰਨੇ ਪਿਆਰੇ ਲੱਗਦੇ ਹੋਣਗੇ ਕਿ ਗੁਰੂ ਨਾਨਕ ਸਾਹਿਬ ਜੀ ਨੇ ਆਪ ਤੁੱਠ ਕੇ, ਪ੍ਰੇਰਨਾ ਦੇ ਕੇ ਉਨ੍ਹਾਂ ਨਮਿਤ ਪਾਠ ਅਤੇ ਅਰਦਾਸ ਆਪਣੇ ਜਨਮ ਅਸਥਾਨ, ਸ੍ਰੀ ਨਨਕਾਣਾ ਸਾਹਿਬ ਵਿਖੇ ਆਪ ਨਨਕਾਣਾ ਸਾਹਿਬ ਦੀਆਂ ਸੰਗਤਾਂ ਪਾਸੋਂ ਕਰਵਾਈ ਹੈ।

ਗ੍ਰੰਥੀ ਭਾਈ ਪ੍ਰੇਮ ਸਿੰਘ ਜੀ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਸਾਨੂੰ ਸਭ ਨੂੰ ਵੀ ਇਹੀ ਅਰਦਾਸ ਕਰਨੀ ਹੈ ਕਿ ਪ੍ਰਮਾਤਮਾ ਸਭ ਦੇ ਘਰਾਂ ਵਿੱਚ ਇਹੋ ਜਿਹੀਆਂ ਨਾਮ ਰਤੀਆਂ ਰੂਹਾਂ ਨੂੰ ਭੇਜੇ ਜੋ ਸਿੱਖੀ ਦਾ ਪ੍ਰਚਾਰ ਪ੍ਰਸਾਰ ਕਰ ਸਕਣ।

# ਮੇਰੀ ਪਹਿਲੀ ਤਸਵੀਰ - ਹਰੀ ਸਟੂਡੀਓ ਬੰਗਾ



ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਉਦੋਂ ਜਲੰਧਰ) ਦੇ ਕਸਬਾ ਬੰਗਾ ਦੇ ਰੇਲਵੇ ਰੋਡ 'ਤੇ ''ਹਰੀ ਸਟੂਡੀਓ'' ਇਲਾਕੇ ਦਾ ਜਾਣਿਆਂ ਪਹਿਚਾਣਿਆਂ ਇੱਕ ਸਟੂਡੀਓ ਸੀ। ਉਹ ਵੀ ਸ਼ਾਇਦ ਪਹਿਲਾ ਤੇ ਇੱਕੋ ਇੱਕ। ਇਸ ਦੇ ਮਾਲਕ ਸਾਡੇ ਪਿੰਡ ਕਰਨਾਣਾ ਦੇ ਹਰੀ ਸਿੰਘ ਮਸ਼ਹੂਰ ਫੋਟੋਗ੍ਰਾਫਰ ਸਨ। ਪਿੰਡ ਵਿੱਚ ਉਨ੍ਹਾਂ ਨੂੰ ਹਰੀ ਸੂੰਹ ਕਿਹਾ ਜਾਂਦਾ ਸੁਣਦੇ ਸੀ। ਉਨ੍ਹਾਂ ਦੀਆਂ ਖਿੱਚੀਆਂ ਯਾਦਗਾਰੀ ਤਸਵੀਰਾਂ ਘਰਾਂ ਦਾ ਸ਼ਿੰਗਾਰ ਬਣਦੀਆਂ ਰਹੀਆਂ ਹਨ। ਇਲਾਕੇ ਦੇ ਬਹੁਤ ਸਾਰੇ ਪਿੰਡਾਂ 'ਚ ਇਸ ਸਟੂਡੀਓ ਦਾ ਚੰਗਾ ਨਾਮਣਾ ਰਿਹਾ। ਸਮਾਂ ਦੇ ਬਦਲੇ ਰੰਗ ਸਾਰੇ ਸਾਡੇ ਸਾਹਮਣੇ ਹਨ। ਹੁਣ ਤਾਂ ਹਰ ਕੋਈ 'ਫੋਟੋਗ੍ਰਾਫਰ' ਹੈ। ਕਈ ਸਾਲ ਪਹਿਲਾਂ ਹਰੀ ਸਿੰਘ ਆਖਰੀ ਉਮਰ ਪਿੰਡ 'ਚ ਬਿਤਾ ਕੇ ਚਲ ਵਸੇ। ਹੁਣ ਵੀ ਲੋਕ ਪੁਰਾਣੇ ਸਮੇਂ 'ਚ ਉੱਥੋਂ ਖਿਚਾਈਆਂ ਕਾਲ਼ੀਆਂ-ਚਿੱਟੀਆਂ ਤਸਵੀਰਾਂ ਸਾਂਭ-ਸਾਂਭ ਰੱਖਦੇ ਹਨ ਅਤੇ ''ਆਪਣਾ ਵੇਲਾ'' ਯਾਦ ਕਰਦੇ ਰਹਿੰਦੇ ਹਨ। ਕਈ ਨਵੇਂ ਜ਼ਮਾਨੇ ਦੇ ਹਾਣੀ ਹੋਣ ਲਈ ਸ਼ੌਕ ਵਾਸਤੇ ਉਨ੍ਹਾਂ ਫੋਟੋਆਂ ਨੂੰ ਰੰਗੀਨ ਵੀ ਬਣਵਾ ਲੈਂਦੇ ਹਨ। ਮੈਂ ਵੀ ਇਹ ਫੋਟੋ ਰੰਗੀਨ ਕਰਵਾਈ ਹੈ। ਮੇਰੀ ਇਹ ਪਹਿਲੀ ਫੋਟੋ ਵੀ ਉਨ੍ਹਾਂ ਦੀ ਹੀ ਖਿੱਚੀ ਹੋਈ ਹੈ।

– ਰੇਸ਼ਮ ਕਰਨਾਣਵੀ

# ਅਧਿਆਪਕ ਸਾਹਿਬਾਨ ਵੀ ਬਣੇ ਕਿਸਾਨ ਅੰਦੋਲਨ ਹਿੱਸਾ

**ਲ਼ਸਾੜਾ/ਉੜਾਪੜ (ਬੱਗਾ ਸੇਲਕੀਆਣਾ) –** ਕਿਸਾਨ ਵਿਰੋਧੀ ਬਿੱਲਾਂ ਨੂੰ ਰੱਦ ਕਰਵਾਉਣ ਲਈ ਹਰੇਕ ਵਰਗ ਅੱਜ ਅੰਨਦਾਤੇ ਦੀ ਹਮਾਇਤ ਕਰ ਰਿਹਾ ਹੈ ਹਮਾਇਤ ਕਰਨੀ ਵੀ ਬਣਦੀ ਹੈ ਅਗਰ ਕਿਸਾਨ ਹੀ ਨਾ ਰਿਹਾ ਤਾਂ ਦੇਸ਼ ਬਰਬਾਦ ਹੋ ਜਾਵੇਗਾ ਇਸ ਲਈ ਸਾਰੇ ਧਰਮਾਂ, ਜਾਤਾਂ, ਅਦਾਰੇ, ਸਿਆਸੀ ਪਾਰਟੀਆਂ, ਸਮਾਜਿਕ, ਸਹਿਤਕ, ਕਲਾਕਾਰ ਆਦਿ ਇਸ ਸ਼ੰਘਰਸ਼ ਚ ਆਪਣਾ ਯੋਗਦਾਨ ਪਾ ਰਹੇ ਹਨ ਤੇ ਇਸ ਲੜੀ ਪੰਜਾਬ ਗੋਰਮਿੰਟ ਟੀਚਰਜ ਯੂਨੀਅਨ ਨੇ ਖੁੱਲ ਕੇ ਕਿਸਾਨਾਂ ਦੇ ਸ਼ੰਘਰਸ਼ ਚ ਜਾਣਾ ਸ਼ੁਰੂ ਕਰ ਦਿਤਾ ਹੈ ਤੇ ਪੰਜਾਬ ਗੋਰਮਿੰਟ ਟੀਚਰਜ ਯੂਨ-ੀਅਨ ਦੇ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ ਦੀ ਯੋਗ ਅਗਵਾਈ ਚ ਅਧਿਆਪਕ ਸਹਿਬਾਨਾਂ ਦਾ ਵੱਡਾ ਕਾਫਲਾ ਕਿਸਾਨ ਮੋਰਚੇ ਲਈ ਦਿਲੀ ਲਈ ਰਵਾਨਾ ਹੋਇਆ ਰਵਾਨਾ ਹੋਣ ਪਹਿਲਾਂ ਗੱਲਬਾਤ ਕਰਦਿਆਂ ਪ੍ਰਧਾਨ ਸੁਰਿੰਦਰ ਪੁਆਰੀ ਨੇ ਆਖਿਆ ਕਿ ਦੇਸ਼ ਦੇ ਅੰਦਾਤੇ ਦੀ ਕੋਈ ਪਾਰਟੀ ਨਹੀਂ ਹੁੰਦੀ ਕਿਉਕਿ ਉਹ ਦੇਸ਼ ਦੇ ਹਰ ਇੱਕ ਨਾਗਰਿਕ ਨੂੰ ਆਪ ਭੁੱਖਾ ਰਹਿ ਕੇ ਵੀ ਰੋਟੀ ਦਿੰਦਾ ਹੈ ਅਗਰ ਕਿਸਾਨ ਹੀ ਨਾ ਰਿਹਾ ਤਾਂ ਅਸੀ ਕੀ ਖਾਕੇ ਗੁਜਾਰਾ ਕਰਾਂਗੇ ਇਸ ਕਰਕੇ ਸਾਨੂੰ ਸਾਰਿਆਂ ਜੋ ਅਜੇ ਘਰਾਂ ਚ ਵੀ ਮੌਜੂਦ ਹਨ




ਉਨਾਂ ਨੂੰ ਅਪੀਲ ਹੈ ਕਿ ਕਿਸਾਨਾਂ ਨੂੰ ਉਨਾਂ ਦੇ ਹੱਕ ਦਿ-ਵਾਉਣ ਲਈ ਕਿਸਾਨ ਸ਼ੰਘਰਸ਼ ਚ ਸ਼ਾਮਿਲ ਹੋ ਕੇ ਇਨਸਾਫ ਦਵਾਈਏ ਵੈਸੇ ਵੀ ਦੇਸ਼ ਦੀ ਭਾਜਪਾ ਸਰਕਾਰ ਨਹੀਂ ਚਾਹੁੰਦੀ ਕਿ ਪੰਜਾਂ ਦਰਿਆਂਵਾਂ ਵਾਲਾ ਸੂਬਾ ਪੰਜਾਬ ਤਰੱਕੀਆਂ ਵੱਲ ਨੂੰ ਜਾਵੇ ਪਰ ਕੇਂਦਰ ਸਰਕਾਰ ਦੀ ਨੁਮਾਇੰਦਗੀ ਕਰ ਰਹੀ ਭਾਜਪਾ ਨੇ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ ਜਦੋਂ ਕਿ ਪੰਜਾਬ ਖੇਤੀ ਦਾ ਸਭ ਰਾਜਾਂ ਨਾਲੋਂ ਖੇਤੀ ਪ੍ਰਧਾਨ ਸੂਬਾ ਹੈ ਇਸ ਲਈ ਕੇਂਦਰ ਸਰਕਾਰ ਨੂੰ ਚਾਹੀਦਾ ਕਿ ਜੋ ਵੀ ਕਿਸਾਨਾਂ ਦੀਆਂ ਮੰਗਾਂ ਹਨ ਉਨਾਂ ਨੂੰ ਬਿੱਲਾਂ ਚ ਸੋਧ ਕਰਕੇ ਫਸਲਾਂ ਉਪਰ ਐਮਐਸਪੀ ਲਗਾ ਕੇ ਸੋਧ ਕਰਕੇ ਇਸ ਕਿਸਾਨੀ ਸ਼ੰਘਰਸ਼ ਨੂੰ ਖਤਮ ਕਰੇ ਬਾਕੀ ਪੰਜਾਬੀਆਂ ਦਾ ਇਤਿਹਾਸ ਗਵਾਹ ਹੈ ਕਿ ਦੇਸ਼ ਦੀ ਉੱਨਤੀ ਸਭ ਤੋਂ ਵੱਧ ਕੁਰਬਾਨੀਆਂ ਚ ਪੰਜਾਬੀਆਂ ਦਾ ਜਿਕਰ ਬੜੇ ਅਦਬ ਨਾਲ ਲਿਆ ਜਾਂਦਾ ਹੈ ਜਦੋਂ ਕੋਈ ਵੀ ਦੇਸ਼ ਤੇ ਭਾਰੀ ਪੈਂਦੀ ਹੈ ਤਾਂ ਸਭ ਤੋਂ ਪਹਿਲਾਂ ਪੰਜਾਬੀ ਹਿੱਕਾਂ ਡਾਹ ਕੇ ਖੜਦੇ ਹਨ ਇਸ ਕਰਕੇ ਕਿਸਾਨੀ ਅੰਦੋਲਨ ਨੂੰ ਖਤਮ ਕੀਤਾ ਜਾਵੇ ਇਸ ਮੌਕੇ ਬਲਕਾਰ ਵਲਟੋਹਾ, ਨਵੀਨ ਕੁਮਾਰ, ਪ੍ਰੇਮ ਚਾਵਲਾ, ਜਸਪਾਲ ਸੰਧੂ, ਭੁਪਿੰਦਰ ਕਮਾਰ, ਅਮਰਜੀਤ ਮਹਿੰਮੀ, ਸਾਰੇ ਅਧਿਆਪਕ ਸਾਹਿਬਾਨ, ਦਲਜੀਤ ਸਿੰਘ ਲਸਾੜਾ, ਬੂਟਾ ਰਾਮ ਬਿਲਗਾ ਆਦਿ ਹਾਜਰ ਸਨ।

# ਗਾਇਕ ਰਾਜ ਦਦਰਾਲ ਦਾ ਸਿੰਗਲ ਟਰੈਕ, ਮਿਸ ਯੂ ਬਾਬਾ ਸਾਹਿਬ, ਕੀਤੀ ਲੋਕ ਅਰਪਿਤ

**ਲ਼ਸਾੜਾ/ਉੜਾਪੜ (ਬੱਗਾ ਸੇਲਕੀਆਣਾ) –** ਭਾਰਤੀ ਸੰਵਿਧਾਨ ਦੇ ਨਿਰਮਾਤਾ, ਸਮਾਜਿਕ ਕ੍ਰਾਂਤੀ ਦਾ ਪਿਤਾਮਾ ਤੇ ਬਹੁਜਨ ਅੰਦੋਲਨ ਦਾ ਪਿਤਾਮਾ ਸਤਿਕ-ਾਰਯੋਗ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਜਿਨਾਂ ਨੇ ਆਪਣਾ ਕੀਮਤੀ ਸਮਾਂ ਇਨਸਾਨੀਅਤ ਦੀ ਸਮਾਨਤਾ ਦੇ ਅੰਦੋਲਨ ਲਈ ਲਗਾ ਦਿਤਾ ਤੇ ਸਮੇਂ ਸਮੇਂ ਦੀਆਂ ਸਰਕਾਰਾ ਵਲੋਂ ਪੱਛੜੇ ਵਰਗ ਨੂੰ ਪੈਰਾਂ ਚ ਲਤਾੜ ਕੇ ਸ਼ਰੇਆਮ ਰਾਜ ਭਾਗ ਦਾ ਸੁੱਖ ਭੋਗਦੇ ਰਹੇ ਤੇ ਉਨਾਂ ਸਾਰੀਆਂ ਗੁਲਾਮਾਂ ਤੇ ਘਟੀਆਂ ਸੋਚਾਂ ਵਾਲੀਆਂ ਸਰਕਾਰਾਂ ਨੂੰ ਸਬਕ ਸਿਖਾ ਕੇ ਸੰਵਿਧਾਨ ਦਾ ਨਿਰਮਾਣ ਕਰਕੇ ਭੇ-ਦਭਾਵ ਵਾਲਾ ਰਸਤਾ ਬੰਦ ਕੀਤਾ ਅੱਜ ਉਸ ਮਹਾਨ ਯੁੱਗ ਪੁਰਸ਼ ਨੂੰ ਦੁਨੀਆਂ ਸਲਾਮਾਂ ਕਰਦੀਆਂ ਹੈ ਤੇ ਸਾਡਾ ਫਰਜ ਵੀ ਬਣਦਾ ਹੈ ਇਹ ਵਿਚਾਰ ਲੋਕ ਗਾਇਕ ਰਾਜ ਦਦਰਾਲ ਨੇ ਪਿੰਡ ਗੜੀ ਅਜੀਤ ਸਿੰਘ ਵਿਖੇ ਡਾ, ਅੰਬੇਡਕਰ ਵੈਲਫੇਅਰ ਸੋਸਾਇਟੀ ਵਲੋਂ ਬਾਬਾ ਸਾਹਿਬ ਜੀ ਦੇ ਪ੍ਰੀਨਿਰਵਾਣ ਦਿਵਸ ਮੌਕੇ ਕਰਵਾਏ ਸਮਾਗਮ ਦੌਰਾਨ ਕੀਤਾ ਇਸ ਮੌਕੇ ਲੋਕ ਗਾਇਕ ਰਾਜ ਦਦਰਾਲ ਦਾ ਮਿਸ਼ਨਰੀ ਟਰੈਕ, ਮਿਸ ਯੂ ਬਾਬਾ ਸਹਿਬ,



ਮਿਸ਼ਨਰੀ ਸ਼ਖਸ਼ੀਅਤਾਂ ਵਲੋਂ ਲੋਕ ਅਰਪਿਤ ਕੀਤਾ ਇਸ ਮੌਕੇ ਰਾਜ ਦਦਰਾਲ ਨੇ ਦੱਸਿਆਂ ਕਿ ਇਸ ਰਚਨਾ ਨੂੰ ਸ਼ਸ਼ੀ ਮਾਹੀ ਮਿੱਠਾਪੁਰੀਆਂ ਕਨੇਡਾ ਨੇ ਕਲਮਬੱਧ ਕੀਤਾ ਤੇ ਇਸ ਦਾ ਸੰਗੀਤ ਬੀਆਰ ਡਿਮਾਣਾ ਤੇ ਫਿਲਮਾਂਕਣ ਮਨੀਸ਼ ਠੁਕਰਾਲ ਨੇ ਕੀਤਾ ਇਸ ਟਰੈਕ ਨੂੰ ਕਮਲ ਯੂਕੇ ਦੀ ਪੇਸ਼ਕਸ ਚ ਪੇਂਡੂ ਬੀਟ ਕੰਪਨੀ ਤਹਿਤ ਰਿਲੀਜ ਕੀਤਾ ਗਿਆ ਇਸ ਮੌਕੇ ਜਾਗ੍ਰਤੀ ਕਲਾ ਕੇਂਦਰ ਦੇ ਪ੍ਰਧਾਨ ਰੂਪ ਲਾਲ ਧੀਰ ਵਲੋਂ ਆਖਿਆ ਕਿ ਰਾਜ ਦਦਰਾਲ ਵਲੋਂ ਇਹ ਬਹੁਤ ਵਧੀਆ ਉਪਰਾਲਾ ਹੈ ਤੇ ਸਾਨੂੰ ਅੱਜ ਵੀ ਆਪਣੇ ਸਮਾਜ ਨੂੰ ਜਾਗਰੁਕ ਕਰਨ ਲਈ ਚੰਗੇ ਉਪਰਾਲੇ ਕਰਨੇ ਚਾਹੀਦੇ ਹਨ ਇਸ ਮੌਕੇ ਰੂਪ ਲਾਲ ਧੀਰ, ਐਸ ਐਸ ਅਜਾਦ, ਨਿਰਵੈਰ ਸਿੰਘ ਸਾਹਲੋਂ, ਕਸ਼ਮੀਰ ਸੁਮਨ ਗੜ੍ਹਪੜ, ਬਾਬੂ ਅਜੀਤ ਰਾਮ, ਹਰਬਲਾਸ ਝਿੰਗੜ ਯੂਐਸਏ, ਬੰਸੀ ਲਾਲ ਅਮਰੀਕਾ, ਪਾਲ ਅੱਟੀ ਵਾਲਾ, ਮੱਖਣ ਬਖਲੌਰ, ਬਿੰਦਰ ਸਿੰਘ ਪੁਰੀ, ਨੀਲਮ ਸਹਿਜਲ, ਸੁਰਿੰਦਰ ਸੁਮਨ, ਗੋਬਿੰਦ ਧੀਰ, ਸੁੱਚਾ ਝਿੰਗੜ, ਧੰਨਾ ਸਿੰਘ, ਸੁੱਚਾ ਧੀਰ, ਬਲਵੀਰ ਧੀਰ, ਰਾਮ ਜੀ, ਜਸਪਾਲ ਧੀਰ ਤੋਂ ਇਲਾਵਾ ਹੋਰ ਵੀ ਹਾਜਰ ਸਨ।

# ਐਲ ਐਲ ਬੀ ਕਰਕੇ ਆਈਆਂ ਦੋ ਲੜਕੀਆਂ ਦਾ ਸਮਾਜ ਵਲੋਂ ਭਰਵਾਂ ਸਵਾਗਤ

**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ) –** ਬਹੁਜਨ ਸਮਾਜ ਪਾਰਟੀ ਦੇ ਜਨਰਲ ਸਕੱਤਰ ਮਾ.ਰਾਮ ਲੁਭਾਇਆ ਸਲਾਲਾ ਨੇ ਸਮੁੱਚੇ ਸਮਾਜ ਨਾਲ ਮਿਲ ਕੇ ਐਲ ਐਲ ਬੀ ਕਰਕੇ ਆਈਆਂ ਦੋ ਲੜਕੀਆਂ ਦਾ ਪਿੰਡ ਸਲਾਲਾ ਵਿਚ ਢੋਲਾਂ ਨਾਲ ਨਿੱਘਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਜੀ ਆਇਆਂ ਕਿਹਾ। ਇਸ ਮੌਕੇ ਮਾ. ਰਾਮ ਲੁਭਾਇਆ ਨੇ ਕਿਹਾ





ਕਿ ਦਲਿਤ ਸਮਾਜ ਦੀਆਂ ਲੜਕੀਆਂ ਅੱਜ ਪੜ੍ਹ ਲਿਖ ਕੇ ਬਹੁਜਨਾਂ ਦਾ ਨਾਮ ਉੱਚਾ ਕਰਦਿਆਂ ਡਾ. ਭੀਮ ਰਾਓ ਅੰਬੇਡਕਰ ਜੀ ਦੇ ਮਿਸ਼ਨ ਨੂੰ ਉੱਚਾ ਚੁੱਕ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ ਨੇਹਾ ਰਾਣੀ ਪੁੱਤਰੀ ਨਰਿੰਦਰ ਸਿੰਘ ਪਿੰਡ ਸਲਾਲਾ, ਬਲਜੀਤ ਕੌਰ ਪੁੱਤਰੀ ਹੰਸ ਰਾਜ ਪਿੰਡ ਨੰਗਲ ਫੀਦਾਂ ਸਮਾਜ ਦੀਆਂ ਉਹ ਹੋਣਹਾਰ ਧੀਆਂ ਹਨ, ਜਿੰਨ੍ਹਾਂ ਨੇ ਆਪਣੀ ਸਖ਼ਤ ਮੇਹਨਤ ਨਾਲ ਐਲ ਐਲ ਬੀ ਕਰਕੇ ਵਕਾਲਤ ਦਾ ਰੁਤਬਾ ਲਿਆ। ਇਸ ਮੌਕੇ ਇੰਨ੍ਹਾਂ ਲੜਕੀਆਂ ਨੇ ਕਿਹਾ ਕਿ ਉਹ ਆਪਣੀ ਪੜ੍ਹਾਈ ਨੂੰ ਜਾਰੀ ਰੱਖਦਿਆਂ ਜੱਜ ਬਨਣ ਦੀਆਂ ਇਛੁੱਕ ਹਨ। ਇਸ ਮੌਕੇ ਪਿੰਡ ਵਾਸੀਆਂ ਅਤੇ ਬਹੁਜਨ ਵਰਕਰਾਂ ਨੇ ਉਕਤ ਲੜਕੀਆਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਪਾਇਲਟ ਦਿਲਬਾਗ ਸਿੰਘ, ਰੂਪ ਲਾਲ ਦੁੱਗਲ, ਮਾ. ਰਾਮ ਚੰਦ, ਕਾਂਸ਼ੀ ਰਾਮ, ਸਬ ਇੰਸ. ਬਲਦੇਵ ਸਿੰਘ, ਸੰਤੋਖ ਸਿੰਘ, ਨੀਲ ਕਮਲ ਹੀਰਾ, ਕੁਲਦੀਪ ਚੁੰਬਰ, ਪ੍ਰਗਟ ਚੁੰਬਰ, ਤਰਸੇਮ ਲਾਲਾ ਜੀ, ਪਟਵਾਰੀ ਪਰਮਜੀਤ ਸਿੰਘ, ਮਲਕੀਤ ਸਿੰਘ ਪੱਪੂ, ਜਸਵੀਰ ਕੌਰ ਸਾਬਕਾ ਸਰਪੰਚ, ਰਕੇਸ਼ ਰਾਣੀ ਸਾਬਕਾ ਸਰਪੰਚ, ਰਕੇਸ਼ ਕੁਮਾਰ ਬੱਘਾ, ਬਾਸੂ ਦੇਵ, ਦਪਿੰਦਰ ਕੁਮਾਰ ਦੀਪਾ, ਹੇਮ ਰਾਜ, ਗਿਆਨ ਕੌਰ ਦਾਦੀ, ਕੇਵਲ ਸਿੰਘ ਕੇਬਾ, ਰੋਬਨ, ਅਨਮੋਲ, ਖੁਸ਼ਦੀਪ ਕੁਮਾਰ, ਵਿਸ਼ਵਜੀਤ, ਅਮਨਦੀਪ ਸਿੰਘ, ਸ਼ਰਨਦੀਪ, ਸ਼ਿੰਗਾਰਾ ਰਾਮ, ਰਵਿੰਦਰ ਸਿੰਘ ਨੰਬਰਦਾਰ, ਬਾਬਾ ਲੱਕੀ ਸ਼ਾਹ, ਸੁਰਿੰਦਰ ਸਿੰਦਾ, ਰਾਮ ਕਿਸ਼ਨ ਅਤੇ ਅਮਰਜੀਤ ਸਮੇਤ ਕਈ ਹੋਰ ਹਾਜ਼ਰ ਸਨ।

# 'ਧੀ ਬਾਜਾਂ ਵਾਲੇ ਦੀ' ਟਰੈਕ ਹੋਵੇਗਾ ਰਿਲੀਜ਼ - ਰਾਣਾ ਵੈਂਡਲ ਵਾਲਾ

**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ)–** ਸੁਪ੍ਰਸਿੱਧ ਲੇਖਕ ਅਤੇ ਗੀਤਕਾਰ ਰਾਣਾ ਵੈਂਡਲ ਵਾਲਾ ਨੇ ਸ਼ੋਸ਼ਲ ਮੀਡੀਆ ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਏਕਮਨ ਮਿਊਜਿਕ ਕੰਪਨੀ ਵਲੋਂ ਪ੍ਰਸਿੱਧ ਢਾਡੀ ਜੱਥਾ ਬੀਬੀ ਬਲਵਿੰਦਰ ਕੌਰ ਖਹਿਰਾ, ਸਾਥੀ ਬੀਬੀ ਨਵਨੀਤ ਕੌਰ ਅਤੇ ਬੀਬੀ ਗੁਰਜੀਤ ਕੌਰ, ਸਾਰੰਗੀ ਵਾਦਕ ਭਾਈ ਹਰਵਿੰਦਰ ਸਿੰਘ ਖਹਿਰਾ ਦਾ ਗਾਇਆ ਟਰੈਕ ' ਧੀ ਬਾਜਾਂ ਵਾਲੇ ਦੀ' ਜਲਦੀ ਹੀ ਰਿਲੀਜ਼ ਕੀਤਾ ਜਾਵੇਗਾ। ਇਸ ਪ੍ਰੋਜੈਕਟ ਨੂੰ ਕਲਮ ਜੰਜੂਆਂ ਨੇ ਲਾਂਚ ਕਰਨਾ ਹੈ ਅਤੇ ਇਸ ਦਾ ਸੰਗੀਤ ਅਮਨ ਬੱਬੂ ਨੇ ਤਿਆਰ ਕੀਤਾ ਹੈ। ਜਦਕਿ ਇਸ ਦਾ ਵੀਡੀਓ ਏਕਮਨ ਫਿਲਮਜ਼ ਵਲੋਂ ਸ਼ਾਨਦਾਰ ਰਵਾਇਤੀ ਅੰਦਾਜ ਵਿਚ ਬਣਾਇਆ ਗਿਆ ਹੈ। ਇਸ ਟਰੈਕ ਦੇ ਪ੍ਰੋਡਿਊਸਰ ਰਜਨੀ ਕੌਰ ਹਨ। ਰਾਣਾ ਵੈਂਡਲ ਵਾਲਾ ਨੇ ਇਸ ਟਰੈਕ ਨੂੰ ਕਲਮਬੱਧ ਕੀਤਾ ਹੈ।




# ਐਕਸੀਅਨ ਇੰਜ. ਰੇਸ਼ਮ ਸਿੰਘ ਦੜੌਚ ਨੂੰ ਵੱਖ-ਵੱਖ ਵਰਗਾਂ ਦਿੱਤੀਆਂ ਭਾਵ ਭਿੰਨੀਆਂ ਸ਼ਰਧਾਂਜਲੀਆਂ

**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ)–** ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੇ ਸੇਵਾ ਮੁਕਤ ਐਕਸੀਅਨ ਇੰਜ. ਰੇਸ਼ਮ ਸਿੰਘ ਦੜੌਚ ਜੋ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ, ਨਮਿੱਤ ਰੱਖੇ ਗਏ ਸਹਿਜ ਪਾਠ ਦੇ ਭੋਗ ਉਪਰੰਤ ਉਨ੍ਹਾਂ ਦੀ ਵਿਛੜੀ ਰੂਹ ਨੂੰ ਵੱਖ-ਵੱਖ ਵਰਗਾਂ ਦੇ ਵਿਅਕਤੀਆਂ ਵਲੋਂ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਹੁਸ਼ਿਆਰਪੁਰ ਬੂਲਾਂਵਾੜੀ ਸਥਿਤ ਉਨ੍ਹਾਂ ਦੇ ਗ੍ਰਹਿ ਵਿਖੇ ਸਹਿਜ ਪਾਠ ਦੀ ਬਾਣੀ ਦੇ ਭੋਗ ਪਾਏ ਗਏ ਉਪਰੰਤ ਭਾਈ ਗੁਰਪ੍ਰੀਤ ਸਿੰਘ ਹੁਸ਼ਿਆਰਪੁਰ ਵਾਲਿਆਂ ਦੇ ਰਾਗੀ ਜਥੇ ਨੇ ਸੰਗਤ ਨੂੰ ਵੈਰਾਗਮਈ ਕੀਰਤਨ ਸਰਵਣ ਕਰਵਾਇਆ। ਇਸ ਸ਼ੋਕ ਮਈ ਸਮਾਗਮ ਦੀ ਸੰਚਾਲਨਾ ਕੁਲਦੀਪ ਚੁੰਬਰ ਵਲੋਂ ਕੀਤੀ ਗਈ। ਇਸ ਮੌਕੇ ਸਵ. ਇੰਜ. ਰੇਸ਼ਮ ਸਿੰਘ ਦੜੌਚ ਨੂੰ ਸ਼ਰਧਾ ਤੇ ਫੁੱਲ ਅਰਪਿਤ ਕਰਨ ਮੌਕੇ ਵਿਸ਼ੇਸ਼ ਤੌਰ ਤੇ ਸੰਤ ਸ਼ੀਤਲ ਦਾਸ ਕਾਲੇਵਾਲ ਭਗਤਾਂ, ਬਸਪਾ ਦੇ ਜ਼ਿਲ੍ਹਾ ਪ੍ਰਧਾਨ ਇੰਜ. ਮਹਿੰਦਰ ਸਿੰਘ ਸੰਧਰ, ਇੰਜ. ਜਗਦੀਸ਼ ਲਾਲ ਬੱਧਣ ਸੇਵਾ ਮੁਕਤ ਐਕਸੀਅਨ, ਚੀਫ ਇੰਜ. ਹਰਭਜਨ ਸਿੰਘ, ਇੰਜ. ਹਰਭਜਨ ਸਿੰਘ ਧੌਲ ਸੇਵਾ ਮੁਕਤ ਐਸ ਡੀ ਓ,



ਬਲਵਿੰਦਰ ਬੰਗੜ, ਦੀਵਾਨ ਸਿੰਘ, ਜਸਵੀਰ ਸਿੰਘ ਕੋਹਲੀ, ਸਰਵਣ ਕੁਮਾਰ, ਬਲਜੀਤ ਸਿੰਘ ਪਨੇਸਰ ਰਿਟਾ. ਐਕਸੀਅਨ, ਕਰਮ ਚੰਦ ਸੇਵਾਮੁਕਤ ਏ ਈ ਈ, ਲਹਿੰਬਰ ਰਾਮ ਝੱਮਟ, ਸਰਬਜੀਤ ਸਿੰਘ ਵਿਰਦੀ, ਕੈਪਟਨ ਗਿਆਨ ਚੰਦ ਪਿੱਪਲਾਂਵਾਲਾ, ਓਮ ਲਾਲ, ਕਿਸ਼ਨ ਲਾਲ ਦੜੌਚ, ਸਰਵਣ ਸਿੰਘ ਐਸ ਡੀ ਓ, ਬਲਜੀਤ ਸਿੰਘ ਐਕਸੀਅਨ, ਗਿਆਨੀ ਪ੍ਰੇਮ ਸਿੰਘ ਜੈਤਪੁਰ ਹਾਜ਼ਰ ਹੋਏ। ਵੱਖ-ਵੱਖ ਬੁਲਾਰਿਆਂ ਨੇ ਇੰਜ ਦੜੌਚ ਦੀਆਂ ਸਮਾਜ ਅਤੇ ਬਿਜਲੀ ਵਿਭਾਗ ਵਿਚ ਦਿੱਤੀਆਂ ਅਹਿਮ ਸੇਵਾਵਾਂ ਨੂੰ ਯਾਦ ਕਰਦਿਆਂ ਕਿਹਾ ਕਿ ਅਜਿਹੇ ਇਨਸਾਨ ਸਮਾਜ ਦੇ ਕਲਿਆਣ ਲਈ ਆਪਣੇ ਜੀਵਨ ਵਿਚ ਕਈ ਵਿਲੱਖਣ ਕਾਰਜ ਕਰ ਜਾਂਦੇ ਹਨ। ਜੋ ਉਨ੍ਹਾਂ ਦੀ ਸੋਚ ਨੂੰ ਇਕ ਸਮਾਜਿਕ ਪ੍ਰਾਣੀ ਹੋਣ ਦਾ ਦਰਜਾ ਦੇ ਜਾਂਦੇ ਹਨ। ਇੰਜ. ਰੇਸ਼ਮ ਸਿੰਘ ਇਕ ਸਮਾਜਿਕ ਪ੍ਰਾਣੀ ਸਨ। ਜਿੰਨ੍ਹਾਂ ਨੇ ਆਪਣੀ ਨੌਕਰੀ ਦੇ ਨਾਲ ਨਾਲ ਸਮਾਜ ਦੇ ਹਿੱਤਾਂ ਲਈ ਬਾਬਾ ਸਾਹਿਬ ਡਾ. ਅੰਬੇਡਕਰ ਜੀ, ਸਾਹਿਬ ਕਾਂਸ਼ੀ ਰਾਮ ਜੀ ਅਤੇ ਸਤਿਗੁਰਾਂ ਦੇ ਮਿਸ਼ਨ ਨੂੰ ਹਮੇਸ਼ਾਂ ਜਨ ਜਨ ਤੱਕ ਪਹੁੰਚਾਇਆ। ਇੰਜ. ਰੇਸ਼ਮ ਸਿੰਘ ਆਪਣੇ ਪਿੱਛੇ ਆਪਣੀ ਧਰਮ ਪਤਨੀ ਗੁਰਮੀਤ ਕੌਰ, ਸਪੁੱਤਰ ਉਂਕਾਰ ਸਿੰਘ, ਹਰਜੀਤ ਸਿੰਘ, ਨੂੰਹ ਕੁਲਵਿੰਦਰ ਕੌਰ, ਪ੍ਰਵੀਨ ਕੌਰ ਅਤੇ ਪੋਤਾ ਪ੍ਰਵਾਨ ਛੱਡ ਗਏ।

# ਨਾਮਵਾਰ ਲੇਖਕ ਜਗਤਾਰ ਗਿੱਲ ਅਤੇ ਸਮੂਹ ਗਿੱਲ ਪਰਿਵਾਰ ਨੂੰ ਪਿਤਾ ਦੀ ਮੌਤ 'ਤੇ ਗਹਿਰਾ ਸਦਮਾ



ਨਾਮਵਰ ਲੇਖਕ ਜਗਤਾਰ ਸਿੰਘ ਗਿੱਲ (ਪੁਰਾਣੇਵਾਲਾ, ਜ਼ਿਲ੍ਹਾ ਮੋਗਾ) ਦੇ ਸਤਿਕਾਰਯੋਗ ਪਿਤਾ ਜੀ ਜਥੇਦਾਰ ਹਰਬੰਤ ਸਿੰਘ ਗਿੱਲ ਪਿਛਲੇ ਦਿਨੀ 92 ਸਾਲ ਦੀ ਖੁਸ਼ਹਾਲ ਜ਼ਿੰਦਗੀ ਦਾ ਸਫਰ ਤਹਿ ਕਰਦੇ ਹੋਏ ਇਸ ਫ਼ਾਨੀ ਦੁਨੀਆਂ ਤੋਂ ਸਦਾ-ਸਦਾ ਲਈ ਰੁਖਸਤ ਹੋ ਗਏ। ਉਹ ਪਿਛਲੇ ਤਕਰੀਬਨ 22 ਸਾਲ ਤੋ ਲੇਖਕ ਜਗਤਾਰ ਸਿੰਘ ਗਿੱਲ ਹੋਰਾਂ ਕੋਲ ਫਰੀਮਾਂਟ (ਕੈਲੇਫੋਰਨੀਆਂ) ਵਿਖੇ ਰਹਿ ਰਹੇ ਸਨ। ਕੋਵਿਡ ਦੇ ਚੱਲਦਿਆਂ ਲੰਘੇ ਸ਼ਨੀਵਾਰ ਪਰਿਵਾਰਕ ਮੈਂਬਰਾਂ ਦੀ ਹਾਜ਼ਰੀ ਵਿੱਚ ਉਹਨਾਂ ਨੂੰ ਅੰਤਿਮ ਵਿਦਾਇਗੀ ਦਿੱਤੀ ਗਈ। ਉਹ ਆਪਣੇ ਪਿੱਛੇ ਹਰਿਆ-ਭਰਿਆ ਪਰਿਵਾਰ ਛੱਡ ਗਏ ਹਨ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਲੇਖਕ ਜਗਤਾਰ ਸਿੰਘ ਗਿੱਲ ਨਾਲ (408) 857-4455 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਕੈਲੀਫੋਰਨੀਆਂ ਦਾ ਪੱਤਰਕਾਰ ਅਤੇ ਲੇਖਕ ਭਾਈਚਾਰ ਜਗਤਾਰ ਸਿੰਘ ਗਿੱਲ ਨਾਲ ਇਸ ਦੁੱਖ ਦੀ ਘੜੀ ਵਿੱਚ ਸ਼ਰੀਕ ਹੈ ਅਤੇ ਅਰਦਾਸ ਹੈ ਕਿ ਪ੍ਰਮਾਤਮਾਂ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ੍ਹ ਬਖ਼ਸ਼ੇ।

ਅਦਾਰਾ 'ਦੇਸ਼ ਦੁਆਬਾ' ਉਹਨਾਂ ਨੂੰ ਭਾਵ ਭਿੰਨੀ ਸ਼ਰਧਾਂਜਲੀ ਦਿੰਦਿਆਂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕਰਦਾ ਹੈ।

**- ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

# ਲਾਸ ਏਂਜਲਸ ਵਿੱਚ ਗੈਰਕਾਨੂੰਨੀ ਪਾਰਟੀ ਕਰਦੇ 158 ਲੋਕ ਗ੍ਰਿਫਤਾਰ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)-** ਕੋਰੋਨਾਂ ਵਾਇਰਸ ਦੀ ਲਾਗ ਨੂੰ ਰੋਕਣ ਲਈ ਸਮੂਹਿਕ ਇਕੱਠ ਅਤੇ ਪਾਰਟੀਆਂ ਆਦਿ ਕਰਨ 'ਤੇ ਪਾਬੰਦੀਆਂ ਲਗਾਈਆਂ ਹੋਈਆਂ ਹਨ।ਇਸ ਲਈ ਅਧਿਕਾਰੀਆਂ ਦੁਆਰਾ ਇਸ ਸੰਕਟ ਦੇ ਸਮੇਂ ਹੁੰਦੀਆਂ ਗੈਰ ਕਾਨੂੰਨੀ ਪਾਰਟੀਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਲਾਸ ਏਂਜਲਸ ਕਾਊਂਟੀ ਦੇ ਸ਼ੈਰਿਫ ਨੇ ਪਾਮਡੇਲ ਵਿੱਚ ਇੱਕ ਅੰਡਰਗ੍ਰਾਊਂਡ ਪਾਰਟੀ ਨੂੰ ਬੰਦ ਕਰਨ ਦੇ ਨਾਲ 158 ਗ੍ਰਿਫਤਾਰੀਆਂ ਦਾ ਵੀ ਐਲਾਨ ਕੀਤਾ ਹੈ, ਇਸਦੇ ਨਾਲ ਹੀ ਅਧਿਕਾਰੀਆਂ ਨੇ ਇਸ ਪਾਰਟੀ ਵਿੱਚੋਂ ਹਥਿਆਰ , ਨਸ਼ੇ ਅਤੇ ਮਨੁੱਖੀ ਤਸਕਰੀ ਲਈ ਲਿਆਂਦੀ ਇੱਕ ਨਾਬਾਲਗ ਲੜਕੀ ਵੀ ਬਰਾਮਦ ਕੀਤੀ ਹੈ। ਸ਼ੈਰਿਫ ਐਲੈਕਸ ਵਿਲੇਨੁਏਵਾ ਅਨੁਸਾਰ ਗਵਰਨਰ ਦੇ ਸਿਹਤ ਸੰਬੰਧੀ ਨਿਯਮਾਂ ਨੂੰ ਤੋੜਨ ਵਾਲੀ ਇਸ ਪਾਰਟੀ ਨੂੰ ਅਧਿਕਾਰੀਆਂ ਨੇ ਸ਼ਨੀਵਾਰ ਰਾਤ ਨੂੰ ਇੱਕ ਖਾਲੀ ਘਰ ਵਿੱਚ ਦਾਖਲ ਹੋ ਕੇ ਬੰਦ ਕਰਦਿਆਂ ਕਾਰਵਾਈ ਕੀਤੀ ਹੈ। ਵਿਲੇਨੁਏਵਾ ਨੇ ਜਾਣਕਾਰੀ ਦਿੱਤੀ ਕਿ ਅਧਿਕਾਰੀਆਂ ਨੇ ਘਟਨਾ ਵਾਲੀ ਥਾਂ ਤੋਂ ਛੇ ਹਥਿਆਰ ਬਰਾਮਦ ਕੀਤੇ ਅਤੇ ਇੱਕ 17 ਸਾਲਾ ਲੜਕੀ ਨੂੰ ਤਸਕਰੀ ਤੋਂ ਬਚਾਇਆ ਹੈ ਜਦਕਿ ਅਧਿਕਾਰੀਆਂ ਨੇ 120 ਬਾਲਗਾਂ ਅਤੇ 38 ਨਾਬਾਲਗਾਂ ਨੂੰ ਗ੍ਰਿਫਤਾਰ ਕੀਤਾ, ਜਿਨ੍ਹਾਂ ਨੇ ਚਿਹਰੇ ਦੇ ਮਾਸਕ ਵੀ ਨਹੀਂ ਪਹਿਨੇ ਹੋਏ ਸਨ ਅਤੇ ਬਾਅਦ ਵਿੱਚ ਵਾਇਰਸ ਤੋਂ ਬਚਾਅ ਲਈ ਪੁਲਿਸ ਦੁਆਰਾ ਉਨ੍ਹਾਂ ਨੂੰ ਮਾਸਕ ਪਹਿਨਣ ਲਈ ਦਿੱਤੇ ਗਏ। ਰਾਜ ਦੇ ਗਵਰਨਰ ਗੈਵਿਨ ਨਿਊਸਮ ਦੁਆਰਾ ਕਈ ਖੇਤਰਾਂ ਵਿੱਚ ਕੋਵੀਡ -19 ਦੇ ਮਾਮਲਿਆਂ ਵਿਚ ਵਾਧੇ ਨੂੰ ਰੋਕਣ ਦੀ ਉਮੀਦ ਵਿੱਚ ਕਈ ਆਦੇਸ਼ ਲਾਗੂ ਕੀਤੇ ਗਏ ਹਨ ਜਿਹਨਾਂ ਦੀ ਪਾਲਣਾ ਕਰਨ ਅਤੇ ਵਾਇਰਸ ਦੇ ਖਤਰੇ ਨੂੰ ਘੱਟ ਕਰਨ ਦੇ ਮੰਤਵ ਲਈ ਇਸ ਪਾਰਟੀ 'ਤੇ ਅਧਿਕਾਰੀਆਂ ਦੁਆਰਾ ਕਾਰਵਾਈ ਕੀਤੀ ਗਈ ਹੈ।



# ਮਿਸ਼ੀਗਨ ਦੇ ਉਪਰੀ ਪ੍ਰਾਇਦੀਪ ਖੇਤਰ ਵਿੱਚ ਲੜਾਕੂ ਜਹਾਜ਼ ਹੋਇਆ ਕਰੈਸ਼, ਪਾਇਲਟ ਦੀ ਭਾਲ ਜਾਰੀ



**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)-** ਵਿਸਕਾਨਸਿਨ ਨੈਸ਼ਨਲ ਗਾਰਡ ਦੀ ਜਾਣਕਾਰੀ ਅਨੁਸਾਰ ਇੱਕ ਅਮਰੀਕੀ ਐੱਫ -16 ਲੜਾਕੂ ਜਹਾਜ਼, ਜੋ ਕਿ ਇੱਕ ਰੁਟੀਨ ਸਿਖਲਾਈ ਮਿਸ਼ਨ ਤੇ ਸੀ, ਮਿਸ਼ੀਗਨ ਦੇ ਉੱਪਰੀ ਪ੍ਰਾਇਦੀਪ ਖੇਤਰ ਵਿੱਚ ਮੰਗਲਵਾਰ ਰਾਤ ਨੂੰ ਕਰੈਸ਼ ਹੋ ਗਿਆ ਅਤੇ ਇਸ ਹਾਦਸੇ ਵਿੱਚ ਪਾਇਲਟ ਜੋ ਕਿ ਜ਼ਹਾਜ ਵਿੱਚ ਇਕੱਲਾ ਹੀ ਸੀ ਫਿਲਹਾਲ ਅਜੇ ਲਾਪਤਾ ਹੈ। ਇਸ ਹਾਦਸੇ ਦੇ ਸੰਬੰਧ ਵਿੱਚ ਨੈਸ਼ਨਲ ਗਾਰਡ ਦੇ 115 ਵੇਂ ਲੜਾਕੂ ਵਿੰਗ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਪਾਇਲਟ ਦੀ ਭਾਲ ਜਾਰੀ ਹੈ ਅਤੇ ਇਸ ਸਮੇਂ ਪਾਇਲਟ ਦੀ ਸਥਿਤੀ ਅਜੇ ਅਣਜਾਣ ਹੈ ਜਦਕਿ ਵਿੰਗ ਅਨੁਸਾਰ ਇਸ ਸੰਬੰਧੀ ਸੰਯੁਕਤ ਰਾਜ ਦੇ ਕੋਸਟ ਗਾਰਡ ਅਤੇ ਹੋਰ ਸਰਕਾਰੀ ਏਜੰਸੀਆਂ ਨਾਲ ਤਾਲਮੇਲ ਕਰਨ ਦੇ ਨਾਲ ਧਰਤੀ, ਹਵਾ ਅਤੇ ਪਾਣੀ ਵਿੱਚ ਵੀ ਪਾਈਲਟ ਦੀ ਭਾਲ ਅਤੇ ਬਚਾਅ ਦੇ ਯਤਨ ਜਾਰੀ ਹਨ। ਹਾਦਸਾਗ੍ਰਸਤ ਹੋਇਆ ਲੜਾਕੂ ਜ਼ਹਾਜ ਮੈਡੀਸਨ ਦੇ ਟਰੂਐਕਸ ਫੀਲਡ ਏਅਰ ਨੈਸ਼ਨਲ ਗਾਰਡ ਬੇਸ ਵਿੱਚ ਵਿਸਕਾਨਸਿਨ ਏਅਰ ਨੈਸ਼ਨਲ ਗਾਰਡ ਦੇ 115 ਵੇਂ ਲੜਾਕੂ ਵਿੰਗ ਤੋਂ ਸੀ। ਇਸ ਫਾਈਟਰ ਵਿੰਗ ਦੇ ਕਮਾਂਡਰ ਕਰਨਲ ਬਾਰਟ ਵੈਨ ਰੂ ਅਨੁਸਾਰ ਕੀਤੇ ਜਾ ਰਹੇ ਖੋਜ ਅਤੇ ਬਚਾਅ ਕਾਰਜਾਂ ਦੇ ਨਾਲ ਪਾਇਲਟ ਦੀ ਸੁਰੱਖਿਆ ਸਾਡੀ ਪ੍ਰਮੁੱਖ ਤਰਜੀਹ ਹੈ ਜਦਕਿ ਇਸ ਹਾਦਸੇ ਦੇ ਕਾਰਨਾਂ ਦੀ ਵੀ ਅਜੇ ਜਾਂਚ ਕੀਤੀ ਜਾ ਰਹੀ ਹੈ।

# ਕੋਰੋਨਾ ਮਹਾਂਮਾਰੀ ਦੌਰਾਨ ਰੈਸਟੋਰੈਂਟ ਕਾਰੋਬਾਰ ਸੰਕਟ 'ਚ,ਲੱਗਭਗ 10,000 ਰੈਸਟੋਰੈਂਟ ਹੋਏ ਬੰਦ





**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)-** ਇਸ ਸਾਲ ਸ਼ੁਰੂ ਹੋਈ ਕੋਰੋਨਾਂ ਮਹਾਂਮਾਰੀ ਨੇ ਤਕਰੀਬਨ ਸਾਰੇ ਹੀ ਕਾਰੋਬਾਰਾਂ 'ਤੇ ਪ੍ਰਕੋਪ ਢਾਹਿਆ ਹੈ,ਪਰ ਇਸਨੇ ਰੈਸਟੋਰੈਂਟ ਕਾਰੋਬਾਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇੱਕ ਵਪਾਰਕ ਸਮੂਹ ਦੇ ਅਨੁਸਾਰ ਅਮਰੀਕਾ ਵਿੱਚ ਕੋਰੋਨਾਂ ਵਾਇਰਸ ਦੇ ਮਾਮਲਿਆਂ ਵਿਚ ਚੱਲ ਰਹੇ ਵਾਧੇ ਦੇ ਮੱਦੇਨਜ਼ਰ ਰੈਸਟੋਰੈਂਟ ਭਾਰੀ ਆਰਥਿਕ ਗਿਰਾਵਟ ਵਿੱਚ ਹਨ ਅਤੇ ਦੇਸ਼ ਭਰ ਵਿੱਚ ਤਕਰੀਬਨ 10,000 ਰੈਸਟੋਰੈਂਟ ਸਤੰਬਰ ਦੀ ਸ਼ੁਰੂਆਤ ਤੋਂ ਲੈ ਕੇ ਅਸਥਾਈ ਜਾਂ ਸਥਾਈ ਤੌਰ 'ਤੇ ਬੰਦ ਹੋ ਗਏ ਹਨ। ਇਸ ਆਰਥਿਕ ਸੰਕਟ ਵਿੱਚੋਂ ਬਾਹਰ ਨਿਕਲਣ ਲਈ ਰੈਸਟੋਰੈਂਟਾਂ ਦੇ ਵਕੀਲ ਸੰਸਦ ਮੈਂਬਰਾਂ ਨੂੰ ਦੇਸ਼ ਦੇ 500,000 ਸੁਤੰਤਰ ਰੈਸਟੋਰੈਂਟਾਂ ਦੀ ਸਹਾਇਤਾ ਲਈ 120 ਬਿਲੀਅਨ ਡਾਲਰ ਦੀ ਮਨਜ਼ੂਰੀ ਦੇਣ ਲਈ ਬੇਨਤੀ ਕਰ ਰਹੇ ਹਨ। ਵਾਇਰਸ ਦੀ ਲਾਗ ਦੇ ਵਧ ਰਹੇ ਮਾਮਲਿਆਂ ਕਰਕੇ ਕਈ ਸੂਬਾ ਸਰਕਾਰਾਂ ਵੱਲੋਂ ਕਈ ਤਰਾਂ ਦੀਆਂ ਪਾਬੰਦੀਆਂ ਲਾਗੂ ਕੀਤੀਆਂ ਗਈਆਂ ਹਨ, ਜਿਹਨਾਂ ਵਿੱਚ ਇਨਡੋਰ ਰੈਸਟੋਰੈਂਟ ਸੇਵਾਵਾਂ 'ਤੇ ਪਾਬੰਦੀਆਂ ਵੀ ਸ਼ਾਮਲ ਹਨ। ਇਸ ਤਰ੍ਹਾਂ ਦੀਆਂ ਪਾਬੰਦੀਆਂ ਰੈਸਟੋਰੈਂਟਾਂ ਨੂੰ ਸਥਾਈ ਜਾਂ ਅਸਥਾਈ ਤੌਰ 'ਤੇ ਬੰਦ ਕਰਨ ਨੂੰ ਮਜਬੂਰ ਕਰ ਰਹੀਆਂ ਹਨ। ਇਸ ਹੋ ਰਹੀ ਗਿਰਾਵਟ ਨਾਲ ਉਦਯੋਗ ਦੀਆਂ ਨੌਕਰੀਆਂ ਵਿੱਚ ਕਟੌਤੀ ਹੋਣ ਦੇ ਸੰਕੇਤ ਹਨ ਜਦਕਿ ਸੇਂਟ ਲੂਇਸ ਦੇ ਫੈਡਰਲ ਰਿਜ਼ਰਵ ਬੈਂਕ ਦੇ ਆਰਥਿਕ ਅੰਕੜਿਆਂ ਅਨੁਸਾਰ, ਅਪ੍ਰੈਲ ਤੋਂ ਹਰ ਮਹੀਨੇ ਲਾਗ ਦੇ ਕੇਸ ਵਧਣ ਤੋਂ ਬਾਅਦ ਨਵੰਬਰ ਵਿੱਚ ਰੈਸਟੋਰੈਂਟਾਂ ਅਤੇ ਬਾਰਾਂ ਵਿਚ ਕਰਮਚਾਰੀਆਂ ਦੀ ਗਿਣਤੀ 'ਚ 18,000 ਦੇ ਕਰੀਬ ਤੱਕ ਗਿਰਾਵਟ ਆਈ ਹੈ।

'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਪੁਲਿਸ ਨੇ ਮੈਨਹੱਟਨ 'ਚ ਗਿਰਜਾਘਰ ਦੇ ਬਾਹਰ ਹਮਲਾ ਕਰਨ ਵਾਲੇ ਵਿਅਕਤੀ ਨੂੰ ਮਾਰੀ ਗੋਲੀ

**ਗੁਰਿੰਦਰਜੀਤ ਨੀਟਾ ਮਾਛੀਕੇ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਨਿਊਯਾਰਕ ਦੇ ਮੈਨਹੱਟਨ ਵਿਚ ਇੱਕ ਚਰਚ ਦੇ ਕ੍ਰਿਸਮਸ ਸਮਾਰੋਹ ਵਿੱਚ ਇੱਕ ਹਮਲਾਵਰ ਵੱਲੋਂ ਗੋਲੀ ਚਲਾਉਣ ਤੋਂ ਬਾਅਦ ਪੁਲਿਸ ਵੱਲੋਂ ਉਸਨੂੰ ਜਵਾਬੀ ਕਾਰਵਾਈ ਕਰਦਿਆਂ ਮੌਤ ਦੇ ਘਾਟ ਉਤਾਰਿਆ ਗਿਆ ਹੈ। ਅਧਿਕਾਰੀਆਂ ਅਨੁਸਾਰ ਐਤਵਾਰ ਦੁਪਹਿਰ ਨੂੰ ਮਾਰਨਿੰਗਸਾਈਡ ਹਾਈਟਸ ਵਿੱਚ ਸੇਂਟ ਜਾਨ ਚਰਚ ਦੀਆਂ ਪੌੜੀਆਂ ਤੇ ਹੋ ਰਹੇਕ੍ਰਿਸਮਸ ਸਮਾਰੋਹ ਦੌਰਾਨ ਇਕੱਠੇ ਹੋਏ ਸੈਂਕੜੇ ਲੋਕਾਂ ਦੀ ਭੀੜ ਵਿਚਕਾਰ ਇੱਕ ਹਮਲਾਵਰ ਵੱਲੋਂ ਗੋਲੀ ਚਲਾਉਣ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ।

ਇਸ ਮੌਕੇ ਇਹ ਤੁਰੰਤ ਸਪਸ਼ਟ ਨਹੀਂ ਹੋਇਆ ਸੀ ਕਿ ਕੀ ਬੰਦੂਕਧਾਰੀ ਭੀੜ ਵਿੱਚ ਕਿਸੇ ਨੂੰ ਗੋਲੀ ਮਾਰ ਰਿਹਾ ਸੀ,



ਪਰ ਚਰਚ ਦੀ ਫੇਸ-ਬੁੱਕ ਪੋਸਟ ਅਨੁਸਾਰ ਉਹ ਹਵਾ ਵਿੱਚ ਗੋਲੀਬਾਰੀ ਕਰਦਾ ਹੋਇਆ ਦਿਖਾਈ ਦਿੱਤਾ ਸੀ।ਹਮਲਾਵਰ ਵੱਲੋਂ ਚਲਾਈ ਗੋਲੀ ਦੌਰਾਨ ਇਸ ਸਮਾਰੋਹ ਵਿੱਚ ਸ਼ਾਮਲ ਲੋਕਾਂ ਦੀ ਭੀੜ ਨੂੰ ਐਮ-ਸਟਰਡਮ ਐਵੀਨਿਊ ਦੇ ਫੁੱਟਪਾਥ ਤੇ ਭੱਜਦਿਆਂ ਹੋਇਆ ਵੇਖਿਆ ਗਿਆ। ਇਸ ਘਟਨਾ ਦੇ ਸੰਬੰਧ ਵਿੱਚ ਪੁਲਿਸ ਕਮਿਸ਼ਨਰ ਡਰਮੋਟ ਐਫ ਸ਼ੀਆ ਦੇ ਬਿਆਨ ਅਨੁਸਾਰ ਹਮਲਾਵਰ ਵੱਲੋਂ ਸੰਗਮਰਮਰ ਦੇ ਥੰਮ ਦੇ ਪਿਛਲੇ ਪਾਸੇ ਤੋਂ ਫਾਇਰਿੰਗ ਕੀਤੀ ਗਈ ਅਤੇ ਨੇੜੇ ਕੰਮ ਕਰ ਰਹੇ ਤਿੰਨ ਅਧਿਕਾਰੀਆਂ ਵੱਲੋਂ ਜਵਾਬੀ ਕਾਰਵਾਈ ਕਰਕੇ ਉਸਨੂੰ ਮੌਤ ਦੇ ਘਾਟ ਉਤਾਰਿਆ ਗਿਆ।

ਕਮਿਸ਼ਨਰ ਨੇਦੱਸਿਆ ਕਿ ਪੁਲਿਸ ਨੇ ਘਟਨਾ ਵਾਲੀ ਥਾਂ ਤੋਂ ਦੋ ਆਟੋਮੈਟਿਕ ਹਥਿਆਰਾਂ ਦੇ ਨਾਲ ਇੱਕ ਬੈਗ ਵਿੱਚ ਗੈਸੋਲੀਨ, ਤਾਰ, ਰੱਸੀ, ਮਲਟੀਪਲ ਚਾਕੂ, ਟੇਪ ਅਤੇ ਇੱਕ ਬਾਈਬਲ ਬਰਾਮਦ ਕੀਤੀ ਹੈ।ਇਸ ਹਮਲੇ ਦੇ ਮਾਮਲੇ ਵਿੱਚ ਹਮਲਾਵਰ ਦਾ ਮਨੋਰਥ ਵੀ ਸ਼ਪੱਸ਼ਟ ਨਹੀਂ ਹੋਇਆ ਹੈ।

# ਵਾਤਾਵਰਨ ਮੇਲੇ ਦੇ ਦੂਸਰੇ ਦਿਨ ਫਰੂਟ ਟ੍ਰੀ ਪਲਾਂਨਟੇਸ਼ਨ ਮੁਕਾਬਲੇ ਕਰਵਾਏ

**ਫਗਵਾੜਾ (ਬੀ.ਕੇ ਰੱਤੂ)–** ਫਗਵਾੜਾ ਇਨਵਾਇਰਮੈਂਟ ਐਸੋਸੀਏਸ਼ਨ ਵਲੋਂ ਸਮਾਜਿਕ ਸੰਸਥਾਵਾਂ ਅਤੇ ਸਕੂਲਾਂ ਦੇ ਸਹਿਯੋਗ ਨਾਲ ਲਗਾਏ ਗਏ 35ਵੇਂ ਵਾਤਾਵਰਨ ਮੇਲੇ ਦੇ ਦੂਸਰੇ ਦਿਨ ਲਾਇੰਨਜ਼ ਕਲੱਬ ਫਗਵਾੜਾ ਡਾਇਮੰਡ ਵਲੋਂ ਸਕੂਲKਕਾਲਜ ਦੇ ਬੱਚਿਆਂ ਦਾ ਫਰੂਟ ਟਰੀ ਪਲਾਂਟਟੇਸ਼ਨ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ 80 ਤੋਂ ਵੱਧ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਵਿੱਚ ਏ-ਕੇਟੈਗਰੀ ਵਿੱਚ 1 ਤੋਂ 5ਵੀਂ ਕਲਾਸ ਦੇ ਬੱਚਿਆਂ ਨੇ ਹਿੱਸਾ ਲਿਆ ਜਿਸ ਵਿੱਚ ਦਿਕਸ਼ਤ, ਆਰੀਆ ਮਾਡਲ ਸਕੂਲ ਪਹਿਲੇ ਸਥਾਨ ਤੇ ਤੇਜਲ ਗੁਪਤਾ ਕੈਂਬਰਜ ਇੰਟਰਨੈਂਸ਼ਨਲ ਸਕੂਲ ਦੂਸਰੇ ਸਥਾਨ ਤੇ ਨੈਤਿਕ ਕੁਮਾਰ ਬੀ.ਸੀ.ਐਸ.ਇੰਟਰਨੈਸ਼ਨਲ ਸਕੂਲ ਤੀਸਰੇ ਸਥਾਨ ਤੇ ਰਹੇ। ਕੈਟੇਗਰੀ ਬੀ 'ਚ 6 ਤੋਂ 10ਵੀਂ ਜਮਾਤ



ਦੇ ਵਿਦਿਆਰਥੀਆਂ ਵਿੱਚ ਜਾਰਨਾ ਕਮਲਾ ਨਹਿਰੂ ਸਕੂਲ ਪਹਿਲੇ ਅਤੇ ਪ੍ਰੀਤ ਨਾਇਨ ਗੁਲਾਟੀ ਕੈਂਬਰਜ ਇੰਟਰਨੈਂਸ਼ਨਲ ਸਕੂਲ, ਭੂਮਿਕਾ ਆਰੀਆ ਮਾਡਲ ਸਕੂਲ ਦੂਸਰੇ ਸਥਾਨ ਤੇ ਰਹੇ। ਤੀਸਰੇ ਸਥਾਨ ਤੇ ਨਵਜੋਤ ਕੌਰ ਮਾਂ ਅੰਬੇ ਸਕੂਲ, ਅਸ਼ਵੀਨ ਕੌਰ ਸੰਤੂਰ ਇਨ-ਟਰਨੈਸ਼ਨਲ ਸਕੂਲ ਤੇ ਰਹੇ। ਕੈਟੇਗਰੀ ਸੀ ਵਿੱਚ ਪਲਕ ਆਰੀਆ ਮਾਡਲ ਸਕੂਲ ਨੇ ਪਹਿਲੇ ਸਥਾਨ ਹਾਸਲ ਕੀਤਾ। ਸਾਰੇ ਜੇਤੂਆਂ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਮੁੱਖ ਮਹਿਮਾਨ ਨਵਦੀਪ ਸਿੰਘ ਤਹਿਸਲੀਦਾਰ, ਫਗਵਾੜਾ ਨੇ ਪ੍ਰਦਾਨ ਕੀਤੇ। ਇਸ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ। ਇਹ ਸਾਰੇ ਇਨਾਮ ਲਾਇੰਨਜ਼ ਕਲੱਬ ਫਗਵਾੜਾ ਡਾਇਮੰਡ ਵਲੋਂ ਪ੍ਰਧਾਨ ਗੁਰਪ੍ਰੀਤ ਸਿੰਘ ਸੈਣੀ ਅਤੇ ਕਮਲ ਪਾਹਵਾ ਦੀ ਅਗਵਾਈ ਹੇਠ ਪ੍ਰਦਾਨ ਕੀਤੇ ਗਏ। ਇਸ ਮੁਕਾਬਲੇ ਦੀ ਜੱਜਮੈਂਟ ਮੋਹਨ ਲਾਲ ਹਰੀ ਰਾਮ ਨਰਸਰੀ ਫਗਵਾੜਾ ਅਤੇ ਲਾਇੰਨ ਕਲੱਬ ਡਾਇਮੰਡ ਦੇ ਸਮੂਹ ਮੈਂਬਰਾਂ ਵਲੋਂ ਕੀਤੀ ਗਈ। ਮੇਲੇ ਦੇ ਪ੍ਰਬੰਧਕ ਮਲਕੀਅਤ ਸਿੰਘ ਰਘਬੋਤਰਾ ਨੇ ਲਾਇੰਨਜ਼ ਕਲੱਬ ਡਾਇਮੰਡ ਦੇ ਮੈਂਬਰ ਅਤੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਗੌਰਬ ਸ਼ਰਮਾ, ਅਭਿਸ਼ੇਕ ਬਹਿਰਾ ਪੀਆਰਓ., ਡਾ: ਹਰੀਸ਼ ਕੁਮਾਰ ਖ਼ਜ਼ਾਨਚੀ, ਮੁਕੇਸ਼, ਇੰਦਰਜੀਤ ਸਿੰਘ ਸਪਰਾ, ਅਮਰਜੀਤ ਸਿੰਘ, ਰਜਿੰਦਰ ਕੁਮਾਰ, ਕੁਲਦੀਪ ਕੁਮਾਰ, ਡਾ: ਅਮਰਜੀਤ ਚੌਸਰ, ਰੂਪ ਲਾਲ, ਗੁਲਾਬ ਸਿੰਘ, ਰਵਿੰਦਰ ਚੋਟ, ਜਸਪ੍ਰੀਤ ਸਿੰਘ ਜੱਸੀ ਤੋਂ ਇਲਾਵਾਂ ਸਕੂਲਾਂ ਦੇ ਬੱਚੇ, ਉਹਨਾ ਦੇ ਮਾਤਾ-ਪਿਤਾ ਅਤੇ ਲਾਇੰਨਜ਼ ਕਲੱਬ ਦੇ ਮੈਂਬਰ ਹਾਜ਼ਰ ਹੋਏ।

# ਕਿਸਾਨ- ਅੰਦੋਲਨ ਦੇ ਹੱਕ ਵਿਚ ਮੁਹਾਲੀ ਸ਼ਹਿਰ ਦੇ ਫੇਸ- 1 ਵਿਚ ਕੈਂਡਲ ਮਾਰਚ





**ਚੰਡੀਗੜ, (ਪ੍ਰੀਤਮ ਲੁਧਿਆਣਵੀ)–** ਕਿਸਾਨ- ਅੰਦੋਲਨ ਦੇ ਹੱਕ ਵਿਚ ਨਾ-ਸਿਰਫ ਪੰਜਾਬ ਜਾਂ ਭਾਰਤ ਭਰ ਦੇ ਪਿੰਡਾਂ ਅਤੇ ਸ਼ਹਿਰਾਂ ਦੀਆਂ ਵੱਖ-ਵੱਖ ਸਮਾਜਿਕ ਜਥੇਬੰਦੀਆਂ ਵੱਲੋਂ ਹੀ ਰੋਸ ਮੁਜ਼ਾਹਰੇ ਕੀਤੇ ਜਾ ਰਹੇ ਹਨ, ਬਲਕਿ ਵਿਦੇਸ਼ ਵਿਚ ਵਸਦੇ ਖਾਸ ਕਰਕੇ ਪੰਜਾਬੀਆਂ ਵੱਲੋਂ ਵੀ ਇਸ ਲਹਿਰ ਵਿਚ ਡੱਟਕੇ ਹਿੱਸਾ ਪਾਇਆ ਜਾ ਰਿਹਾ ਹੈ। ਇਸੇ ਹੀ ਲੜੀ ਵਿਚ ਮੁਹਾਲੀ ਸ਼ਹਿਰ ਦੇ ਫੇਸ- 1 ਵਿਚ ਫਰੈਂਡਜ ਕਲੱਬ ਦੇ ਬੈਨਰ ਹੇਠ ਪ੍ਰਧਾਨ ਹਰਪ੍ਰੀਤ ਸਿੰਘ ਡਿਪਟੀ ਦੇ ਨਾਲ-ਨਾਲ ਨੀਲਮ ਰਾਣੀ, ਦੀਪਕ ਕੁਮਾਰ, ਡਿੰਪਲ ਸ਼ਰਮਾ, ਵੀਸ਼ੂ ਮੁਲਤਾਨੀ, ਸਿਮਰਨਜੀਤ ਸਿੰਘ, ਪੰਕਜ ਸ਼ਰਮਾ, ਮਮਤਾ ਰਾਣੀ, ਲਵਲੀ, ਪੂਜਾ, ਸ਼ੁਕਲਾ, ਜਸਪ੍ਰੀਤ, ਮੋਹਿਤ, ਸੁਰਜੀਤ ਕੌਰ, ਗੁਰਪ੍ਰੀਤ ਸਿੰਘ, ਪਰਵਿੰਦਰ, ਸੰਯੋਗਤਾ ਕੁਮਾਰੀ, ਰਵਿੰਦਰ ਸਿੰਘ, ਕਮਲ ਸ਼ਰਮਾ, ਰਾਜੇਸ਼ ਭੱਲਾ ਆਦਿ ਤੋਂ ਇਲਾਵਾ ਬੈਨਰ ਅਤੇ ਕਿਸਾਨੀ-ਝੰਡੇ ਬਣਾਉਣ ਵਾਲੇ ਮੁਹੱਲੇ ਦੇ ਬੱਚੇ ਵੀ ਹੁੰਮ-ਹੁੰਮਾਕੇ ਹਾਜ਼ਰ ਹੋਏ। ਜਿਨਾਂ ਵਿਚ ਮੋਕਸ਼, ਗੁਰਕੀਰਤ ਸਿੰਘ, ਅਬਦਲ ਆਹਦ, ਸੁਖਮਨ ਸਿੰਘ, ਦੀਪਕ, ਭਵਨਦੀਪ, ਲਕਸ਼ੇ, ਪ੍ਰਤੀਭਾ, ਪਰੀ, ਵਿਨੀਤ ਕੌਰ, ਖੁਸ਼ਬੂ, ਬ੍ਰਹਮਸਿਮਰ ਮੈਵਿਸ਼ ਅਤੇ ਸਨਮ ਗੈਵਿਨ ਆਦਿ ਵਿਸ਼ੇਸ਼ ਜ਼ਿਕਰ ਯੋਗ ਨਾਂ ਹਨ।

ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਫਰੈਂਡਜ ਕਲੱਬ ਦੇ ਪ੍ਰਧਾਨ ਹਰਪ੍ਰੀਤ ਸਿੰਘ ਡਿਪਟੀ ਨੇ ਦੱਸਿਆ ਕਿ ਛੋਟੇ-ਛੋਟੇ ਬੱਚੇ ਦੋ ਦਿਨਾਂ ਤੋਂ ਪੋਸਟਰ ਬਣਾਉਣ ਦੇ ਕਾਰਜ ਵਿਚ ਬੜੇ ਜੋਸ਼-ਖਰੋਸ਼ ਨਾਲ ਲੱਗੇ ਹੋਏ ਸਨ। ਕੱਢੀ ਗਈ ਵਿਸ਼ਾਲ ਰੈਲੀ ਦੌਰਾਨ ਕਿਸਾਨ ਦੇ ਹੱਕਾਂ ਦੀ ਮੰਗ ਕਰਦੇ ਤਰਾਂ- ਤਰਾਂ ਦੇ ਨਾਹਰੇ ਵੀ ਲਗਾਏ ਗਏ। ਆਮ ਜਨਤਾ ਵੱਲੋਂ ਕੱਢੇ ਗਏ ਇਸ ਕੈਂਡਲ ਮਾਰਚ ਵਿਚ ਮੁਹੱਲੇ ਦੇ ਬਜੁਰਗਾਂ ਨੇ ਵੀ ਖੁੱਲਕੇ ਸਾਥ ਦਿੱਤਾ।




# ਸਰਮਾਏਦਾਰੀ ਵਿਕਾਸ ਮਾਡਲ ਤਕਰੀਬਨ ਸਾਰੀ ਦੁਨੀਆ ਵਿੱਚ ਹੀ ਫੇਲ੍ਹ ਹੋ ਚੁੱਕਾ ਹੈ- ਡਾ: ਸਵਰਾਜ ਸਿੰਘ

**ਫਗਵਾੜਾ (ਬੀ.ਕੇ.ਰੱਤੂ)–** ਸਰਮਾਏਦਾਰੀ ਵਿਕਾਸ ਮਾਡਲ ਤਕਰੀਬਨ ਸਾਰੀ ਦੁਨੀਆ ਵਿੱਚ ਹੀ ਫੇਲ੍ਹ ਹੋ ਚੁੱਕਾ ਹੈ ਅਤੇ ਆਪਣਾ ਸਮਾਂ ਵਿਹਾ ਚੁੱਕਾ ਹੈ। ਇਸ ਲਈ ਹੁਣ ਨਵੇਂ ਵਿਕਾਸ ਮਾਡਲ ਦੀ ਲੋੜ ਹੈ। ਸਰਮਾਏਦਾਰੀ ਮਾਡਲ ਨੇ ਕੁਦਰਤ ਨਾਲ ਟਕਰਾਅ ਪੈਦਾ ਕੀਤਾ ਹੈ ਭਾਵੇਂ ਪਦਾਰਥਕ ਤੌਰ 'ਤੇ ਤਰੱਕੀ ਹੋਈ ਹੋਵੇ ਪਰ ਇਹ ਕੁਦਰਤ ਵਿਰੋਧੀ ਅਤ ਲੋਕ ਵਿਰੋਧੀ ਸੀ। ਇਸ ਨਾਲ ਮਨੁੱਖ ਕੁਦਰਤ ਨਾਲੋਂ ਵੀ ਟੁੱਟਿਆ ਹੈ ਅਤੇ ਆਪਣੇ-ਆਪ ਨਾਲੋਂ ਵੀ ਟੁੱਟ ਗਿਆ ਹੈ ਕਿਉਂਕਿ ਇਸ ਮਾਡਲ ਦਾ ਅਧਾਰ ਸਿਰਫ਼ ਆਰਥਕ ਸੀ ਤੇ ਇਸ ਦਾ ਸਿਖ਼ਰ ਗਲੋਬਲਾਈਜ਼ੇਸ਼ਨ ਹੈ। ਇਹ ਵਿਚਾਰ ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ ਵਲੋਂ ਗੁਰਮੀਤ ਸਿੰਘ ਪਲਾਹੀ ਦੀ ਪ੍ਰਧਾਨਗੀ ਹੇਠ'ਬਦਲਵੇਂ ਵਿਕਾਸ ਮਾਡਲ ' ਵਿਸ਼ੇ ਉਤੇ ਕਰਵਾਏ ਗਏ 23ਵੇਂ ਹਫ਼ਤਾਵਾਰੀ ਵੈਬੀਨਾਰ ਸਮੇਂ ਪ੍ਰਸਿੱਧ ਵਿਚਾਰਵਾਨ ਡਾ: ਸਵਰਾਜ ਸਿੰਘ ਨੇ ਪ੍ਰਗਟ ਕੀਤੇ। ਉਹਨਾ ਕਿਹਾ ਕਿ ਜਿਥੇ ਕੁਦਰਤ ਆਪਣੇ ਨਿਯਮਾਂ ਤੇ ਚਲਦੀ ਹੈ ਉਥੇ ਸਰਮਾਏਦਾਰੀ ਮਾਡਲ ਇਸਨੂੰ ਤੋੜਦਾ ਹੈ ਅਤੇ ਇਹ ਮਨੁੱਖ ਦੁਆਰਾ ਪੈਦਾ ਕੀਤੇ ਨਿਯਮਾਂ ਤੇ ਚਲਣ ਦੀ ਕੋਸ਼ਿਸ਼ ਹੈ। ਇਸੇ ਕਾਰਨ ਇਸ ਮਾਡਲ ਦਾ ਪ੍ਰਭਾਵ 'ਹਰੇ ਇਨਕਲਾਬ' ਨਾਲ ਸ਼ੁਰੂ ਹੋਇਆ। ਇਸ ਨੇ ਪੰਜਾਬ ਦੇ ਰਵਾਇਤੀ ਮਾਡਲ ਜਿਹੜਾ ਹਜ਼ਾਰਾਂ ਸਾਲਾਂ ਤੋਂ ਚਲਿਆ ਆ ਰਿਹਾ ਸੀ ਨੂੰ ਤੋੜ ਕੇ ਇਸ ਦੇ ਆਰਥਕ, ਬੌਧਿਕ ਅਤੇ ਸਮਾਜਿਕ ਮਾਡਲ ਤੇ ਕਬਜ਼ਾ ਕਰ ਲਿਆ ਜਿਸ ਦੇ ਨਤੀਜੇ ਅਸੀਂ ਅੱਜ ਭੁਗਤ ਰਹੇ ਹਾਂ। ਇਸਨੇ ਸਿਹਤ, ਰੁਜ਼ਗਾਰ ਅਤੇ ਖੇਤੀ ਮਾਡਲ ਤੇ ਬੁਰੇ ਪ੍ਰਭਾਵ ਪਾਏ। ਇਸ ਨੇ ਪੰਜਾਬ ਦੇ ਸਮਾਜਿਕ ਢਾਂਚੇ ਨੂੰ ਵੀ ਆਪਣੇ ਅਨੁਸਾਰ ਢਾਲਿਆ, ਜੁਆਨੀ ਕਿਰਤ ਨਾਲੋਂ ਟੁੱਟ ਕੇ ਪ੍ਰਵਾਸ ਵੱਲ ਹੋ ਤੁਰੀ, ਜਿਸ ਕਾਰਨ ਇਥੋਂ ਬੌਧਿਕ ਪ੍ਰਵਾਸ ਵੀ ਹੋਇਆ। ਹੁਣ ਦਾ ਕਿਰਸਾਨੀ ਸੰਕਟ ਵੀ ਇਸੇ ਦਾ ਨਤੀਜਾ ਹੈ। ਕੇਂਦਰ ਅਜੇ ਵੀ ਗਲੋਬਲਾਈਜ਼ੇਸ਼ਨ ਨੂੰ ਸੂਬਿਆਂ ਉਤੇ ਥੋਪ ਰਿਹਾ ਹੈ। ਇਹ ਵਰਤਾਰਾ ਪੰਜਾਬ ਦੀ ਰੂਹ ਦੇ ਵਿਰੋਧ ਵਿੱਚ ਖੜਾ ਹੈ। ਪੰਜਾਬ ਦਾ ਪਹਿਲਾ ਖੇਤੀ ਮਾਡਲ ਕੁਦਰਤ ਦੇ ਨਿਯਮਾਂ ਦੇ ਬਹੁਤ ਨੇੜੇ ਸੀ ਜਦੋਂ ਕਿ ਹਰੇ ਇਨਕਲਾਬ ਨੇ ਇਥੋਂ ਦਾ ਕੁਦਰਤੀ ਰੋਟੇਸ਼ਨ ਦਾ ਵਰਤਾਰਾ ਖ਼ਤਮ ਕਰ ਦਿੱਤਾ ਹੈ। ਸਾਨੂੰ ਮੁੜਕੇ ਆਪਣੇ ਕੁਦਰਤੀ ਖੇਤੀ ਮਾਡਲ ਵੱਲ ਮੁੜਨਾ ਪਵੇਗਾ। ਅਸੀਂ ਆਪਣੇ ਪੁਰਖ਼ਿਆਂ ਦੇ ਪੰਜ ਹਜ਼ਾਰ ਸਾਲ ਦੇ ਤਜ਼ਰਬੇ ਨੂੰ ਛੱਡ ਕੇ ਅਮਰੀਕੀ ਮਾਡਲ ਅਪਨਾ ਕੇ



ਵੈਬੀਨਾਰ 'ਚ ਸ਼ਾਮਲ ਡਾ: ਸਵਰਾਜ ਸਿੰਘ, ਡਾ: ਸ਼ਿਆਮ ਸੁੰਦਰ ਦੀਪਤੀ, ਪ੍ਰੋ: ਰਣਜੀਤ ਧੀਰ, ਮਲਵਿੰਦਰ ਸਿੰਘ ਮਾਲੀ, ਡਾ: ਹਰਜਿੰਦਰ ਵਾਲੀਆ, ਸੁਰਿੰਦਰ ਮਚਾਕੀ, ਡਾ: ਆਸਾ ਸਿੰਘ ਘੁੰਮਣ, ਪ੍ਰੋ: ਜਸਵੰਤ ਸਿੰਘ ਗੰਡਮ, ਗੁਰਮੀਤ ਸਿੰਘ ਪਲਾਹੀ, ਕੇਹਰ ਸ਼ਰੀਫ ਜਰਮਨੀ, ਰਵਿੰਦਰ ਚੋਟ, ਰਵਿੰਦਰ ਸਹਿਰਾਅ ।

ਆਪਣੀ ਭਾਈਚਾਰਕ ਸਾਂਝ ਵੀ ਖ਼ਤਮ ਕਰ ਲਈ ਹੈ। ਉਹਨਾ ਇਸ ਗੱਲ ਤੇ ਜ਼ੋਰ ਦਿੱਤਾ ਕਿ ਕਿਸਾਨ ਥੋੜ੍ਹੀ ਜ਼ਮੀਨ ਵਿੱਚ ਵੀ ਗੁਜ਼ਾਰਾ ਕਰ ਸਕਦਾ ਹੈ ਪਰ ਭਾਈਚਾਰਕ ਸਾਂਝ ਦਾ ਮਾਡਲ ਅਪਣਾਉਣਾ ਪਵੇਗਾ। ਜੇਕਰ ਛੋਟੇ-ਛੋਟੇ ਖੇਤਾਂ ਨੂੰ ਇਕੱਠਾ ਕਰਕੇ ਸਾਂਝੀ ਖੇਤੀ ਵੱਲ ਧਿਆਨ ਦਿੱਤਾ ਜਾਵੇ ਤਾਂ ਲਾਗਤ ਘੱਟ ਜਾਵੇਗੀ ਤੇ ਲੋਕਾਂ ਲਈ ਲਾਭ ਵਧ ਜਾਵੇਗਾ। ਮਾਡਲ ਨੂੰ ਬਦਲਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਇਸ ਵੈਬੀਨਾਰ ਦੀ ਕਾਰਵਾਈ ਰਿਲੀਜ਼ ਕਰਦਿਆਂ ਮੰਚ ਮੀਡੀਆ ਕੋਆਰਡੀਨੇਟਰ ਪਰਵਿੰਦਰਜੀਤ ਸਿੰਘ ਨੇ ਦੱਸਿਆ ਕਿ ਇਸੇ ਵਿਚਾਰ-ਚਰਚਾ ਨੂੰ ਅੱਗੋਂ ਵੱਖੋ-ਵੱਖਰੇ ਵਿਦਵਾਨਾਂ ਨੇ ਤੋਰਿਆ। ਡਾ: ਹਰਜਿੰਦਰ ਵਾਲੀਆ ਅਤੇ ਡਾ: ਮਲਵਿੰਦਰ ਸਿੰਘ ਮਾਲੀ ਨੇ ਕਿਹਾ ਕਿ ਅਸੀਂ ਹਰੀ ਕ੍ਰਾਂਤੀ ਦੇ ਨਤੀਜੇ ਭੁਗਤ ਰਹੇ ਹਾਂ।

ਬਰੇਨ ਡਰੇਨ ਅਤੇ ਮਨੀ ਡਰੇਨ ਦੋਵੇਂ ਹੋ ਰਹੇ ਹਨ। ਨਵੇਂ ਵਿਕਾਸ ਮਾਡਲ ਲਈ ਬਾਬੇ ਨਾਨਕ ਦੇ ਫਲਸਫੇ-ਕਿਰਤ ਕਰਨੀ, ਵੰਡ ਕੇ ਛੱਕਣਾ ਨੂੰ ਧਿਆਨ ਵਿੱਚ ਰੱਖਕੇ ਕੰਮ ਕਰਨਾ ਚਾਹੀਦਾ ਹੈ। ਇਸ ਲਈ ਗੂੜ੍ਹੇ ਚਿੰਤਨ ਦੀ ਲੋੜ ਹੈ। ਇਸੇ ਤਰ੍ਹਾਂ ਪ੍ਰੋ: ਰਣਜੀਤ ਸਿੰਘ ਧੀਰ ਅਤੇ ਡਾ: ਸਿਆਮ ਸੁੰਦਰ ਦੀਪਤੀ ਹੋਰਾਂ ਨੇ ਵਿਚਾਰ ਪ੍ਰਗਟ ਕੀਤਾ ਕਿ ਆਰਥਕ ਮੁੱਦਿਆਂ ਤੇ ਲੋਕ-ਪੱਖੀ ਮਾਡਲ ਅਪਣਾਇਆ ਜਾਵੇ ਅਤੇ ਸਿਹਤ ਸਿੱਖਿਆ ਵੀ ਇਸ 'ਚ ਸ਼ਾਮਲ ਹੋਣ।

ਇਹ ਮਾਡਲ ਹਰ ਸੂਬੇ ਦੀਆਂ ਹਾਲਤਾਂ ਨੂੰ ਵੇਖਦੇ ਹੋਏ ਵੱਖੋ-ਵੱਖਰਾ ਹੋ ਸਕਦਾ ਹੈ। ਲੋਕਾਂ ਨੂੰ ਆਰਥਿਕ ਮੁੱਦੇ ਤੇ ਇਕੱਠਾ ਕਰਨਾ ਔਖਾ ਹੈ ਅਤੇ ਧਾਰਮਿਕ ਮੁੱਦੇ ਇਕੱਠਾ ਕਰਨਾ ਬਹੁਤ ਸੌਖਾ ਹੈ। ਇਹ ਪਹਿਲੀ ਵਾਰੀ ਹੋਇਆ ਹੈ ਕਿਸਾਨੀ ਸੰਕਟ ਦੇ ਖਿਲਾਫ਼ ਸਾਰੇ ਵਰਗ ਆਰਥਿਕ ਮੁੱਦੇ ਤੇ ਇਕੱਠੇ ਹੋਏ ਹਨ। ਪ੍ਰੋ: ਜਸਵੰਤ ਸਿੰਘ ਗੰਡਮ ਨੇ ਕਿਹਾ ਕਿ ਪੰਜਾਬ ਨੇ ਬਹੁਤ ਸਮੇਂ ਬਾਅਦ ਜੀਉਂਦੇ ਹੋਣ ਦਾ ਸਬੂਤ ਦਿੱਤਾ ਹੈ। ਮੋਦੀ ਸਰਕਾਰ ਲੋਕਤੰਤਰ ਦੇ ਪ੍ਰੀਵਾਰ ਨੂੰ ਢਾਅ ਲਾ ਰਹੀ ਹੈ। ਇਸ ਨਾਲ ਸਾਡੀ ਭਾਈਚਾਰਕ ਸਾਂਝ ਮੁੜ ਸੁਰਜੀਤ ਹੋਈ ਹੈ। ਜਰਮਨ ਤੋਂ ਕੇਹਰ ਸ਼ਰੀਫ਼ ਅਤੇ ਇੰਗਲੈਂਡ ਤੋਂ ਰਵਿੰਦਰ ਸਹਿਰਾਅ ਨੇ ਦੱਸਿਆ ਕਿ ਜਦੋਂ ਫੈਡਰਲ ਢਾਂਚੇ ਤੇ ਸੱਟ ਵੱਜਦੀ ਹੈ ਤਾਂ ਲੋਕਾਂ ਦੀ ਹੋਂਦ ਲਈ ਲਹਿਰਾਂ ਉੱਠਦੀਆਂ ਹਨ ਅਤੇ ਭਾਈਚਾਰਕ ਸਾਂਝ ਪੈਦਾ ਹੁੰਦੀ ਹੈ। ਉਹਨਾ ਪੰਜਾਬ ਲਈ ਸਾਂਝੀ ਖੇਤੀ ਮਾਡਲ ਤੇ ਜ਼ੋਰ ਦਿੱਤਾ। ਸ਼ਿਵਦੀਪ ਕੌਰ ਢੇਸੀ, ਆਸਾ ਸਿੰਘ ਘੁੰਮਣ ਅਤੇ ਸੁਰਿੰਦਰ ਮਚਾਕੀ ਨੇ ਕਿਹਾ ਕਿ ਕਿਸਾਨੀ ਅੰਦੋਲਨ ਨੇ ਪੰਜਾਬ ਨੂੰ ਨੀਂਦ ਵਿੱਚੋਂ ਜਗਾ ਦਿੱਤਾ ਹੈ।

ਉਹਨਾ ਮੀਡੀਆ ਦੇ ਰੋਲ ਤੇ ਵੀ ਉਂਗਲ ਉਠਾਈ ਕਿ ਕਈ ਵਾਰੀ ਉਹ ਭੜਕਾਊ ਖ਼ਬਰਾਂ ਨਸ਼ਰ ਕਰਦੇ ਹਨ। ਡਾ: ਚਰਨਜੀਤ ਸਿੰਘ ਗੁੰਮਟਾਲਾ ਅਤੇ ਡਾ: ਕੋਮਲ ਸਿੰਘ ਨੇ ਕਿਹਾ ਕਿ ਸੂਬਾਈ ਮੁਖਤਿਆਰੀ ਕਾਇਮ ਰਖਣੀ ਚਾਹੀਦੀ ਹੈ। ਕੇਂਦਰ ਸਰਕਾਰ ਇਸਨੂੰ ਢਾਅ ਲਾ ਰਹੀ ਹੈ।

ਅੰਤ ਵਿੱਚ ਡਾ: ਸਵਰਾਜ ਸਿੰਘ ਨੇ ਉਠੇ ਸਵਾਲਾਂ ਦੇ ਵਿਸਥਾਰਪੂਰਵਕ ਜੁਆਬ ਦਿੱਤੇ ਅਤੇ ਰਵਿੰਦਰ ਚੋਟ ਨੇ ਸਾਰੇ ਹਾਜ਼ਰ ਵਕਤਿਆਂ ਦਾ ਧੰਨਵਾਦ ਕੀਤਾ। ਹੋਰਨਾਂ ਤੋਂ ਇਲਾਵਾ ਇਸ ਵੈਬੀਨਾਰ ਵਿੱਚ ਡਾ: ਸਵਰਾਜ ਸਿੰਘ, ਡਾ: ਐਸ.ਪੀ. ਸਿੰਘ, ਡਾ: ਗਿਆਨ ਸਿੰਘ, ਡਾ: ਸ਼ਿਆਮ ਸੁੰਦਰ ਦੀਪਤੀ, ਡਾ: ਨਰਿੰਦਰਜੀਤ ਸਿੰਘ ਸੋਢੀ, ਡਾ: ਕੋਮਲ ਸਿੰਘ, ਡਾ: ਆਸਾ ਸਿੰਘ ਘੁੰਮਣ, ਡਾ: ਹਰਜਿੰਦਰ ਵਾਲੀਆ, ਡਾ: ਚਰਨਜੀਤ ਸਿੰਘ ਗੁੰਮਟਾਲਾ, ਮਲਵਿੰਦਰ ਸਿੰਘ ਮਾਲੀ, ਪ੍ਰੋ: ਰਣਜੀਤ ਧੀਰ, ਪ੍ਰੋ: ਜਸਵੰਤ ਸਿੰਘ ਗੰਡਮ, ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ, ਸੁਰਿੰਦਰ ਮਚਾਕੀ, ਐਡਵੋਕੇਟ ਦਰਸ਼ਨ ਸਿੰਘ ਰਿਆੜ, ਐਡਵੋਕੇਟ ਸੰਤੋਖ ਲਾਲ ਵਿਰਦੀ, ਕੇਹਰ ਸ਼ਰੀਫ਼ ਜਰਮਨੀ, ਰਵਿੰਦਰ ਸਹਿਰਾਅ ਯੂ.ਐਸ.ਏ., ਕਮਲਜੀਤ ਸਿੰਘ, ਮਨਦੀਪ ਸਿੰਘ, ਜਨਕ ਪਲਾਹੀ, ਬੰਸੋ ਦੇਵੀ, ਗੁਰਦੀਪ ਬੰਗੜ, ਕੁਲਦੀਪ ਚੰਦ, ਰਵਿੰਦਰ ਚੋਟ ਆਦਿ ਸਾਮਲ ਸਨ। ਇਸ ਵੈਬੀਨਾਰ ਵਿੱਚ ਹੋਸਟ ਦੀ ਡਿਊਟੀ ਪਰਵਿੰਦਰਜੀਤ ਸਿੰਘ ਨੇ ਬਾਖ਼ੂਬੀ ਨਿਭਾਈ।

# ਫਰਿਜ਼ਨੋ ਕੌਂਸਲ ਇਕੱਠਾਂ ਸੰਬੰਧੀ ਨਿਯਮਾਂ ਨੂੰ ਸੋਧਣ ਲਈ ਕਰੇਗੀ ਵਿਚਾਰ : ਕੌਂਸਲ ਮੈਂਬਰ

**ਗੁਰਿੰਦਰਜੀਤ ਨੀਟਾ ਮਾਛੀਕੇ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਫਰਿਜ਼ਨੋ ਕਾਉਂਟੀ ਦੇ ਕੌਂਸਲ ਮੈਂਬਰ ਲੁਈਸ ਚਾਵੇਜ਼ ਦੇ ਅਨੁਸਾਰ, ਫਰਿਜ਼ਨੋ ਸਿਟੀ ਕੌਂਸਲ ਕੋਰੋਨਾਂ ਵਾਇਰਸ ਇਕੱਠਾਂ ਸੰਬੰਧੀ ਇੱਕ ਵੱਖਰੇ ਵਿਵਾਦਪੂਰਨ ਆਦੇਸ਼ ਨੂੰ ਵਿਚਾਰ ਵਟਾਂਦਰੇ ਲਈ ਪੇਸ਼ ਕੀਤੇ ਜਾਣ ਤੋਂ ਦੋ ਦਿਨਾਂ ਬਾਅਦ ਘਰੇਲੂ ਅਤੇ ਜਨਤਕ ਇਕੱਠਾਂ ਨਾਲ ਸਬੰਧਤ ਇੱਕ ਸੋਧੇ ਹੋਏ ਆਰਡੀਨੈਂਸ 'ਤੇ ਵੀ ਵਿਚਾਰ ਕਰੇਗੀ। ਇਸ ਮਤੇ ਅਨੁਸਾਰ, ਜੇ ਫਰਿਜ਼ਨੋ ਕਾਉਂਟੀ ਵਿੱਚ ਇੰਟੈਂਸਿਵ ਕੇਅਰ ਯੂਨਿਟ ਬੈੱਡਾਂ ਦੀ ਗਿਣਤੀ ਘਟਦੀ ਹੈ ਤਾਂ ਇਸ ਆਦੇਸ਼ ਦਾ ਨਵਾਂ ਸੰਸਕਰਣ ਸ਼ਹਿਰ ਦੇ ਵੱਡੇ ਇਕੱਠਾਂ ਜਾਂ ਸਮਾਰੋਹਾਂ ਲਈ ਕੋਰੋਨਾਂ ਵਾਇਰਸ ਸੁਰੱਖਿਆ ਆਦੇਸ਼ਾਂ ਨੂੰ ਲਾਗੂ ਕਰਨ ਲਈ ਛੋਟ ਦਿੰਦਾ ਹੈ।ਫਰਿਜ਼ਨੋ ਕਾਉਂਟੀ ਵਿੱਚ ਹਰ ਦਿਨ ਕੋਰੋਨਾ



ਵਾਇਰਸ ਦੇ ਕੇਸਾਂ ਵਿੱਚ ਵਾਧਾ ਹੋਣ ਕਾਰਨ ਲਈ ਕਾਉਂਟੀ ਦੇ ਹਸਪਤਾਲਾਂ ਵਿੱਚ ਇੰਟੈਂਸਿਵ ਕੇਅਰ ਬੈੱਡਾਂ ਦੀ ਗਿਣਤੀ ਘੱਟ ਹੋ ਰਹੀ ਹੈ।ਚਾਵੇਜ਼ ਦੇ ਅਨੁਸਾਰ, ਇੱਕ ਤੋਂ ਜ਼ਿਆਦਾ ਪੀੜ੍ਹੀਆਂ ਦੇ ਘਰਾਂ ਵਿੱਚ 15 ਜਾਂ ਵੱਧ ਲੋਕਾਂ ਦਾ ਇੱਕ ਘਰ ਵਿੱਚ ਰਹਿਣਾ ਅਸਧਾਰਨ ਨਹੀਂ ਹੈ, ਇਸ ਲਈ ਅਸਲੀ ਆਰਡੀਨੈਂਸ ਨੇ ਕਦੇ ਕੋਈ ਸਾਰਥਿਕਤਾ ਨਹੀਂ ਦਿਖਾਈ ਸੀ।ਜਦਕਿ ਫਰਿਜ਼ਨੋ ਦੁਆਰਾ ਪਾਸ ਕੀਤੇ ਗਏ ਸ਼ਹਿਰ ਦੇ ਬਹੁਤ ਸਾਰੇ ਕੋਵਿਡ -19 ਨਿਯਮਾਂ ਦਾ ਵਿਰੋਧ ਕਰਨ ਵਾਲੇ ਕੌਂਸਲ ਮੈਂਬਰ ਗੈਰੀ ਬ੍ਰੈਡਫੀਲਡ ਨੇ ਨਵੇਂ ਪ੍ਰਸਤਾਵਿਤ ਆਰਡੀਨੈਂਸ ਨੂੰ ਪੁਰਾਣੇ ਵਾਲੇ ਤੋਂ ਅਲੱਗ ਨਹੀਂ ਦੱਸਿਆ ਹੈ।ਇਸਦੇ ਨਾਲ ਹੀ ਬ੍ਰੈਡਫੀਲਡ ਅਨੁਸਾਰ ਉਹ ਮਹੀਨਿਆਂ ਤੋਂ ਲੋਕਾਂ ਨੂੰ ਵਿਸ਼ਾਣੂ ਬਾਰੇ ਜਾਗਰੂਕ ਕਰ ਰਿਹਾ ਹੈ ਅਤੇ ਲੋਕਾਂ ਨੂੰ ਆਪਣੇ ਫੈਸਲੇ ਲੈਣ ਦੀ ਆਗਿਆ ਵੀ ਦਿੰਦਾ ਹੈ। ਜਦਕਿ ਕਾਉਂਟੀ ਦੇ ਅਧਿਕਾਰੀਆਂ ਅਨੁਸਾਰ ਪਰਿਵਾਰਕ ਇਕੱਠ ਵਾਇਰਸ ਦੇ ਨਵੇਂ ਮਾਮਲਿਆਂ ਦਾ ਕਾਰਨ ਬਣਦੇ ਹਨ। ਇਹਨਾਂ ਨਵੇਂ ਸੋਧੇ ਹੋਏ ਆਦੇਸ਼ਾ ਵਿੱਚ ਗਵਰਨਰ ਗੈਵਿਨ ਨਿਊਸਮ ਨੂੰ ਹਸਪਤਾਲਾਂ ਦੇ ਬਿਸਤਰੇ, ਮੈਡੀਕਲ ਸਟਾਫ ਅਤੇ ਫਰਿਜ਼ਨੋ ਕਾਉਂਟੀ ਲਈ ਟੀਕਿਆਂ ਦੀ ਗਿਣਤੀ ਵਧਾਉਣ ਦੀ ਬੇਨਤੀ ਵੀ ਸ਼ਾਮਲ ਹੈ।

# ਫਰਿਜ਼ਨੋ ਸਿਟੀ ਕਾਲਜ ਦੀ ਇੰਸਟ੍ਰਕਟਰ ਨੂੰ ਵਿਦਿਆਰਥੀ ਨੇ ਬੰਦੂਕ ਦੀ ਨੋਕ 'ਤੇ ਬਣਾਇਆ ਬੰਧਕ

**ਗੁਰਿੰਦਰਜੀਤ ਨੀਟਾ ਮਾਛੀਕੇ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਕੈਲੀਫੋਰਨੀਆਂ ਦੀ ਫਰਿਜ਼ਨੋ ਕਾਉਂਟੀ ਵਿੱਚ ਇੱਕ ਕਾਲਜ ਦੀ ਇੰਸਟ੍ਰਕਟਰ ਨੂੰ ਉਸਦੇ ਹੀ ਸਾਬਕਾ ਵਿਦਿਆਰਥੀ ਦੁਆਰਾ ਬੰਧਕ ਬਨਾਉਣ ਦਾ ਮਾਮਲਾ ਸਾਹਮਣੇ ਆਇਆ ਹੈ।ਪੁਲਿਸ ਅਧਿਕਾਰੀਆਂ ਅਨੁਸਾਰ ਫਰਿਜ਼ਨੋ ਸਿਟੀ ਕਾਲਜ ਦੇ ਇੱਕ ਵਿਦਿਆਰਥੀ ਨੂੰ ਵੀਰਵਾਰ ਸਵੇਰੇ ਉਸ ਮੌਕੇ ਹਿਰਾਸਤ ਵਿੱਚ ਲਿਆ ਗਿਆ ਜਦੋਂ ਉਸਨੇ ਕੇਂਦਰੀ ਫਰਿਜ਼ਨੋ ਦੇ ਘਰ ਵਿੱਚ ਬੰਦੂਕ ਦੀ ਨੋਕ ਤੇ ਇੱਕ ਸਾਬਕਾ ਇੰਸਟ੍ਰਕਟਰ ਨੂੰ ਬੰਧਕ ਬਣਾ ਲਿਆ ਸੀ। ਇਸ ਦੌਰਾਨ ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਉਸ ਘਰ ਦੇ ਨੇੜੇ ਰਹਿੰਦੇ ਤੁਲਾਰੇ ਕਾਉਂਟੀ ਦੇ ਇੱਕ ਰਿਟਾਇਰਡ ਡਿਪਟੀ ਨੇ ਵੀ ਸਥਿਤੀ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ।ਅਧਿਕਾਰੀਆਂ ਅਨੁਸਾਰ ਡਕੋਟਾ ਐਵੀਨਿਊ ਦੇ ਦੱਖਣ ਅਤੇ ਮਿਲਬਰੂਕ ਐਵੀਨਿਊ ਦੇ ਪੂਰਬ ਵਿੱਚ ਸਥਿਤ ਇੱਕ ਘਰ 'ਚ ਇਸ ਮਹਿਲਾ ਨੂੰ ਬਚਾਉਣ ਦੀ ਕਾਰਵਾਈ ਲੱਗਭਗ ਸਵੇਰੇ 9 ਵਜੇ ਸ਼ੁਰੂ ਕੀਤੀ ਗਈ। ਇਸ ਮਾਮਲੇ ਦੀ ਜਾਣਕਾਰੀ ਦਿੰਦਿਆਂ ਫਰਿਜ਼ਨੋ ਪੁਲਿਸ ਦੇ ਕਪਤਾਨ ਟੌਮ ਰੋਵੇ ਨੇ ਕਿਹਾ ਕਿ 40 ਤੋਂ 50




ਸਾਲ ਦੇ ਵਿਚਕਾਰ ਦਾ ਦੋਸ਼ੀ ਵਿਅਕਤੀ ਇਸ ਮਹਿਲਾ ਇੰਸਟ੍ਰਕਟਰ ਦਾ ਇੱਕ ਸਾਬਕਾ ਵਿਦਿਆਰਥੀ ਸੀ, ਜਿਸਦੇ ਕਿਸੇ ਅਣਉਚਿਤ ਵਿਵਹਾਰ ਦੀ ਸ਼ਿਕਾਇਤ ਇਸ ਇੰਸਟ੍ਰਕਟਰ ਦੁਆਰਾ ਕਾਫੀ ਸਮਾਂ ਪਹਿਲਾਂ ਡੀਨ ਨੂੰ ਲਗਾਈ ਗਈ ਸੀ।ਵਾਰਦਾਤ ਵਾਲੇ ਦਿਨ ਇਸ ਵਿਅਕਤੀ ਨੇ ਇੱਕ ਹੈਂਡਗਨ ਨਾਲ, ਔਰਤ ਦੇ ਘਰ ਜਾ ਕੇ ਉਸਨੂੰ ਬੰਧਕ ਬਣਾਇਆ ਅਤੇ ਗੁਆਂਢੀ ਡਿਪਟੀ ਦੀ ਕੋਸ਼ਿਸ਼ ਤੋਂ ਬਾਅਦ ਪੁਲਿਸ ਦੁਆਰਾ ਉਸਤੋਂ ਆਤਮ ਸਮਰਪਣ ਕਰਵਾਇਆ ਗਿਆ। ਇਸ ਦੌਰਾਨ ਪੀੜਤ ਔਰਤ ਨੂੰ ਮਾਮੂਲੀ ਖਰੋਚਾਂ ਵੀ ਲੱਗੀਆਂ ਜਦਕਿ ਦੋਸ਼ੀ ਵਿਅਕਤੀ ਦੀ ਪਛਾਣ ਵੀ ਅਜੇ ਸਾਹਮਣੇ ਨਹੀਂ ਆਈ ਹੈ।

# ਕੋਰੋਨਾਂ ਟੀਕਾ ਸਲਾਹਕਾਰ ਕਮੇਟੀ ਨੇ ਅਮਰੀਕਾ 'ਚ ਟੀਕਾਕਰਣ ਸ਼ੁਰੂ ਕਰਨ ਲਈ ਕੀਤੀ ਫਾਈਜ਼ਰ ਕੋਵਿਡ -19 ਟੀਕੇ ਦੀ ਹਮਾਇਤ

**ਗੁਰਿੰਦਰਜੀਤ ਨੀਟਾ ਮਾਛੀਕੇ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਅਮਰੀਕਾ ਵਿੱਚ ਕੋਰੋਨਾਂ ਵਾਇਰਸ ਦੇ ਇਲਾਜ ਲਈ ਦੇਸ਼ ਦੇ ਪ੍ਰਮੁੱਖ ਟੀਕਾ ਵਿ-ਗਆਨੀਆਂ ਦੀ ਇੱਕ ਕਮੇਟੀ ਨੇ ਵੀਰਵਾਰ ਦੇ ਦਿਨ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐਫ ਡੀ ਏ ) ਨੂੰ ਅਮਰੀਕਾ ਵਾਸੀਆਂ ਲਈ ਫਾਈਜ਼ਰ ਦੇ ਕੋਵਿਡ -19 ਟੀਕੇ ਦੀ ਹਮਾਇਤ ਕਰਦਿਆਂ, ਇਸਨੂੰ ਟੀਕਾਕਰਣ ਲਈ ਅਧਿਕਾਰਿਤ ਕਰਨ ਦੀ ਸਿਫਾਰਸ਼ ਕੀਤੀ ਹੈ। ਕਮੇਟੀ ਦਾ ਇਹ ਸਮਰਥਨ ਐਫ ਡੀ ਏ ਦੁਆਰਾ ਲਏ ਜਾਣ ਵਾਲੇ ਅੰਤਮ ਫੈਸਲੇ ਦਾ ਰਾਹ ਪੱਧਰਾ ਕਰਦਾ ਹੈ ਜਿਸ ਨਾਲ ਕਿ ਕੋਰੋਨਾਂ ਟੀਕਾਕਰਣ ਹਜ਼ਾਰਾਂ ਫਰੰਟ-ਲਾਈਨ ਹੈਲਥ ਕੇਅਰ ਵਰਕਰਾਂ ਅਤੇ ਨਰਸਿੰਗ ਹੋਮ ਨਿਵਾਸੀਆਂ ਵਿਚਕਾਰ ਕੁੱਝ ਦਿਨਾਂ ਦੇ ਅੰਦਰ ਸ਼ੁਰੂ ਹੋ ਸਕਦਾ ਹੈ। ਇਸ ਸੰਬੰਧੀ ਅੱਠ ਘੰਟੇ ਦੀ ਜਨਤਕ ਸੁਣਵਾਈ ਤੋਂ ਬਾਅਦ, ਟੀਕੇ ਅਤੇ ਸੰਬੰਧਿਤ ਜੈਵਿਕ ਉਤਪਾਦਾਂ ਦੀ ਸਲਾਹਕਾਰ ਕਮੇਟੀ ਨੇ ਫਾਈਜ਼ਰ ਅਤੇ ਬਾਇਓਨਟੈਕ ਦੁਆਰਾ ਬਣਾਏ ਟੀਕੇ ਦੀ 17 ਹਾਂ-ਪੱਖੀ ਵੋਟਾਂ ਨਾਲ ਸਿਫਾਰਸ਼ ਕੀਤੀ। ਕਮੇਟੀ ਦੇ ਮੈਂਬਰਾਂ ਨੇ ਇਸ ਟੀਕੇ ਦੇ ਨੁਕਸਾਨ ਨਾਲੋਂ ਜ਼ਿਆਦਾ ਹੋਣ ਵਾਲੇ ਫਾਇਦਿਆਂ ਨੂੰ ਤਰਜੀਹ ਦਿੱਤੀ।ਹਾਲਾਂਕਿ ਕਮੇਟੀ ਦੇ ਕੁਝ ਮੈਂਬਰ ਟੀਕੇ ਦੀ 16 ਅਤੇ 17 ਸਾਲ ਦੀ ਉਮਰ ਦੇ ਕਿਸ਼ੋਰਾਂ ਵਿੱਚ ਵਰਤੋਂ ਨੂੰ ਲੈ ਕੇ ਸਸ਼ੋਪੰਜ ਵਿੱਚ ਹਨ ਜਦਕਿ ਡਾ. ਓਫਰ ਲੇਵੀ, ਜੋ ਕਿ ਬੋਸਟਨ ਚਿਲਡਰਨਜ਼ ਹਸਪਤਾਲ ਵਿੱਚ ਟੀਕਾ ਪ੍ਰੋਗਰਾਮ ਦੇ ਮੁਖੀ ਹਨ ਦੀ ਦਲੀਲ ਅਨੁਸਾਰ ਬੱਚਿਆਂ ਨੂੰ ਟੀਕਾਕਰਣ ਵਿੱਚ ਸ਼ਾਮਲ ਕਰਨਾ ਮਹੱਤਵਪੂਰਣ ਹੈ। ਜਦਕਿ ਟੁਫਟਸ ਯੂਨੀਵਰਸਿਟੀ ਸਕੂਲ ਆਫ਼ ਮੈਡੀਸਨ ਦੇ ਡਾ. ਕੋਡੀ ਮੇਸਨਰ ਨੇ ਕਿਹਾ ਕਿ ਉਹ ਬੱਚਿਆਂ ਦੀ ਜਗ੍ਹਾ ,ਬਾਲਗਾਂ ਲਈ ਟੀਕੇ ਦੇ ਅਧਿਕਾਰ ਦੀ ਹਮਾਇਤ ਕਰਦੇ ਹਨ।ਇਸ ਦੇ ਬਾਵਜੂਦ ਕਮੇਟੀ ਮੈਂਬਰਾਂ ਵੱਲੋਂ ਟੀਕੇ ਦੀ ਸਹਿਮਤੀ ਵਿੱਚ ਵੋਟਿੰਗ ਹੋਣ ਨਾਲ, ਇਸ ਕਮੇਟੀ ਦੀ ਸਿਫਾਰਸ਼ ਹੁਣ ਐਫ ਡੀ ਏ ਨੂੰ ਜਾਵੇਗੀ, ਜੋ ਕਿ ਸ਼ੁੱਕਰਵਾਰ ਨੂੰ ਐਮਰਜੈਂਸੀ ਵਰਤੋਂ ਲਈ ਟੀਕੇ ਦਾ ਅਧਿਕਾਰ ਦੇ ਸਕਦੀ ਹੈ। ਇੱਕ ਵਾਰ ਅਧਿਕਾਰਤ ਹੋ ਜਾਣ 'ਤੇ, ਟੀਕਿਆਂ ਨੂੰ ਸਾਰੇ 50 ਰਾਜਾਂ ਵਿੱਚ ਭੇਜਣ ਦੀ ਪ੍ਰਕਿਰਿਆ ਸ਼ੁਰੂ ਹੋ ਜਾਵੇਗੀ।ਟੀਕਾਕਰਣ ਸੰਬੰਧੀ ਇੱਕ ਆਖਰੀ ਮਹੱਤਵਪੂਰਨ ਬੈਠਕ ਐਤਵਾਰ ਨੂੰ ਵੀ ਹੋਵੇਗੀ, ਜਿਸ ਵਿੱਚ ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰ (ਸੀ.ਡੀ.ਸੀ ) ਦੀ ਇੱਕ ਸਲਾਹਕਾਰ ਕਮੇਟੀ ਟੀਕੇ ਨੂੰ ਲਗਾਉਣ ਵਿੱਚ ਕਿਸ ਵਰਗ ਦੇ ਲੋਕਾਂ ਨੂੰ ਪਹਿਲ ਵਿੱਚ ਰੱਖਣਾ ਹੈ ਦੇ ਬਾਰੇ ਵਿਚਾਰ ਵਟਾਂਦਰਾ ਕਰੇਗੀ।

# ਕੋਰੋਨਾਂ ਵਾਇਰਸ ਮਹਾਂਮਾਰੀ ਦੌਰਾਨ ਸੰਕਟ ਹੇਠ ਆਏ ਅਮਰੀਕੀ ਲੋਕਾਂ ਦੀਆਂ ਮੁਸ਼ਕਿਲਾਂ ਵਧੀਆਂ

**ਗੁਰਿੰਦਰਜੀਤ ਨੀਟਾ ਮਾਛੀਕੇ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਕੋਰੋਨਾਂ ਵਾਇਰਸ ਮਹਾਂਮਾਰੀ ਨੇ ਦੁਨੀਆਂ ਦੇ ਤਾਕਤਵਰ ਦੇਸ਼ਾਂ ਵਿੱਚੋਂ ਸਭ ਤੋਂ ਮੋਹਰੀ ਅਮਰੀਕਾ ਨੂੰ ਵੀ ਹਿਲਾ ਕੇ ਰੱਖ ਦਿੱਤਾ ਹੈ। ਹਜ਼ਾਰਾਂ ਹੀ ਲੋਕਾਂ ਦੀ ਮੌਤ ਦੇ ਨਾਲ ਦੇਸ਼ ਨੇ ਵੱਡੀ ਪੱਧਰ 'ਤੇ ਆਰਥਿਕ ਮੰਦੀ ਅਤੇ ਬੇਰੁਜ਼ਗਾਰੀ ਦਾ ਸਾਹਮਣਾ ਵੀ ਕੀਤਾ ਹੈ।ਇਸ ਸੰਕਟ ਦੌਰਾਨ ਹਜਾਰਾਂ ਅਮਰੀਕਾ ਵਾਸੀਆਂ ਨੇ ਆਪਣੀਆਂ ਨੌਕਰੀਆਂ ਗਵਾਈਆਂ ਹਨ ਜਦਕਿ ਕਈਆਂ ਦੇ ਕਾਰੋਬਾਰ ਵੀ ਬੰਦ ਹੋਏ ਹਨ।ਇਸਦੇ ਨਾਲ ਹੀ ਵਾਇਰਸ ਤੋਂ ਸੁਰੱਖਿਆ ਲਈ ਲਗਾਈਆਂ ਗਈਆਂ ਪਾਬੰਦੀਆਂ ਨੇ ਵੀ ਲੋਕਾਂ ਨੂੰ ਘਰਾਂ ਵਿੱਚ ਰਹਿਣ ਲਈ ਮਜ਼ਬੂਰ ਕੀਤਾ ਹੈ। ਇਹਨਾਂ ਸਾਰੀਆਂ ਗੱਲਾਂ ਦੇ ਮੱਦੇਨਜ਼ਰ ਬਹੁਤ ਸਾਰੇ ਅਮਰੀਕਾ ਵਾਸੀ ਆਰਥਿਕ ਮੰਦੀ ਦੇ ਨਾਲ ਭੁੱਖਮਰੀ ਦਾ ਵੀ ਸਾਹਮਣਾ ਕਰ ਰਹੇ ਹਨ। ਇਸ ਲਈ ਭੁੱਖ ਦੇ ਸਤਾਏ ਲੋਕ ਬਿਨਾਂ ਕਿਸੇ ਸਹਾਇਤਾ ਦੇ ਦੁਕਾਨਾਂ ਵਿੱਚੋ ਜਿਉਂਦੇ ਰਹਿਣ ਲਈ ਭੋਜਨ ਅਤੇ ਹੋਰ ਜਰੂਰੀ ਸਮਾਨ ਚੁਰਾਉਣ ਲਈ ਮਜ਼ਬੂਰ ਹੋ ਰਹੇ ਹਨ।ਇਸ ਸੰਬੰਧੀ ਕਈ ਪ੍ਰਚੂਨ ਸਟੋਰਾਂ ਦੇ ਕਾਮਿਆਂ ਅਨੁਸਾਰ ਮਹਾਂਮਾਰੀ ਦੌਰਾਨ ਕਈ ਲੋਕ ਮੀਟ, ਚਾਵਲ ਜਾਂ ਹੋਰ ਭੋਜਨ ਦੇ ਸਮਾਨ ਤੋਂ ਇਲਾਵਾ ਡਾਇਪਰ, ਸ਼ੈਂਪੂ ਅਤੇ ਹੋਰ ਚੀਜ਼ਾਂ ਨੂੰ ਆਪਣੀ ਕੋਟੀ, ਜੈਕਟ ਜਾਂ ਬੈਗ ਵਿੱਚ ਪਾ ਕੇ ਗਾਇਬ ਕਰਦੇ ਸਨ।ਇਸ ਲਈ ਕਈ ਸਟੋਰਾਂ ਨੇ ਇਸ ਪ੍ਰਤੀ ਆਪਣੇ



ਪ੍ਰਵੇਸ਼ ਦੁਆਰਾਂ 'ਤੇ ਵਧੇਰੇ ਸਾਵਧਾਨੀ ਵਰਤਣੀ ਸ਼ੁਰੂ ਕਰ ਦਿੱਤੀ ਹੈ।ਕੋਰੋਨਾਂ ਵਾਇਰਸ ਮੰਦੀ ਦੌਰਾਨ ਸਰਕਾਰੀ ਆਰਥਿਕ ਸਹਾਇਤਾ ਨੇ ਲੱਖਾਂ ਅਮਰੀਕੀਆਂ ਨੂੰ ਮਹਾਂਮਾਰੀ ਦੇ ਸ਼ੁਰੂ ਵਿੱਚ ਗਰੀਬੀ ਵਿੱਚ ਜਾਣ ਤੋਂ ਰੋਕਿਆ ਸੀ ਪਰ ਹੁਣ ਕਈ ਮਹੀਨਿਆਂ ਦੀ ਕਾਂਗਰਸ ਦੀ ਅਸਫਲਤਾ ਤੋਂ ਬਾਅਦ ਨਵੀਂ ਸਹਾਇਤਾ ਤੋਂ ਬਿਨਾਂ ਭੁੱਖਮਰੀ ਵਧ ਰਹੀ ਹੈ।ਇਸ ਸੰਬੰਧੀ ਦੇਸ਼ ਭਰ ਦੇ ਦਰਜਨਾਂ ਪ੍ਰਚੂਨ ਵਪਾਰੀਆਂ, ਸੁਰੱਖਿਆ ਮਾਹਰਾਂ ਅਤੇ ਪੁਲਿਸ ਵਿਭਾਗਾਂ ਦੇ ਅਨੁਸਾਰ ਮਹਾਂਮਾਰੀ ਦੀ ਸ਼ੁਰੂਆਤ ਦੇ ਬਾਅਦ ਸ਼ਾਪ ਲਿਫਟਿੰਗ ਵਿੱਚ ਵਾਧਾ ਹੋਇਆ ਹੈ। ਇਸ ਦੌਰਾਨ, ਸੰਯੁਕਤ ਰਾਜ ਦੇ ਖੇਤੀਬਾੜੀ ਵਿਭਾਗ ਦੇ ਅਨੁਸਾਰ, ਅੰਦਾਜ਼ਨ 54 ਮਿਲੀਅਨ ਅਮਰੀਕੀ ਆਉਣ ਵਾਲੇ ਦਿਨਾਂ ਵਿੱਚ ਭੁੱਖ ਦਾ ਸਾਹਮਣਾ ਕਰਨਗੇ, ਜੋ ਕਿ 2019 ਤੋਂ 45 ਪ੍ਰਤੀਸ਼ਤ ਵੱਧ ਹੈ। ਕਈ ਫੂਡ ਸਹਾਇਤਾ ਪ੍ਰੋਗਰਾਮ ਜਿਵੇਂ ਕਿ ਐਸ ਐਨ ਏ ਪੀ ਅਤੇ ਡਬਲਯੂ ਆਈ ਸੀ ਨੂੰ ਘਟਾਉਣ ਦੇ ਨਾਲ ਹੋਰ ਸਰਕਾਰੀ ਸਹਾਇਤਾ ਵੀ ਸਮਾਪਤੀ ਦੇ ਕਿਨਾਰੇ 'ਤੇ ਹਨ।

ਕਿਸੇ ਸੰਸਥਾ ਦੁਆਰਾ ਭੋਜਨ ਪ੍ਰਦਾਨ ਕਰਨ ਵੇਲੇ ਲੋਕਾਂ ਦੀਆਂ ਲੰਮੀਆਂ ਲਾਈਨਾਂ ਹੋਂਦ ਵਿੱਚ ਆਉਂਦੀਆਂ ਹਨ। ਸਰਕਾਰ ਦੁਆਰਾ ਭੋਜਨ ਲਈ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਸਾਲ ਦੇ ਅਖੀਰ ਤੱਕ ਖਤਮ ਹੋ ਰਹੀ ਹੈ ਜਦਕਿ ਵਾਇਰਸ ਦੇ ਕੇਸਾਂ ਵਿੱਚ ਵਾਧਾ ਲਗਾਤਾਰ ਜਾਰੀ ਹੈ। ਇਸ ਲਈ ਮਾਹਿਰਾਂ ਅਨੁਸਾਰ ਆਉਣ ਵਾਲੇ ਸਮੇਂ ਦੌਰਾਨ ਭੁੱਖਮਰੀ ਦੇ ਹਾਲਾਤ ਹੋਰ ਬਦਤਰ ਹੋ ਸਕਦੇ ਹਨ।

# ਪੰਜਾਬੀ ਮੂਲ ਦੇ ਦੋ ਵਿਅਕਤੀ ਇੰਡੀਆਨਾ ਵਿੱਚ ਹੋਏ ਕੋਕੀਨ ਸਮੇਤ ਕਾਬੂ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਇੰਡੀਆਨਾ ਸਟੇਟ ਪੁਲਿਸ ਨੇ ਨਿਯਮਤ ਰੂਪ ਵਿੱਚ ਕੀਤੀ ਜਾਂਦੀ ਟਰੱਕਾਂ ਦੀ ਜਾਂਚ ਦੌਰਾਨ ਵੱਡੀ ਮਾਤਰਾ 'ਚ ਕੋਕੀਨ ਬਰਾਮਦ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਇਸ ਹਫਤੇ ਦੇ ਸ਼ੁਰੂ ਵਿਚ, ਇੰਡੀਆਨਾ ਸਟੇਟ ਪੁਲਿਸ (ਆਈ ਐਸ ਪੀ) ਨੇ ਇੱਕ ਟਰੱਕ ਦੀ ਜਾਂਚ ਤੋਂ ਬਾਅਦ ਨਸ਼ਿਆਂ ਦੀ ਵੱਡੀ



ਖੇਪ ਨੂੰ ਕਬਜ਼ੇ ਵਿੱਚ ਲਿਆ ਹੈ। ਪੁਲਿਸ ਨੂੰ ਇਹ ਸਫਲਤਾ ਸੋਮਵਾਰ 7 ਦਸੰਬਰ ਤਕਰੀਬਨ 1:15 ਵਜੇ ਇੰਡੀਆਨਾ ਦੀ ਪੋਰਟਰ ਕਾਉਂਟੀ ਦੇ ਇੱਕ ਆਈ -94 ਈਸਟਬਾਉਂਡ ਵੇਟ ਸਟੇਸ਼ਨ 'ਤੇ ਕੀਤੀ ਕਾਰਵਾਈ ਦੌਰਾਨ ਮਿਲੀ। ਇਸ ਕਾਰਵਾਈ ਦੌਰਾਨ ਅਧਿਕਾਰੀਆਂ ਨੇ 18,000 ਪੌਂਡ ਬਾਰੀਕ ਲਸਣ ਨਾਲ ਭਰੇ ਇੱਕ ਟਰੱਕ ਦੇ ਮੁਆਇਨੇ ਦੌਰਾਨ ਟ੍ਰੇਲਰ ਦੇ ਅੰਦਰਲੇ ਸਮਾਨ 'ਤੇ ਸ਼ੱਕ ਜ਼ਾਹਰ ਕੀਤਾ ਅਤੇ ਅਧਿਕਾਰੀਆਂ ਦੁਆਰਾ ਟ੍ਰੇਲਰ ਵਿੱਚ ਮੌਜੂਦ ਕਾਲੇ ਬੈਗਾਂ ਦੀ ਜਾਂਚ ਕਰਨ ਤੇ ਚਿੱਟੇ ਪਦਾਰਥ ਦੇ ਕਈ ਪੈਕੇਜ ਸਾਹਮਣੇ ਆਏ ਜਿਹਨਾਂ ਵਿੱਚ ਅਗਲੀ ਜਾਂਚ ਹੋਣ ਤੋਂ ਬਾਅਦ ਕੋਕੀਨ ਮੌਜੂਦਗੀ ਦੀ ਪੁਸ਼ਟੀ ਹੋਈ। ਜਿਸਦੇ ਬਾਅਦ ਪੁਲਿਸ ਦੁਆਰਾ ਟਰੱਕ 'ਚ ਸਵਾਰ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਇੰਡੀਆਨਾ ਪੁਲਿਸ ਦੇ ਅਨੁਸਾਰ ਟ੍ਰੇਲਰ ਵਿੱਚੋਂ ਕੁੱਲ 50 ਕਿੱਲੋ ਸ਼ੱਕੀ ਕੋਕੀਨ ਬਰਾਮਦ ਕੀਤੀ ਗਈ ਜਿਸਦੀ ਅੰਦਾਜ਼ਨ ਕੀਮਤ ਲੱਗਭਗ 1.5 ਤੋਂ 2 ਮਿਲੀਅਨ ਡਾਲਰ ਹੈ। ਇਸ ਮਾਮਲੇ ਵਿੱਚ ਕੈਲੀਫੋਰਨੀਆਂ ਦੇ ਰਹਿਣ ਵਾਲੇ ਬਲਜਿੰਦਰ ਸਿੰਘ (37) ਅਤੇ ਗੁਰਵਿੰਦਰ ਸਿੰਘ (32) ਉੱਤੇ ਕੋਕੀਨ ਦੇ ਸੰਬੰਧ 'ਚ ਦੋਸ਼ ਲਗਾਏ ਗਏ ਹਨ।

## ਬਲੈਕ ਲਾਈਵਜ਼ ਮੈਟਰ ਸਮੂਹ ਦੇ ਪ੍ਰਦਰਸ਼ਨਕਾਰੀਆਂ 'ਤੇ ਚੜ੍ਹਾਈ ਕਾਰ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਨਿਊਯਾਰਕ ਵਿੱਚ ਇੱਕ ਕਾਰ ਡਰਾਈਵਰ ਦੁਆਰਾ ਪ੍ਰਦਰਸ਼ਨ ਕਰ ਰਹੇ ਲੋਕਾਂ ਨੂੰ ਕਾਰ ਨਾਲ ਟੱਕਰ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਸ਼ਹਿਰ ਦੇ ਪੁਲਿਸ ਵਿਭਾਗ ਅਨੁਸਾਰ ਸ਼ੁੱਕਰਵਾਰ ਨੂੰ ਨਿਊਯਾਰਕ ਸਿਟੀ ਵਿੱਚ 50 ਦੇ ਕਰੀਬ ਪ੍ਰਦਰਸ਼ਨਕਾਰੀਆਂ ਦੀ ਭੀੜ ਵਿੱਚ ਕਾਰ ਨਾਲ ਟੱਕਰ ਮਾਰਨ ਵਾਲੇ ਇੱਕ ਡਰਾਈਵਰ ਉੱਤੇ ਲਾਪਰਵਾਹੀ ਦਾ ਦੋਸ਼ ਲਾਇਆ ਗਿਆ ਹੈ। ਇਸ ਵਾਪਰੀ ਘਟਨਾ ਦੌਰਾਨ ਮੈਨਹੱਟਨ ਵਿੱਚ ਬਲੈਕ ਲਾਈਵਜ਼ ਮੈਟਰ ਨਸਲੀ ਜਸਟਿਸ ਦੇ ਵਿਰੋਧ ਵਿੱਚ



ਛੇ ਵਿਅਕਤੀ ਇਸ ਵਾਹਨ ਨਾਲ ਟਕਰਾ ਗਏ ਜਿਹਨਾਂ ਨੂੰ ਹਸਪਤਾਲ ਲਿਜਾਇਆ ਗਿਆ ਪਰ ਇਸ ਹਾਦਸੇ ਵਿੱਚ ਕਿਸੇ ਤਰ੍ਹਾਂ ਦਾ ਕੋਈ ਵੀ ਜਾਨੀ ਨੁਕਸਾਨ ਨਹੀਂ ਹੋਇਆ ਹੈ। ਪੁਲਿਸ ਵੱਲੋਂ ਕਾਰ ਚਲਾ ਰਹੀ ਔਰਤ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਸ਼ੁਰੂ ਕੀਤੀ ਗਈ ਹੈ। ਇਸ ਹਾਦਸੇ ਸੰਬੰਧੀ ਇੱਕ ਵੀਡੀਓ ਵਿੱਚ, ਸ਼ਹਿਰ ਦੇ ਵਿਅਸਤ ਇਲਾਕੇ ਵਿੱਚ ਪੈਦਲ ਪ੍ਰਦਰਸ਼ਨਕਾਰੀਆਂ ਵੱਲ ਆ ਰਹੀ ਕਾਰ ਅਚਾਨਕ ਤੇਜ਼ ਹੋ ਕੇ ਉਹਨਾਂ ਨਾਲ ਟਕਰਾ ਗਈ ਅਤੇ ਕਈ ਲੋਕ ਇਸ ਟੱਕਰ ਨਾਲ ਜ਼ਮੀਨ 'ਤੇ ਡਿੱਗਣ ਕਾਰਨ ਜਖਮੀ ਹੋਏ। ਹਾਦਸੇ ਵਾਲੇ ਦਿਨ ਬਲੈਕ ਲਾਈਵਜ਼ ਮੈਟਰ ਸਮੂਹ ਦੁਆਰਾ ਕੀਤਾ ਨਿਊਜਰਸੀ ਵਿੱਚ ਇਮੀਗ੍ਰੇਸ਼ਨ ਨਜ਼ਰਬੰਦੀਆਂ ਦੁਆਰਾ ਕੀਤੀ ਭੁੱਖ ਹੜਤਾਲ ਵੱਲ ਧਿਆਨ ਖਿੱਚਣ ਲਈ ਵਿਰੋਧ ਪ੍ਰਦਰਸ਼ਨ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਵੀ ਸਤੰਬਰ ਵਿੱਚ ਇੱਕ ਡਰਾਈਵਰ ਨੇ ਨਿਊਯਾਰਕ ਸਿਟੀ ਵਿੱਚ ਬਲੈਕ ਲਾਈਵਜ਼ ਮੈਟਰ ਪ੍ਰਦਰਸ਼ਨਕਾਰੀਆਂ ਦੀ ਭੀੜ ਦੇ ਵਿਚਕਾਰ ਵਾਹਨ ਭਜਾ ਦਿੱਤਾ, ਪਰ ਉਸ ਸਮੇਂ ਕੋਈ ਵੀ ਜ਼ਖਮੀ ਨਹੀਂ ਹੋਇਆ ਸੀ।

# ਕੋਵਿਡ -19 ਦੇ ਮੱਦੇਨਜ਼ਰ ਖਾਲਸਾ ਸੰਸਥਾਵਾਂ ਨੇ ਪ੍ਰਸ਼ਾਸ਼ਨਿਕ ਹਦਾਇਤਾਂ ਮੁਤਾਬਕ ਗੁਰੂ ਨਾਨਕ ਦੇਵ ਜੀ ਦੇ 551ਵੇਂ ਪ੍ਰਕਾਸ਼ ਪੁਰਬ ਸਜਾਇਆ ਨਗਰ ਕੀਰਤਨ

## ਖ਼ਾਲਸਾ ਕਾਲਜ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੱਕ ਕੱਢੇ ਗਏ ਨਗਰ ਕੀਰਤਨ 'ਚ ਸੰਗਤਾਂ ਨੇ ਗੁਰੂ ਜਸ ਗਾਇਨ ਕੀਤਾ











**ਅੰਮ੍ਰਿਤਸਰ (ਬਿਊਰੋ)–** ਖਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਆਉਂਦੀਆਂ ਸਮੂਹ ਵਿੱਦਿਅਕ ਸੰਸਥਾਵਾਂ ਵੱਲੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 551ਵੇਂ ਪ੍ਰਕਾਸ਼ ਗੁਰਪੁਰਬ ਦੇ ਸਬੰਧ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ-ਛਾਇਆ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਅੱਜ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਪਲਾਜ਼ਾ 'ਤੇ ਪੁੱਜਣ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਸਿੰਘ ਸਾਹਿਬ ਗਿਆਨੀ ਮਾਨ ਸਿੰਘ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਵੱਲੋਂ ਸਵਾਗਤ ਕਰਦਿਆਂ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਤੇ ਹੋਰ ਅਹੁਦੇਦਾਰਾਂ ਨੂੰ ਸਿਰੋਪਾਓ ਭੇਟ ਕੀਤਾ ਗਿਆ। ਹਰ ਸਾਲ ਕਰੀਬ 30,000 ਸਟਾਫ਼ ਤੇ ਵਿਦਿਆਰਥੀਆਂ ਵਲੋਂ ਇਸ ਨਗਰ ਕੀਰਤਨ 'ਚ ਹਾਜ਼ਰੀ ਲਗਵਾਈ ਜਾਂਦੀ ਸੀ ਪਰ ਕੋਵਿਡ-19 ਮਹਾਮਾਰੀ ਦੇ ਕਾਰਨ ਇਸ ਸਾਲ ਸਟਾਫ਼ ਅਤੇ ਵਿਦਿਆਰਥੀਆਂ ਵਲੋਂ ਸ਼ਮੂਲੀਅਤ ਘੱਟ ਰਹੀ।

ਕੇਸੀਜੀਸੀ ਦੀ ਸਦੀ ਪੁਰਾਣੀ ਪ੍ਰਥਾ ਅਨੁਸਾਰ ਇਸ ਸਾਲ ਗੁਰਪੁਰਬ ਮਨਾਉਣ ਲਈ ਅਧਿਆਪਨ, ਗੈਰ-ਅਧਿਆਪਨ ਅਤੇ ਚੋਣਵੇਂ ਸੀਨੀਅਰ ਕਲਾਸਾਂ ਦੇ ਵਿਦਿਆਰਥੀਆਂ ਨੇ ਨਗਰ ਕੀਰਤਨ 'ਚ ਹਿੱਸਾ ਲਿਆ। ਇਹ ਨਗਰ ਕੀਰਤਨ ਇਤਿਹਾਸਕ ਖਾਲਸਾ ਕਾਲਜ ਤੋਂ ਆਰੰਭ ਹੋ ਕੇ ਪੁਤਲੀਘਰ ਚੌਂਕ, ਰੇਲਵੇ ਸਟੇਸ਼ਨ, ਭੰਡਾਰੀ ਪੁੱਲ ਅਤੇ ਹਾਲ ਗੇਟ ਤੋਂ ਹੁੰਦਾ ਹੋਇਆ ਸੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁੱਜਾ। ਜਿੱਥੇ ਸਮੂਹ ਸੰਗਤਾਂ ਨੇ ਅਰਦਾਸ 'ਚ ਸ਼ਾਮਿਲ ਹੋ ਕੇ ਕੋਰੋਨਾ ਮਹਾਮਾਰੀ ਦੇ ਇਸ ਯੁੱਗ 'ਚ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ। ਨਗਰ ਕੀਰਤਨ ਮੌਕੇ ਜਿੱਥੇ ਸਮਾਜਿਕ ਦੂਰੀਆਂ ਦਾ ਕੌਂਸਲ ਵਲੋਂ ਧਿਆਨ ਰੱਖਿਆ ਗਿਆ, ਉਥੇ ਪ੍ਰਸ਼ਾਸ਼ਨਿਕ ਹਦਾਇਤਾਂ ਮੁਤਾਬਕ ਜਿਨ੍ਹਾਂ ਨੇ ਮੂੰਹ ਨਹੀਂ ਢੱਕਿਆ ਉਨ੍ਹਾਂ ਨੂੰ ਮਾਸਕ ਵੰਡੇ ਅਤੇ ਸੈਨੇਟਾਈਜ਼ਰ ਦਾ ਪ੍ਰਬੰਧ ਵੀ ਕੀਤਾ ਗਿਆ।

ਗੁਰਪੁਰਬ ਮੌਕੇ ਦੇਸ਼-ਵਿਦੇਸ਼ 'ਚ ਵੱਸਦੀਆਂ ਸਮੂਹ ਸੰਗਤਾਂ ਨੂੰ ਵਧਾਈ ਦਿੰਦੇ ਹੋਏ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਕਿਹਾ ਕਿ ਹਾਲਾਂਕਿ ਇਹ ਸਾਲਾਨਾ ਨਗਰ ਕੀਰਤਨ ਸੀ ਪਰ ਇਸ ਦੀ ਵਿਸ਼ੇਸ਼ਤਾ ਇਹ ਸੀ ਕਿ ਇਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 551 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੂਰੀ ਲੋਕਾਈ ਨੂੰ ਸਮਾਜਿਕ ਕੁਰੀਤੀਆ 'ਚੋਂ ਕੱਢਦਿਆਂ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛੱਕੋ ਦਾ ਉਪਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਸਭਨਾਂ ਦੇ ਸਾਂਝੇ ਗੁਰੂ ਹਨ, ਜਿਨ੍ਹਾਂ ਕਲਯੁੱਗ 'ਚ ਅਵਤਾਰ ਧਾਰ ਕੇ ਲੋਕਾਂ ਨੂੰ ਸੱਚ ਦੇ ਮਾਰਗ 'ਤੇ ਚੱਲਣ ਤੋਂ ਇਲਾਵਾ ਸੱਚੇ ਪ੍ਰਮੇਸ਼ਵਰ ਦਾ ਨਾਮ ਸਿਮਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸ: ਸ: ਛੀਨਾ ਨੇ ਵੱਖ-ਵੱਖ ਸੰਸਥਾਵਾਂ ਵੱਲੋਂ ਨਗਰ ਕੀਰਤਨ ਦੇ ਸਵਾਗਤ ਲਈ ਉਨ੍ਹਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਪੁਲਿਸ ਕਮਿਸ਼ਨਰ ਡਾ. ਸੁਖਚੈਨ ਸਿੰਘ ਗਿੱਲ ਅਤੇ ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਖਹਿਰਾ ਵੱਲੋਂ ਸੁਰੱਖਿਆ ਸਬੰਧੀ ਪੁਲਿਸ ਦੇ ਕੀਤੇ ਗਏ ਕਰੜੇ ਪ੍ਰਬੰਧਾਂ ਹੇਠ ਕਾਲਜ ਵੱਲੋਂ ਆਰੰਭ ਹੋਏ ਨਗਰ ਕੀਰਤਨ ਦਾ ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਅਤੇ ਦੀਵਾਨ ਦੇ ਹੋਰ ਅਹੁਦੇਦਾਰ ਸ: ਸਵਿੰਦਰ ਸਿੰਘ ਕੱਥੂਨੰਗਲ, ਪ੍ਰਦੀਪ ਸਿੰਘ ਵਾਲੀਆ, ਪ੍ਰਿੰਸੀਪਲ ਧਰਮਵੀਰ ਸਿੰਘ, ਹਰਮਿੰਦਰ ਸਿੰਘ ਫ੍ਰੀਡੰਮ, ਰਜਿੰਦਰ ਸਿੰਘ ਮਰਵਾਹ ਅਤੇ ਅਮਨਦੀਪ ਹਸਪਤਾਲ ਦੇ ਪ੍ਰਬੰਧਕਾਂ ਵੱਲੋਂ ਜੀ. ਟੀ. ਰੋਡ ਵਿਖੇ ਨਗਰ ਕੀਰਤਨ ਦਾ ਖਾਸ ਸਵਾਗਤ ਕਰਦਿਆਂ ਵੱਖ-ਵੱਖ ਤਰ੍ਹਾਂ ਦੇ ਲੰਗਰ ਲਗਾਏ।

ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਨਗਰ ਕੀਰਤਨ 'ਚ ਸਾਫ਼-ਸਫ਼ਾਈ ਦੀ ਵਿਵਸਥਾ ਨੂੰ ਦਰੁਸਤ ਰੱਖਣ ਸਬੰਧੀ ਜਿੱਥੇ ਖਾਸ ਧਿਆਨ ਰੱਖਿਆ ਗਿਆ ਉਥੇ ਕੋਰੋਨਾ ਮਹਾਮਾਰੀ ਸਬੰਧੀ ਨਿਯਮਾਂ ਦਾ ਪੂਰਨ ਤੌਰ 'ਤੇ ਖਿਆਲ ਰੱਖਿਆ ਸੀ।

ਇਸ ਮੌਕੇ ਕੌਂਸਲ ਦੇ ਜੁਆਇੰਟ ਸਕੱਤਰ ਸ: ਅਜਮੇਰ ਸਿੰਘ ਹੇਰ, ਸਰਦੂਲ ਸਿੰਘ ਮੰਨਨ, ਰਾਜਬੀਰ ਸਿੰਘ, ਮੈਂਬਰ ਲਖਵਿੰਦਰ ਸਿੰਘ ਢਿੱਲੋਂ, ਸੁਖਦੇਵ ਸਿੰਘ ਅਬਦਾਲ, ਗੁਰਪ੍ਰੀਤ ਸਿੰਘ ਗਿੱਲ, ਪ੍ਰਿੰ: ਡਾ. ਆਰ. ਕੇ. ਧਵਨ, ਪ੍ਰਿੰ: ਡਾ. ਮੰਜੂ ਬਾਲਾ, ਪ੍ਰਿੰ: ਡਾ. ਸੁਰਿੰਦਰਪਾਲ ਕੌਰ ਢਿੱਲੋਂ, ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ, ਪ੍ਰਿੰ: ਡਾ. ਕਮਲਜੀਤ ਕੌਰ, ਪ੍ਰਿੰ: ਡਾ. ਐਚ. ਬੀ. ਸਿੰਘ, ਪ੍ਰਿੰ: ਡਾ. ਜਸਪਾਲ ਸਿੰਘ, ਪ੍ਰਿੰ: ਡਾ. ਮਨਪ੍ਰੀਤ ਕੌਰ, ਪ੍ਰਿੰ: ਡਾ. ਇੰਦਰਜੀਤ ਸਿੰਘ ਗੋਗੋਆਣੀ, ਪ੍ਰਿੰ: ਨਾਨਕ ਸਿੰਘ, ਪ੍ਰਿੰ: ਕਵਲਜੀਤ ਸਿੰਘ, ਪ੍ਰਿੰ: ਏ. ਐੱਸ. ਗਿੱਲ, ਪ੍ਰਿੰ: ਪੁਨੀਤ ਕੌਰ ਨਾਗਪਾਲ, ਪ੍ਰਿੰ: ਨਿਰਮਲ ਕੌਰ, ਪ੍ਰਿੰ: ਗੁਰਿੰਦਰਜੀਤ ਕੌਰ, ਅੰਡਰ ਸੈਕਟਰੀ ਡੀ. ਐੱਸ. ਰਟੌਲ, ਸਾਬਕਾ ਅਰਦਾਸੀਏ ਸੁਰਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਰਣਧੀਰ ਸਿੰਘ ਇਨਫ਼ਾਰਮੇਸ਼ਨ ਆਫ਼ਿਸਰ, ਨਿਸ਼ਾਨ ਸਿੰਘ ਮੀਤ ਮੈਨੇਜ਼ਰ ਸ੍ਰੀ ਦਰਬਾਰ ਸਾਹਿਬ ਆਦਿ ਹਾਜ਼ਰ ਸਨ।

# ਅੰਬੇਡਕਰਾਇਟ ਲੀਗਲ ਫੋਰਮ ਵੱਲੋਂ ਕੇਂਦਰ ਸਰਕਾਰ ਵੱਲੋਂ ਸੰਸਦ ਭਵਨ ਦੀ ਨਵੀ ਇਮਾਰਤ ਬਨਾਉਣ ਦੇ ਫੈਸਲੇ ਦੀ ਨਿਖੇਧੀ



**ਜਲੰਧਰ (ਜਨਸੰਗਰਾਮ ਚੁੰਬਰ)–** ਅੰਬੇਡਕਰਾਇਟ ਲੀਗਲ ਫੋਰਮ ਜਲੰਧਰ ਦੇ ਮੈਂਬਰਾਂ ਵੱਲੋਂ 15 ਦਸੰਬਰ 2020 (ਮੰਗਲਵਾਰ) ਨੂੰ ਜਲੰਧਰ ਵਿਖੇ ਇੱਕ ਵਿਸ਼ੇਸ਼ ਮੀਟਿੰਗ ਐਡਵੋਕੇਟ ਪ੍ਰਿਤ ਪਾਲ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ । ਇਸ ਮੀਟਿੰਗ ਵਿੱਚ ਫੋਰਮ ਦੇ ਮੈਂਬਰਾਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਇਸ ਕਰੋਨਾ ਕਾਲ ਦੇ ਸਮੇਂ ਜੋ ਸੰਸਦ ਭਵਨ ਦੀ ਨਵੀਂ ਇਮਾਰਤ ਬਨਾਉਣ ਦਾ ਫੈਸਲਾ ਲਿਆ ਗਿਆ ਹੈ, ਜਿਸ ਪਰ ਲੱਗ-ਭੱਗ 1000 ਕਰੋੜ ਰੁਪਏ ਦਾ ਖਰਚ ਆਵੇਗਾ, ਇਹ ਬਿਲਕੁਲ ਗਲਤ ਹੈ ਇਹ ਬੇਸਮਝੀ ਵਾਲਾ ਹੈ, ਜਦਕਿ ਭਾਰਤ ਸਰਕਾਰ ਵੱਲੋਂ ਲੋਕ ਭਲਾਈ ਕਰਨ ਵਾਲਾ ਖਰਚਾ ਨਹੀ ਕੀਤਾ ਜਾ ਰਿਹਾ ਅਤੇ ਇਹਨਾ ਸਕੀਮਾਂ ਨੂੰ ਲਗਭਗ ਬੰਦ ਕੀਤਾ ਜਾ ਰਿਹਾ ਹੈ ਅਤੇ ਇਹ ਇਹ ਪੈਸਾ ਫਿਜੂਲ ਦੇ ਕੰਮਾਂ ਉਪੱਰ ਖਰਚ ਕਰਨਾ ਸਰਕਾਰ ਦੀ ਬਹੁਤ ਭਾਰੀ ਗਲਤੀ ਹੈ, । ਅੱਜ ਜੱਦ ਕਿ ਪੂਰਾ ਭਾਰਤ ਦੀ ਅਰਥ ਵਿਵਸਥਾ ਸਭ ਤੋਂ ਨਿਚਲੇ ਪੱਧਰ ਤੋ ਗੁਜਰ ਰਹੀ ਹੈ, ਇਸ ਸਮੇਂ ਇਸ ਤਰ੍ਹਾਂ ਦੇ ਫਿਜੂਲਖਰਚੀ ਕਰਨ ਦੀ ਕੋਈ ਲੋੜ ਨਹੀ ਹੈ । ਇਹਨਾ ਤੋ ਇਲਾਵਾ ਬਹੁਤ ਜਰੂਰੀ ਖਰਚੇ ਹਨ ਜੋ ਕਿ ਸਰਕਾਰ ਦੀ ਜਿੰਮੇਵਾਰੀ ਹੈ, ਉਹਨਾ ਨੂੰ ਪੂਰਾ ਕਰਨ ਦੀ ਬਜਾਏ ਇਹ ਖਰਚੇ ਦਾ ਇੱਕ ਹੋਰ ਬੋਝ ਆਮ ਵਿਅਕਤੀ ਉਪੱਰ ਪਵੇਗਾ । ਭਾਰਤ ਦੇ ਸਾਂਸਦਾ ਦੀ ਗਿਣਤੀ ਵਿੱਚ ਕੋਈ ਵਾਧਾ ਨਹੀ ਹੋਇਆ ਹੈ ਅਤੇ ਨਾ ਹੀ ਪੁਰਾਣੀ ਇਮਾਰਤ ਨੂੰ ਕਿਸੇ ਤਰ੍ਹਾਂ ਦੇ ਡਿੱਗਣ ਦੇ ਖਤਰੇ ਬਾਰੇ ਪੁਰਾਤੱਤਵ ਵਿਭਾਗ ਵੱਲੋਂ ਕੋਈ ਅਜਿਹੀ ਰਿਪੋਰਟ ਦਾ ਜਿਕਰ ਹੈ। ਪੁਰਾਣੀ ਇਮਾਰਤ ਨੂੰ ਬਣੇ ਹੋਏ ਅਜੇ ਸਿਰਫ 93 ਸਾਲ ਹੀ ਹੋਏ ਹਨ ਤੇ ਇਹ ਪੂਰੀ ਤਰ੍ਹਾਂ ਨਾਲ ਮਜਬੂਤ ਹਾਲਤ ਵਿੱਚ ਹੈ ।

ਪੂਰੇ ਵਿਸ਼ਵ ਵਿੱਚ ਅਜਿਹੇ ਬਹੁਤ ਸਾਰੇ ਦੇਸ਼ ਹਨ ਜਿਹਨਾ ਦੀਆਂ ਸੰਸਦ ਦੀਆਂ ਇਮਾਰਤਾ ਭਾਰਤ ਨਾਲੋਂ ਵੀ ਪੁਰਾਣਿਆਂ ਹਨ ਅਤੇ ਸਹੀ ਹਾਲਤ ਵਿੱਚ ਹੈ । ਇਸ ਸਮੇਂ ਭਾਰਤ ਨੂੰ ਆਰਥਿਕ ਮੰਦੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਸ ਕਰਕੇ ਇਸ ਸਮੇਂ ਕੇਂਦਰ ਸਰਕਾਰ ਦਾ ਇਸ ਤਰ੍ਹਾਂ ਦਾ ਫੈਸਲਾ ਬਹੁਤ ਗਲਤ ਹੈ ਅਤੇ ਅਸੀ ਸਾਰੇ ਇਸ ਦਾ ਵਿਰੋਧ ਕਰਦੇ ਹਾਂ ਅਤੇ ਇਸ ਬਾਰੇ ਅਸੀ ਜਲਦ ਹੀ ਭਾਰਤ ਦੇ ਰਾਸ਼ਟਰਪਤੀ ਨੂੰ ਮੰਗ ਪੱਤਰ ਰਾਹੀ ਸਰਕਾਰ ਦੇ ਇਸ ਫੈਸਲੇ ਨੂੰ ਵਾਪਿਸ ਲੈਣ ਲਈ ਮੰਗ ਕਰਾਂਗੇ ।

ਇਸ ਮੌਕੇ ਤੇ ਜਲੰਧਰ ਦੇ ਬਹੁਤ ਸਾਰੇ ਹੇਠ ਲਿਖੇ ਵਕੀਲ ਸਾਹਿਬਾਨ ਹਾਜਿਰ ਸਨ। ਐਡਵੋਕੇਟ ਪ੍ਰਿਤ ਪਾਲ ਸਿੰਘ (ਪ੍ਰਧਾਨ), ਐਡਵੋਕੇਟ ਮਧੂ ਰਚਨਾ, ਐਡਵੋਕੇਟ ਰਾਜੂ ਅੰਬੇਡਕਰ (ਜਨਰਲ ਸਕੱਤਰ), ਐਡਵੋਕੇਟ ਸਤਨਾਮ ਸੁਮਨ, ਐਡਵੋਕੇਟ ਕੁਲਦੀਪ ਭੱਟੀ, ਐਡਵੋਕੇਟ ਸੰਨੀ ਕੌਲ, ਐਡਵੋਕੇਟ ਹਰਭਜਨ ਸਾਂਪਲਾ, ਐਡਵੋਕੇਟ ਜਗਜੀਵਨ ਰਾਮ, ਐਡਵੋਕੇਟ ਰਜਿੰਦਰ ਆਜਾਦ, ਐਡਵੋਕੇਟ ਪਵਨ ਵਿਰਦੀ, ਐਡਵੋਕੇਟ ਰਾਜ ਕੁਮਾਰ ਬੈਂਸ, ਐਡਵੋਕੇਟ ਦਰਸ਼ਨ ਸਿੰਘ, ਐਡਵੋਕੇਟ ਸਤਪਾਲ ਵਿਰਦੀ, ਐਡਵੋਕੇਟ ਸੋਨਮ ਮਹੇ, ਐਡਵੋਕੇਟ ਰਜਿੰਦਰ ਪਾਲ ਬੋਪਾਰਾਏ।

# ਕੈਲੀਫੋਰਨੀਆ ਵਿਚ ਵਧ ਰਹੀਆਂ ਮੌਤਾਂ ਦੇ ਮੱਦੇਨਜ਼ਰ 'ਸਮੂਹਿਕ ਮੌਤਾਂ' ਪ੍ਰੋਗਰਾਮ ਦਾ ਐਲਾਨ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਕੈਲੀਫੋਰੀਨੀਆ ਵਿਚ ਕੋਵਿਡ-19 ਟੀਕਾਕਰਣ ਸ਼ੁਰੂ ਹੋਣ ਦੇ ਇਕ ਦਿਨ ਬਾਅਦ ਲਾਸ਼ਾਂ ਸਾਂਭਣ ਲਈ 5000 ਹੋਰ ਥੈਲੇ ਖਰੀਦਣ ਤੋਂ ਇਲਾਵਾ ' ਸਮੂਹਿਕ ਮੌਤਾਂ' ਪ੍ਰੋਗਰਾਮ ਸ਼ੁਰੂ ਕਰ ਦਿੱਤਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗਵਰਨਰ ਗਾਵਿਨ ਨਿਊਸੋਮ ਨੇ ਕਿਹਾ ਕਿ 'ਸਮੂਹਿਕ ਮੌਤਾਂ' ਪ੍ਰੋਗਰਾਮ ਤਹਿਤ ਸੰਕਟ ਦੌਰਾਨ ਰਾਜ ਤੇ ਸਥਾਨਕ ਏਜੰਸੀਆਂ ਆਪਸੀ ਸਹਾਇਤਾ ਲਈ ਤਾਲਮੇਲ ਕਰਨਗੀਆਂ ਤੇ ਕੋਵਿਡ-19 ਦੇ ਪਸਾਰ ਨੂੰ ਰੋਕਣ ਤੇ ਮੌਤਾਂ ਦੇ ਮਾਮਲੇ ਵਿਚ ਸਿੱਧੀ ਕਾਰਵਾਈ ਕਰਨਗੀਆਂ। ਉਨਾਂ ਕਿਹਾ ਕਿ ਪੂਰੇ ਰਾਜ ਵਿਚ 60 ਰਜਿਸਟਰਡ ਸਟੋਰੇਜ ਇਕਾਈਆਂ ਜਿਨਾਂ ਵਿਚੋਂ ਹਰੇਕ ਦੀ ਲੰਬਾਈ 50 ਫੁੱਟ ਹੈ, ਦੀ ਵਰਤੋਂ ਮਰੀਜ਼ਾਂ ਤੇ ਮੌਤਾਂ ਦੀ ਗਿਣਤੀ ਵਧਣ 'ਤੇ ਹੰਗਾਮੀ ਸਥਿੱਤੀ ਵਿਚ ਕੀਤੀ ਜਾਵੇਗੀ। ਰਾਜ ਵਿਚ




ਇਕ ਹਫਤੇ ਦੌਰਾਨ 1,70,000 ਨਵੇਂ ਕੋਰੋਨਾ ਮਾਮਲੇ ਦਰਜ ਹੋਣ ਤੋਂ ਬਾਅਦ ਲੋਕਾਂ ਨੂੰ ਘਰਾਂ ਵਿਚ ਰਹਿਣ ਦੀਆਂ ਹਦਾਇਤਾਂ ਕੀਤੀਆਂ ਗਈਆਂ ਹਨ। ਗਵਰਨਰ ਨੇ ਕਿਹਾ ਕਿ ਮੈ ਨਹੀਂ ਚਹੁੰਦਾ ਕਿ ਲੋਕ ਭੈਭੀਤ ਹੋਣ ਪਰੰਤੂ ਸਾਨੂੰ ਇਹ ਗੱਲ ਧਿਆਨ ਵਿਚ ਰਖਣੀ ਪਵੇਗੀ ਕਿ ਸਾਡੀ ਸਥਿੱਤੀ ਕੀ ਹੈ। ਅਸੀਂ ਅਜੇ ਬਿਮਾਰੀ ਉਪਰ ਨਿੰਯਤਰਣ ਪਾਉਣ ਵਿਚ ਸਫਲ ਨਹੀਂ ਹੋਏ। ਰਾਜ ਦੇ ਸਿਹਤ ਅਧਿਕਾਰੀਆਂ ਨੇ ਲੰਘੇ ਦਿਨ ਦਸਿਆ ਕਿ ਪਿਛਲੇ 5 ਦਿਨ ਲਗਾਤਾਰ ਰੋਜ਼ਾਨਾ 30000 ਤੋਂ ਵਧ ਕੋਰੋਨਾ ਮਾਮਲੇ ਦਰਜ ਹੋਏ ਹਨ ਤੇ 14 ਦਸੰਬਰ ਨੂੰ 163 ਕੋਰੋਨਾ ਪੀੜਤਾਂ ਦੀਆਂ ਮੌਤਾਂ ਹੋਈਆਂ ਹਨ ਜੋ ਕਿ ਮਹੀਨਾ ਪਹਿਲਾਂ ਦੀ ਤੁਲਨਾ ਵਿਚ 4 ਗੁਣਾਂ ਜਿਆਦਾ ਹਨ। ਰਾਜ ਵਿਚ ਵਧੇ ਕੋਰੋਨਾ ਮਰੀਜ਼ਾਂ ਕਾਰਨ ਹਸਪਤਾਲ ਪੂਰੀ ਤਰਾਂ ਭਰੇ ਚੁੱਕੇ ਹਨ ਤੇ ਨਵੇਂ ਮਰੀਜ਼ਾਂ ਨੂੰ ਰਖਣ ਲਈ ਟੈਂਟ ਲਗਾਏ ਗਏ ਹਨ।

# ਅਮਰੀਕਾ ਵਿਚ ਸਿਹਤ ਵਰਕਰਾਂ ਨੂੰ ਅਗਲੇ ਕੁਝ ਦਿਨਾਂ ਵਿਚ ਟੀਕੇ ਲੱਗਣੇ ਹੋਣਗੇ ਸ਼ੁਰੂ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਪ੍ਰਮੁੱਖ ਅਮਰੀਕੀ ਵੈਕਸੀਨ ਵਿਗਿਆਨੀਆਂ ਨੇ ਦਿਨ ਭਰ ਚੱਲੀ ਮੀਟਿੰਗ ਤੋਂ ਬਾਅਦ ਸਿਫਾਰਿਸ਼ ਕੀਤੀ ਹੈ ਕਿ ਫੂਡ ਐਂਡ ਡਰੱਗ (ਐਫ.ਡੀ.ਏ) ਪ੍ਰਸ਼ਾਸਨ ਨੂੰ ਅਮਰੀਕਨਾਂ ਨੂੰ ਕੋਵਿਡ-19 ਵੈਕਸੀਨ ਦੇਣ ਲਈ ਅਧਿਕਾਰਤ ਕਰ ਦਿੱਤਾ ਜਾਵੇ। ਜਨਤਿਕ ਸੁਣਵਾਈ ਤੋਂ ਬਾਅਦ ਬਾਇਆਲੋਜੀ ਪ੍ਰੋਡਕਟਸ ਐਡਵਾਈਜ਼ਰੀ ਕਮੇਟੀ ਨੇ 17-4 ਦੇ ਬਹੁਮਤ ਨਾਲ ਫਾਈਜ਼ਰ ਤੇ ਇਸ ਦੀ ਭਾਈਵਾਲ ਕੰਪਨੀ ਬਾਇਓਨਟੈਕ ਵੱਲੋਂ ਤਿਆਰ ਕੀਤੇ ਟੀਕੇ ਨੂੰ ਪ੍ਰਵਾਨਗੀ ਦਿੱਤੀ। ਕਮੇਟੀ ਦਾ ਇਕ ਮੈਂਬਰ ਗੈਰ ਹਾਜਰ ਰਿਹਾ। ਐਫ . ਡੀ. ਏ ਵੱਲੋਂ ਅਗਲੇ ਕੁਝ ਘੰਟਿਆਂ ਦੌਰਾਨ ਟੀਕੇ ਦੀ ਹੰਗਾਮੀ ਸਥਿੱਤੀ ਵਿਚ ਵਰਤੋਂ ਨੂੰ ਪ੍ਰਵਾਨਗੀ ਦਿੱਤੇ ਜਾਣ ਦੀ ਸੰਭਾਵਨਾ ਹੈ। ਫਾਈਜ਼ਰ-ਬਾਇਨਟਿਕ ਦੇ ਵੈਕਸੀਨ ਦੀ ਪੁਸ਼ਟੀ ਹੋਣ ਉਪਰੰਤ ਐਫ ਡੀ ਏ ਲਈ ਅਮਰੀਕਨਾਂ ਨੂੰ ਟੀਕੇ ਲਾਉਣ ਦਾ ਰਾਹ ਸਾਫ ਹੋ ਗਿਆ ਹੈ।

ਟੀਕੇ ਲਾਉਣ ਦੀ ਸ਼ੁਰੂਆਤ ਅਗਲੇ ਕੁਝ ਦਿਨਾਂ ਦੌਰਾਨ ਸਿਹਤ ਵਰਕਰਾਂ ਤੇ ਨਰਸਿੰਗ ਕੇਂਦਰਾਂ ਦੇ ਵਾਸੀਆਂ ਤੋਂ ਹੋਵੇਗੀ। ਇਸ ਸਮੇਂ ਦੇਸ਼ ਵਿਚ ਕੋਰੋਨਾ ਵਾਇਰਸ ਨਾਲ ਰੋਜ਼ਾਨਾ ਮੌਤਾਂ ਦੀ ਗਿਣਤੀ 3000 ਨੂੰ ਪਾਰ ਕਰ ਗਈ ਹੈ। ਜੌਹਨ ਹੋਪਕਿੰਨਜ ਯੁਨੀਵਰਸਿਟੀ ਅਨੁਸਾਰ ਲੰਘੇ ਬੁੱਧਵਾਰ ਕੋਰੋਨਾ ਨਾਲ ਜੂਝਦੇ ਹੋਏ 3124 ਅਮਰੀਕੀ ਦਮ ਤੋੜ ਗਏ। ਪਿਛਲੇ ਹਫਤੇ ਇਕ ਦਿਨ ਵਿਚ ਸਭ ਤੋਂ ਵਧ ਮੌਤਾਂ ਦਾ ਰਿਕਾਰਡ 2885 ਸੀ। ਨਵੀਂ ਇਨਫੈਕਸ਼ਨ ਦਾ ਜੋਖਮ ਵਧਿਆ ਹੈ। ਮਰੀਜ਼ਾਂ ਦੀ ਗਿਣਤੀ ਵਧਣ ਕਾਰਨ ਹਸਪਤਾਲਾਂ ਵਿਚ ਮੰਜਿਆਂ ਦੀ ਘਾਟ ਪੈਦਾ ਹੋ ਗਈ ਹੈ।

ਇਸ ਲਈ ਰਾਜ 'ਸਟੇਅ ਐਟ ਹੋਮ' ਦੇ ਆਦੇਸ਼ ਜਾਰੀ ਕਰ ਰਹੇ ਹਨ। 38 ਰਾਜਾਂ ਨੇ ਮਾਸਕ ਪਹਿਣਨਾ ਜਰੂਰੀ ਕਰ ਦਿੱਤਾ ਹੈ।

# ਸੈਕਰਮੈਂਟੋਂ ਵਿੱਚ ਕਿਸਾਨਾਂ ਦਾ ਸਮਰਥਨ



**ਸੈਕਰਾਮੈਂਟੋ ( ਹੁਸਨ ਲੜੋਆ ਬੰਗਾ)-** ਦਿੱਲੀ ਵਿੱਖੇ ਕਿਸਾਨ ਸਮੂਹ ਵਲੋਂ ਆਪਣੀਆਂ ਹੱਕੀ ਮੰਗਾਂ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਵੱਖ ਵੱਖ ਸਮਾਜਿਕ ਸੰਸਥਾਵਾਂ ਤੇ ਪੰਜਾਬੀ ਭਾਈਚਾਰਾ ਵੱਖ ਵੱਖ ਢੰਗਾਂ ਰਾਹੀਂ ਆਪਣੇ ਆਪਣੇ ਹੀਲੇ ਵਸੀਲੇ ਰਾਹੀਂ ਯਗਦਾਨ ਪਾ ਰਿਹਾ ਹੈ ਪੰਜਾਬੀ ਬਾਜ਼ਾਰ ਦੇ ਗੁਰਮਿੰਦਰ ਗੁਰੀ ਦੀ ਅਗਵਾਈ ਹੇਠ ਪੰਜਾਬੀ ਭਾਈਚਾਰੇ ਨਾਲ ਮਿਲਕੇ ਕਿਸਾਨਾਂ ਦੇ ਹੱਕ ਵਿੱਚ ਵਿਖਾਵਾ ਕੀਤਾ ਗਿਆ, ਇਸ ਰੋਡ ਸ਼ੋਅ ਵਿੱਚ ਸਥਾਂਨਕ ਲੋਕ ਸ਼ਾਮਿਲ ਹੋਏ , ਪੰਜਾਬੀ ਬਾਜ਼ਾਰ ਦੀ ਪਾਰਕ ਲਾਟ ਵਿੱਚ ਇਕੱਠੇ ਹੋਕੇ 200 ਕਾਰਾਂ ਜੀਪਾਂ ਦੇ ਕਾਫ਼ਲੇ ਰਾਹੀਂ ਐਲਕ ਗਰੋਵ ਤੇ ਸੈਰਰਾਮੈਂਟੋ ਦੀਆ ਸੜਕਾਂ ਤੇ ਰੋਡ ਸ਼ੋਅ ਕੀਤਾ ਗਿਆ, ਇਸ ਵਿੱਚ ਗੁਰਮਿੰਦਰ ਗੁਰੀ , ਗੁਰਮੇਲ ਸਿੰਘ, ਨਵਜੋਤ ਸਿੰਘ, ਗੁਰਜੰਟ ਸਿੰਘ, ਗੁਰਪ੍ਰੀਤ ਸਿੰਘ, ਲਖਵਿੰਦਰ ਸਿੰਘ, ਸ਼ਤਰਪਾਲ ਸਿੰਘ, ਰਸਪਾਲ ਫਰਵਾਲਾ, ਹਰਦੀਪ ਗਿੱਲ, ਤਾਰਾ ਸਿੰਘ ਕਰੀਹਾ, ਬੀਗਾਚਾ ਸਿੰਘ ਆਦਿ ਵਿਸ਼ੇਸ਼ ਤੌਰ ਤੇ ਸ਼ਾਮਿਲ ਸਨ ਇਸ ਮੌਕੇ ਪੰਜਾਬੀ ਬਾਜ਼ਾਰ ਸੈਕਰਾਮੈਂਟੋ ਵੱਲੋਂ ਲੰਗਰ ਦੀ ਸੇਵਾ ਕੀਤੀ ਗਈ।ਇਸ ਮੌਕੇ ਰੋਡ ਸ਼ੋਅ ਪ੍ਰਬੰਧਕਾਂ ਨੇ ਕਿਹਾ ਕਿ ਉਹ ਹਰ ਤਰਾਂ ਨਾਲ ਕਿਸਾਂਨਾਂ ਦੀਆਂ ਮੁਸ਼ਕਿਲਾਂ ਦੇ ਨਾਲ ਹਨ ਤੇ ਸਰਕਾਰ ਬਿਨਾਂ ਕਿਸੇ ਦੇਰੀ ਦੇ ਕਿਸਾਂਨਾਂ ਦੇ ਖਿਲਾਫ ਪਾਸ ਕੀਤੇ ਗਏ ਤਿੰਨੋਂ ਕਾਨੂੰਨਾਂ ਨੂੰ ਵਾਪਿਸ ਲਵੇ, ਇਸ ਤੋਂ ਇਲਾਵਾ ਸੈਕਰਾਮੈਂਟੋ ਦੇ ਕਿਸਾਨ ਪੱਖੀ ਲੋਕ ਕਿਸਾਨਾਂ ਦੀ ਹਰ ਤਰਾਂ ਦੀ ਮੱਦਦ ਵੀ ਕਰਨਗੇ।

# ਟਰੱਕ ਨੇ 5 ਸਾਇਕਲ ਸਵਾਰਾਂ ਨੂੰ ਕੁਚਲਿਆ 4 ਹੋਰ ਜ਼ਖਮੀ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਲਾਸ ਵੇਗਾਸ ਵਿਚ ਇਕ ਸੜਕ ਹਾਦਸੇ ਵਿਚ 5 ਸੇਵਾ ਮੁਕਤ ਸਾਇਕਲ ਸਵਾਰਾਂ ਦੀ ਮੌਤ ਹੋ ਗਈ ਤੇ 4 ਹੋਰ ਜ਼ਖਮੀ ਹੋ ਗਏ। ਨੇਵਾਡਾ ਹਾਈਵੇਅ ਪਟਰੋਲ ਦੇ ਬੁਲਾਰੇ ਜੈਸਨ ਬੁਰਾਟਜੁਕ ਅਨੁਸਾਰ ਇਹ ਹਾਦਸਾ ਬੋਲਡਰ ਸ਼ਹਿਰ ਦੇ ਦੱਖਣ ਵਿਚ ਯੂ ਐਸ 95 ਸੜਕ ਉਪਰ ਉਸ ਵੇਲੇ ਵਾਪਰਿਆ ਜਦੋਂ ਇਕ ਟਰੱਕ 20 ਸਾਇਕਲ ਸਵਾਰਾਂ ਦੇ ਇਕ ਗਰੁੱਪ ਨਾਲ ਟਕਰਾ ਗਿਆ। 4 ਮਰਦਾਂ ਤੇ 1 ਔਰਤ ਦੀ ਮੌਕੇ ਉਪਰ ਹੀ ਮੌਤ ਹੋ ਗਈ। ਇਕ ਜਖਮੀ ਨੂੰ



ਗੰਭੀਰ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਹਾਦਸੇ ਉਪਰੰਤ ਟਰੱਕ ਉਥੇ ਹੀ ਖੜਾ ਹੋ ਗਿਆ। ਅਧਿਕਾਰੀਆਂ ਵੱਲੋਂ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਸਾਇਕਲ ਸਵਾਰ ਇਕ ਭਾਈਚਾਰੇ ਨਾਲ ਸਬੰਧਤ ਸੇਵਾ ਮੁਕਤ ਵਿਅਕਤੀ ਸਨ ਤੇ ਉਹ ਆਪਣੇ ਤੌਰ 'ਤੇ ਆਯੋਜਿਤ ਦੌਰੇ ਉਪਰ ਸਨ।

ਬੁਰਾਟਜੁਕ ਅਨੁਸਾਰ ਇਹ ਬਹੁਤ ਭਿਆਨਕ ਹਾਦਸਾ ਸੀ ਤੇ ਜੋ ਵਿਅਕਤੀ ਇਸ ਹਾਦਸੇ ਤੋਂ ਬਚ ਗਏ ਹਨ ਉਹ ਬਹੁਤ ਸਹਿਮੇ ਹੋਏ ਹਨ।

# ਅਮਰੀਕਾ ਵਿਚ ਕੇਵਲ 4 ਦਿਨਾਂ 'ਚ ਕੋਰੋਨਾ ਵਾਇਰਸ ਦੇ 10 ਲੱਖ ਮਾਮਲੇ ਵਧੇ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਵਿਚ ਕੋਰੋਨਾ ਵਾਇਰਸ ਦਾ ਫੈਲਾਅ ਰੁਕਣ ਦਾ ਨਾਂ ਨਹੀਂ ਲੈ ਰਿਹਾ ਤੇ ਕੋਰੋਨਾ ਪ੍ਰਭਾਵਿਤ ਲੋਕਾਂ ਦੀ ਗਿਣਤੀ ਵਿਚ ਤੇਜੀ ਨਾਲ ਵਾਧਾ ਹੋ ਰਿਹਾ ਹੈ। ਕੋਰੋਨਾ ਦੇ ਪਹਿਲੇ 10 ਲੱਖ ਮਾਮਲੇ ਦਰਜ ਹੋਣ ਵਿਚ 3 ਮਹੀਨੇ ਦਾ ਸਮਾਂ ਲੱਗਿਆ ਸੀ ਪਰੰਤੂ 1.5 ਕਰੋੜ ਤੋਂ 1.6 ਕਰੋੜ ਮਾਮਲੇ ਹੋਣ ਲਈ ਕੇਵਲ 4 ਦਿਨਾਂ ਦਾ ਸਮਾਂ ਲੱਗਾ ਹੈ। ਇਸ ਤੋਂ ਸਹਿਜੇ ਹੀ ਅੰਦਾਜਾ ਹੋ ਜਾਂਦਾ ਹੈ ਕਿ ਵਾਇਰਸ ਕਿੰਨੀ ਤੇਜ ਨਾਲ ਫੈਲ ਰਿਹਾ ਹੈ।

ਹਾਲਤ ਇਹ ਬਣ ਗਏ ਹਨ ਕਿ ਕੈਲੀਫੋਰਨੀਆ ਖੇਤਰ ਵਿਚ ਗੰਭੀਰ ਹਾਲਤ ਵਾਲੇ ਮਰੀਜ਼ਾਂ ਲਈ ਹਸਪਤਾਲਾਂ ਵਿਚ ਕੋਈ ਬੈੱਡ ਨਹੀਂ ਬਚਿਆ ਹੈ। ਆਈ.ਸੀ.ਯੂ ਪੂਰੀ ਤਰਾਂ ਭਰ ਚੁੱਕੇ ਹਨ। ਆਸ ਕੀਤੀ ਜਾਂਦੀ ਹੈ ਕਿ ਕੋਰੋਨਾ ਟੀਕਾਕਰਣ ਦੇ ਬਾਅਦ ਹੀ ਕੋਰੋਨਾ ਵਾਇਰਸ ਦਾ ਪਸਾਰ ਰੁਕ ਸਕਦਾ ਹੈ।

**ਸੋਮਵਾਰ ਤੋਂ ਲੱਗਣਗੇ ਟੀਕੇ**

ਕੋਰੋਨਾ ਦੇ ਪਸਾਰ ਨੂੰ ਰੋਕਣ ਲਈ ਪਹਿਲਾ ਅਧਿਕਾਰਤ ਟੀਕਾ ਵੰਡ ਦਿੱਤਾ ਗਿਆ ਹੈ ਤੇ ਇਸ ਨੂੰ ਲਗਾਉਣ ਦਾ ਕੰਮ ਸੋਮਵਾਰ ਤੋਂ ਸ਼ੁਰੂ ਹੋਣ ਦੀ ਆਸ ਹੈ। ਜਨਰਲ ਗੁਸਟੇਵ ਪਰਨਾ ਸਹਿ ਮੁੱਖੀ ਆਪਰੇਸ਼ਨ ਰੈਪ ਸਪੀਡ ਨੇ ਦਸਿਆ ਕਿ '' ਮੈ ਅੱਜ ਹੁਣੇ ਹੀ ਗੱਲ ਕੀਤੀ ਹੈ। ਟੀਕਿਆਂ ਨੂੰ ਪੈਕ ਕੀਤਾ ਜਾ ਰਿਹਾ ਹੈ। ਸੋਮਵਾਰ ਸਵੇਰ ਨੂੰ ਟੀਕੇ ਨਿਰਮਾਣ ਇਕਾਈਆਂ ਤੋਂ ਵੰਡ ਕੇਂਦਰਾਂ ਵਿਚ ਪਹੁੰਚ ਜਾਣਗੇ।'' ਨੈਸ਼ਨਲ ਸੈਂਟਰ ਫਾਰ ਇਮਿਉਨੀਜੇਸ਼ਨ ਐਂਡ ਰੈਸਪੀਰੇਟਰੀ ਡਸੀਜ਼ ਦੀ ਮੁੱਖੀ ਡਾ ਨੈਨਸੀ ਮੈਸ਼ਨੀਰ ਅਨੁਸਾਰ ਟੀਕੇ ਲੱਗਣ ਦਾ ਕੰਮ ਸੋਮਵਾਰ ਤੋਂ ਸ਼ੁਰੂ ਹੋ ਜਾਵੇਗਾ।

ਉਨਾਂ ਕਿਹਾ ਕਿ ਸਿਹਤ ਕਾਮਿਆਂ ਤੇ ਨਰਸਿੰਗ ਘਰਾਂ ਵਿਚ ਦੇ ਵਾਸੀਆਂ ਨੂੰ ਸਭ ਤੋਂ ਪਹਿਲਾਂ ਟੀਕੇ ਲਾਏ ਜਾਣਗੇ। ਮਰੀਜ਼ਾਂ ਤੇ ਮਰੀਜ਼ਾਂ ਦੀ ਦੇਖਭਾਲ ਕਰਨ ਵਾਲਿਆਂ ਨੂੰ 'ਤੱਥ ਪੱਤਰ' ਦਿੱਤੇ ਜਾਣਗੇ ਜਿਨਾਂ ਵਿਚ ਟੀਕੇ ਦੇ ਜੋਖਮ ਤੇ ਫਾਇਦੇ ਬਾਰੇ ਦੱਸਿਆ ਜਾਵੇਗਾ।

# ਭਾਰਤੀ ਮੂਲ ਦੀ ਮੰਜੂ ਵਿਜ ਜੋਆਇੰਟ ਫੋਰਸਜ਼ ਟਰੇਨਿੰਗ ਬੇਸ ਦੀ ਡਿਪਟੀ ਕਮਾਂਡਰ ਬਣੀ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਭਾਰਤੀ ਮੂਲ ਦੀ ਅਮਰੀਕਨ ਔਰਤ ਅਮਰੀਕੀ ਫੌਜ ਦੀ ਲੈਫਟੀਨੈਂਟ ਕਰਨਲ ਮੰਜੂ ਵਿਜ ਨੂੰ ਜੋਆਇੰਟ ਟਰੇਨਿੰਗ ਬੇਸ ਲਾਸ ਆਲਮੀਟੋਸ, ਕੈਲੀਫੋਰਨੀਆ ਦੀ ਨਵੀਂ ਡਿਪਟੀ ਕਮਾਂਡਰ ਨਿਯੁਕਤ ਕੀਤਾ ਗਿਆ ਹੈ। ਇਸ ਸਮੇ ਉਹ ਕੈਲੀਫੋਰਨੀਆ ਆਰਮੀ ਨੈਸ਼ਨਲ ਗਾਰਡ ਦੀ 40ਵੀਂ ਇਨਫੈਨਟਰੀ ਡਵੀਜ਼ਨ ਦੇ ਹੈਡਕੁਆਰਟਰ ਕਮਾਂਡਰ ਵਜੋਂ ਤਾਇਨਾਤ ਹਨ। ਵਿਜ 1992 ਵਿਚ ਫੌਜ ਵਿਚ ਭਰਤੀ ਹੋਈ ਸੀ।



ਕੈਲੀਫੋਰਨੀਆ ਆਰਮੀ ਨੈਸ਼ਨਲ ਗਾਰਡ ਵਿਚ ਆਉਣ ਤੋਂ ਪਹਿਲਾਂ ਉਨਾਂ ਨੇ 5 ਸਾਲ ਇਕ ਸੈਨਿਕ ਵਜੋਂ ਸਰਗਰਮ ਡਿਊਟੀ ਨਿਭਾਈ।

# ਚੋਣਾਂ ਹਾਰੀ ਭਾਰਤੀ ਮੂਲ ਦੀ ਸਾਰਾ ਗਿਡਨ ਬਚਿਆ ਡੇਢ ਕਰੋੜ ਡਾਲਰ ਚੋਣ ਫੰਡ ਸਮਾਜ ਸੇਵੀ ਸੰਸਥਾਵਾਂ ਨੂੰ ਦੇਵੇਗੀ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕੀ ਵਿਚ ਹਾਲ ਹੀ ਵਿਚ ਹੋਈਆਂ ਆਮ ਚੋਣਾਂ ਵਿਚ ਬਹੁਤ ਸਾਰੇ ਉਮੀਦਵਾਰ ਅਜਿਹੇ ਵੀ ਹਨ ਜੋ ਬੇਸ਼ੱਕ ਚੋਣ ਹਾਰ ਗਏ ਹਨ ਪਰ ਉਨਾਂ ਕੋਲ ਚੋਣ ਫੰਡ ਕਾਫੀ ਬਚ ਗਿਆ ਹੈ। ਅਜਿਹੀ ਹੀ ਇਕ ਉਮੀਦਵਾਰ ਭਾਰਤੀ ਮੂਲ ਦੀ ਅਮਰੀਕਨ ਸਾਰਾ ਗਿਡਨ ਹੈ ਜੋ ਮੈਨੀ ਤੋਂ ਸੈਨੇਟ ਦੀ ਚੋਣ ਹਾਰ ਗਈ ਸੀ ਪਰ ਉਸ ਕੋਲ ਇਸ ਸਮੇਂ ਤਕਰੀਬਨ ਡੇਢ ਕਰੋੜ ਡਾਲਰ ਚੋਣ ਫੰਡ ਮੌਜੂਦ ਹੈ। 'ਦ ਬਾਂਗਰ ਡੇਲੀ ਨਿਊਜ਼' ਦੀ ਰਿਪੋਰਟ ਅਨੁਸਾਰ ਡੈਮੋਕਰੈਟਿਕ ਆਗੂ ਸਾਰਾ ਗਿਡਨ ਨੂੰ 7.5 ਕਰੋੜ ਡਾਲਰ ਚੋਣ ਫੰਡ ਵਜੋਂ ਇਕੱਤਰ ਹੋਏ ਸਨ ਜਿਨਾਂ ਵਿਚੋਂ




1.48 ਕਰੋੜ ਡਾਲਰ ਫੰਡ ਅਜੇ ਵੀ ਉਸ ਕੋਲ ਹੈ। ਰਿਪੋਟਰ ਅਨੁਸਾਰ ਚੋਣ ਮੁਹਿੰਮ ਦੇ ਪ੍ਰਬੰਧਕਾਂ ਨੇ ਇਕ ਰਲੀਜ ਵਿਚ ਕਿਹਾ ਹੈ ਕਿ ਬਚੇ ਫੰਡ ਵਿਚੋਂ ਦੋ ਸਮਾਜ ਸੇਵੀ ਸੰਸਥਾਵਾਂ ਨੂੰ 7 ਕਰੋੜ ਡਾਲਰ ਦਾਨ ਵਜੋਂ ਦੇਣ ਦੀ ਯੋਜਨਾ ਹੈ। ਹਰੇਕ ਸੰਸਥਾ ਨੂੰ 3.5 ਕਰੋੜ ਦਿੱਤੇ ਜਾਣਗੇ। ਇਨਾਂ ਸੰਸਥਾਵਾਂ ਵਿਚ ਫੁਲ ਪਲੇਟਸ , ਫੁਲ ਪੋਟੈਂਸ਼ੀਅਲ ਐਂਡ ਕੀਪ ਮੀ ਵਾਰਮ ਸ਼ਾਮਿਲ ਹਨ। ਇਹ ਸਮਾਜ ਸੇਵੀ ਸੰਸਥਾਵਾਂ ਲੋੜਵੰਦ ਪਰਿਵਾਰਾਂ ਦੀ ਮਦਦ ਕਰਦੀਆਂ ਹਨ। ਗਿਡਨ ਨੇ ਕਿਹਾ ਹੈ ਕਿ ਮੇਰਾ ਹਮਸ਼ਾਂ ਇਹ ਵਿਸ਼ਵਾਸ਼ ਰਿਹਾ ਹੈ ਕਿ ਸਮਾਜ ਸੇਵਾ ਸਭ ਤੋਂ ਉਤਮ ਕੰਮ ਹੈ ਜਿਸ ਰਾਹੀਂ ਲੋਕਾਂ ਦੇ ਜੀਵਨ ਵਿਚ ਸੁਧਾਰ ਹੁੰਦਾ ਹੈ।

# ਟਰੰਪ ਸਮਰਥਕਾਂ ਤੇ ਵਿਰੋਧੀਆਂ ਵਿਚਾਲੇ ਝੜਪ

**ਵਾਸ਼ਿੰਗਟਨ , ਡੀ ਸੀ (ਹੁਸਨ ਲੜੋਆ ਬੰਗਾ)-** ਲੰਘੇ ਦਿਨ ਇਥੇ ਫਰੀਡਮ ਪਲਾਜ਼ਾ ਵਿਚ ਅਮਰੀਕੀ ਝੰਡੇ ਹੱਥਾਂ ਵਿਚ ਫੜੀ ਤੇ 'ਮੇਕ ਅਮਰੀਕਾ ਗਰੇਟ ਅਗੇਨ' ਟੋਪ ਪਹਿਨੀ ਭੀੜ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਮਰਥਨ ਵਿਚ ਪ੍ਰਦਰਸ਼ਨ ਕੀਤਾ। ਇਸ ਮੌਕੇ ਬੁਲਾਰਿਆਂ ਨੇ ਚੋਣਾਂ ਵਿਚ ਹੇਰਾਫੇਰੀ ਦੇ ਦੋਸ਼ ਲਾਏ ਜਿਹੜੇ ਦੋਸ਼ ਅੱਜ ਤੱਕ ਕਿਸੇ ਵੀ ਪੱਧਰ 'ਤੇ ਸਾਬਤ ਨਹੀਂ ਹੋ ਸਕੇ। ਭੀੜ ਇਕੱਤਰ ਹੋਣ ਦੇ ਕੁਝ ਹੀ ਸਮੇਂ ਬਾਅਦ ਸਥਿੱਤੀ ਬੇਕਾਬੂ ਹੋ ਗਈ। ਟਰੰਪ ਸਮਰਥਕਾਂ ਤੇ ਵਿਰੋਧੀਆਂ ਵਿਚਾਲੇ ਧੱਕਾ ਮੁੱਕੀ ਸ਼ੁਰੂ ਹੋ ਗਈ। ਟਰੰਪ ਸਮਰਥਕਾਂ ਨੇ ਸੜਕ ਉਪਰ ਖੜੇ ਲੋਕਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਕੁਝ ਲੋਕਾਂ ਦੇ ਹੱਥਾਂ ਵਿਚ ਚਾਕੂ ਵੀ ਵੇਖੇ ਗਏ। ਪੁਲਿਸ ਨੇ ਗੁਥਮਗੁੱਥਾ ਹੋਏ ਲੋਕਾਂ ਨੂੰ ਛੁਡਾਉਣ ਲਈ ਕਾਲੀ ਮਿਰਚ ਦਾ ਛਿੜਕਾਅ ਕੀਤਾ। ਇਹ ਰੈਲੀ 'ਵੋਮੈਨ ਫਾਰ ਅਮਰੀਕਾ ਫਸਟ' ਜੋ ਇਕ ਕੰਜ਼ਰਵੇਟਿਵ ਗਰੁੱਪ ਹੈ, ਵੱਲੋਂ ਆਯੋਜਿਤ ਕੀਤੀ ਗਈ ਸੀ। ਪਿਛਲੇ ਮਹੀਨੇ ਇਸ ਗਰੁੱਪ ਨੇ 'ਸਟਾਪ ਦ ਸਟੀਲ' ਰੈਲੀ ਕੀਤੀ ਸੀ ਜਿਸ ਵਿਚ ਹਜਾਰਾਂ ਲੋਕਾਂ ਨੇ ਹਿੱਸਾ ਲਿਆ ਸੀ।

# ਦਾਗ਼ੋ-ਦਾਗ਼ੀ ਭਾਰਤ ਦੇ ਸਿਆਸਤਦਾਨ



ਗੁਰਮੀਤ ਪਲਾਹੀ
91-98158-02070

ਪਿੱਛੇ ਜਿਹੇ ਬਿਹਾਰ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਹਨ। ਬਿਹਾਰ ਵਿਧਾਨ ਸਭਾ ਲਈ ਜਿੱਤਣ ਵਾਲੇ ਵਿਧਾਇਕਾਂ ਵਿਚ 70 ਫੀਸਦੀ ਦਾਗ਼ੀ ਹਨ, ਅਪਰਾਧਿਕ ਪਿਛੋਕੜ ਵਾਲੇ ਹਨ। ਜੇਲ੍ਹ ਵਿੱਚ ਬੈਠਿਆਂ "ਛੋਟੇ ਸਰਕਾਰ" ਅਨੰਤ ਸਿੰਘ ਨੇ ਵਿਧਾਇਕ ਦੀ ਚੋਣ ਜਿੱਤੀ ਹੈ। ਉਸ ਉਤੇ ਕੁਝ ਮਿਲਾਕੇ 38 ਅਪਰਾਧਿਕ ਮਾਮਲੇ ਦਰਜ਼ ਹਨ ਜਿਹਨਾਂ ਵਿਚ 7 ਕਤਲ ਦੇ ਮਾਮਲੇ ਹਨ ਅਤੇ ਉਹ "ਡੌਨ" ਦੇ ਤੌਰ ਤੇ ਜਾਣਿਆ ਜਾਂਦਾ ਹੈ।

ਮੌਜੂਦਾ ਲੋਕ ਸਭਾ ਵਿੱਚ ਬੈਠੇ, ਚੁਣੇ ਗਏ 43 ਫੀਸਦੀ ਮੈਂਬਰ ਲੋਕ ਸਭਾ ਅਪਰਾਧੀ ਅਕਸ, ਪਿਛੋਕੜ ਵਾਲੇ ਹਨ। ਉਹਨਾਂ ਵਿੱਚ ਕੁਝ ਉੱਤੇ ਤਾਂ ਗੰਭੀਰ ਅਪਰਾਧਿਕ ਮਾਮਲੇ (ਕਰਿਮੀਨਲ ਕੇਸ) ਦਰਜ਼ ਹਨ। ਇਹ ਰਿਪੋਰਟ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰੀਫਰਮਸ (ਏ ਡੀ ਆਰ) ਜਿਹੜੀ ਕਿ ਚੋਣਾਂ 'ਚ ਸੁਧਾਰਾਂ ਲਈ ਲੜਨ ਵਾਲੀ ਜੱਥੇਬੰਦੀ ਹੈ, ਨੇ ਛਾਪੀ ਹੈ।

ਅਪਰਾਧੀ ਪਿਛੋਕੜ ਵਾਲੇ ਨੇਤਾਵਾਂ ਦੀ ਸੰਵਧਾਨਿਕ ਸੰਸਥਾਵਾਂ (ਲੋਕ ਸਭਾ, ਵਿਧਾਨ ਸਭਾ ਆਦਿ) 'ਚ ਇੰਟਰੀ ਰੋਕਣ ਲਈ ਸਮੇਂ-ਸਮੇਂ ਉੱਚ ਅਦਾਲਤਾਂ ਵਿਚ ਸੁਣਵਾਈ ਲਈ ਕੇਸ, ਜਨਹਿੱਤ ਪਟੀਸ਼ਨਾਂ ਵੱਖੋ ਵੱਖਰੀਆਂ ਜਥੇਬੰਦੀਆਂ, ਸਖਸ਼ੀਅਤਾਂ ਵਲੋਂ ਪਾਈਆਂ ਜਾਂਦੀਆਂ ਰਹੀਆਂ ਹਨ, ਪਰ ਇਸ ਦੇ ਸਾਰਥਿਕ ਸਿੱਟੇ ਨਹੀਂ ਨਿਕਲ ਰਹੇ। ਸੁਪਰੀਮ ਕੋਰਟ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਹੈ ਕਿ ਦਾਗ਼ੀ ਲੋਕਾਂ ਨੂੰ ਜੀਵਨ ਭਰ ਸਿਆਸਤ ਵਿੱਚ ਜਾਣੋ ਰੋਕਣ ਲਈ ਲੋਕ ਸਭਾ 'ਚ ਹੀ ਸਰਕਾਰ ਕਾਨੂੰਨ ਪਾਸ ਕਰਵਾ ਸਕਦੀ ਹੈ। ਪਰ ਕੇਂਦਰ ਸਰਕਾਰ ਵਲੋਂ ਸੁਪਰੀਮ ਕੋਰਟ ਵਿੱਚ ਹੁਣੇ ਜਿਹੇ ਦਾਗ਼ੀ ਨੇਤਾਵਾਂ ਉਤੇ ਜੀਵਨ ਭਰ ਦੀ ਸਿਆਸਤ 'ਚ ਪਾਬੰਦੀ ਲਗਾਉਣ ਦਾ ਵਿਰੋਧ ਕੀਤਾ ਗਿਆ, ਜਿਸ ਤੋਂ ਸਾਫ ਹੈ ਕਿ ਸਿਆਸੀ ਦਲ ਦਾਗ਼ੀਆਂ ਨੂੰ ਨਾ ਟਿਕਟ ਦੇਣਾ ਬੰਦ ਕਰਨਗੇ ਅਤੇ ਨਾ ਹੀ ਉਹ ਦੇਸ਼ ਵਿੱਚ ਇਹੋ ਜਿਹਾ ਕੋਈ ਕਾਨੂੰਨ ਬਨਣ ਦੇਣਗੇ।

ਸਾਲ 1999 ਵਿਚ ਈ ਡੀ ਆਰ ਨੇ ਦਿੱਲੀ ਹਾਈ ਕੋਰਟ ਵਿਚ ਜਨਹਿੱਤ ਪਟੀਸ਼ਨ ਪਾਈ ਸੀ। ਇਸ ਪਟੀਸ਼ਨ 'ਚ ਮੰਗਿਆ ਗਿਆ ਕਿ ਜਿਹਨਾ ਚੋਣ ਲੜਨ ਵਾਲੇ ਨੇਤਾਵਾਂ ਉਤੇ ਅਪਰਾਧਿਕ ਕੇਸ ਹਨ, ਉਹ ਹਲਫਨਾਮਾ ਦੇਣ। ਕੇਂਦਰ ਸਰਕਾਰ ਨੇ ਇਸਦਾ ਭਰਵਾਂ ਵਿਰੋਧ ਕੀਤਾ। ਦਿੱਲੀ ਹਾਈ ਕੋਰਟ ਨੇ ਇਹ ਪਟੀਸ਼ਨ ਪ੍ਰਵਾਨ ਕੀਤੀ। ਇਸਦੇ ਖਿਲਾਫ ਸਰਕਾਰ ਨੇ ਸੁਪਰੀਮ ਕੋਰਟ ਵਿਚ ਅਪੀਲ ਕੀਤੀ। ਸਰਕਾਰ ਦੀ ਅਪੀਲ ਦੇ ਹੱਕ ਵਿਚ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਖੜ੍ਹ ਗਈਆਂ। ਸੁਪਰੀਮ ਕੋਰਟ ਨੇ ਫ਼ੈਸਲਾ ਕਰ ਦਿੱਤਾ ਕਿ ਦੇਸ਼ ਦੀ ਰਾਜਨੀਤੀ ਵਿਚ ਅਪਰਾਧੀਕਰਨ ਰੋਕਣ ਲਈ ਹਲਫੀਨਾਮਾ ਜ਼ਰੂਰ ਮੰਗਿਆ ਜਾਵੇ। ਪਰ ਦੇਸ਼ ਦੀਆਂ 22 ਸਿਆਸੀ ਪਾਰਟੀਆਂ ਨੇ ਸਰਬ ਦਲਾਂ ਦੀ ਮੀਟਿੰਗ ਕਰਕੇ ਫੈਸਲਾ ਲਿਆ ਕਿ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਲਾਗੂ ਨਾ ਹੋਣ ਦਿੱਤਾ ਜਾਵੇ। ਸਰਕਾਰ ਨੇ ਜਨ ਪ੍ਰਤੀਨਿੰਧ ਕਾਨੂੰਨ 'ਚ ਸੋਧ ਕਰਕੇ ਇੱਕ ਬਿੱਲ ਪਾਰਲੀਮੈਂਟ 'ਚ ਲਿਆਉਣ ਲਈ ਤਿਆਰ ਕੀਤਾ ਤਾਂ ਕਿ ਸੁਪਰੀਮ ਕੋਰਟ ਦਾ ਫੈਸਲਾ ਲਾਗੂ ਨਾ ਹੋ ਸਕੇ। ਪਰ ਸੋਧ ਬਿੱਲ ਲਿਆਉਣ ਤੋਂ ਪਹਿਲਾਂ ਹੀ ਸੰਸਦ ਭੰਗ ਹੋ ਗਈ। ਸਰਕਾਰ ਨੇ ਇਸ ਸਬੰਧੀ ਆਰਡੀਨੈਂਸ ਜਾਰੀ ਕਰਨ ਲਈ ਰਾਸ਼ਟਰਪਤੀ ਕੋਲ ਭੇਜਿਆ, ਪਰ ਰਾਸ਼ਟਰਪਤੀ ਨੇ ਵਾਪਿਸ ਕਰ ਦਿੱਤਾ। ਸਰਕਾਰ ਨੇ ਦੁਬਾਰਾ ਆਰਡੀਨੈਂਸ ਦਸਤਖਤਾਂ ਲਈ ਭੇਜ ਦਿੱਤਾ ਜਿਸ ਉਤੇ ਰਾਸ਼ਟਰਪਤੀ ਨੂੰ ਦਸਤਖਤ ਕਰਨੇ ਪਏ। ਇਸ ਨਾਲ ਜਨ ਪ੍ਰਤੀਨਿਧ ਕਾਨੂੰਨ 'ਚ ਸੋਧ ਹੋ ਗਈ। ਸੁਪਰੀਮ ਕੋਰਟ ਦਾ ਫੈਸਲਾ ਰੱਦ ਹੋ ਗਿਆ। ਏ ਡੀ ਆਰ ਨੇ ਦੁਬਾਰਾ 2013 ਵਿਚ ਸੁਪਰੀਮ ਕੋਰਟ 'ਚ ਜਨਹਿੱਤ ਪਟੀਸ਼ਨ ਪਾਈ ਅਤੇ ਕਿਹਾ ਕਿ ਜਨ ਪ੍ਰਤੀਨਿੱਧ ਐਕਟ 'ਚ ਜੋ ਸੋਧਾਂ ਕੀਤੀਆਂ ਗਈਆਂ ਹਨ, ਉਹ ਗੈਰ ਸੰਵਧਾਨਿਕ ਹਨ। ਇਹ ਰਿੱਟ ਸੁਪਰੀਮ ਕੋਰਟ 'ਚ ਪ੍ਰਵਾਨ ਹੋ ਗਈ। ਹੁਣ ਦਾਗ਼ੀ ਸਿਆਸਤਦਾਨਾਂ ਨੂੰ ਆਪਣੇ ਵਿਰੁੱਧ ਦਰਜ ਹੋਏ ਅਪਰਾਧਿਕ ਮਾਮਲਿਆਂ ਸਬੰਧੀ ਹਲਫਨਾਮਾ ਦੇਣਾ ਪੈਂਦਾ ਹੈ।

ਅਸਲ ਵਿੱਚ ਤਾਂ ਸਰਕਾਰਾਂ ਅਤੇ ਸਿਆਸੀ ਧਿਰਾਂ ਨੂੰ ਪਾਰਦਰਸ਼ਤਾ ਉਤੇ ਵਿਸ਼ਵਾਸ ਨਹੀਂ ਹੈ। ਉਹ ਹਰ ਹੀਲੇ ਆਪਣੇ ਉਮੀਦਵਾਰ ਜਿਤਾਕੇ ਕੁਰਸੀ ਪ੍ਰਾਪਤ ਕਰਨਾ ਚਾਹੁੰਦੀਆਂ ਹਨ। ਇੱਕ ਰਿਪੋਰਟ ਅਨੁਸਾਰ, 2004 ਵਿੱਚ 25 ਫ਼ੀਸਦੀ ਲੋਕ ਸਭਾ ਮੈਂਬਰ ਇਹੋ ਜਿਹੇ ਸਨ ਜਿਹਨਾਂ ਵਿਰੁੱਧ ਅਪਰਾਧਿਕ ਮਾਮਲੇ ਦਰਜ਼ ਸਨ। ਸਾਲ 2009 ਦੀਆਂ ਚੋਣਾਂ 'ਚ ਇਹ ਗਿਣਤੀ ਵਧਕੇ 30 ਫ਼ੀਸਦੀ, 2014 ਵਿਚ 36 ਫ਼ੀਸਦੀ ਅਤੇ 2019 ਲੋਕ ਸਭਾ ਚੋਣਾਂ 'ਚ ਇਹ ਗਿਣਤੀ 43 ਫ਼ੀਸਦੀ ਹੋ ਗਈ ਹੈ। ਇਹ ਵੇਰਵਾ ਲੋਕ ਸਭਾ ਚੋਣਾਂ 'ਚ ਖੜੇ ਅਤੇ ਜਿੱਤੇ ਉਮੀਦਵਾਰਾਂ ਵਲੋਂ ਦਿੱਤੇ ਹਲਫਨਾਮੇ ਉਤੇ ਅਧਾਰਤ ਹੈ।

ਇਹ ਭਾਰਤ ਦੇਸ਼ ਦੀ ਵਿਡੰਬਨਾ ਹੈ ਕਿ ਦੇਸ਼ ਉਤੇ ਰਾਜ ਕਰਨ ਵਾਲੀ ਕਨੂੰਨਘੜਨੀ ਸਭਾ 'ਚ ਬੈਠੇ ਤਿਲੰਗਾਨਾ ਦੇ ਇਕ ਐਮ ਪੀ ਜਿਸਦਾ ਜਿਸਦਾ ਨਾਮ ਸੋਇਮ ਬਾਪੂ ਰਾਓ ਹੈ, ਦੇ ਆਪਣੇ ਦਿੱਤੇ ਹਲਫਨਾਮੇ ਅਨੁਸਾਰ 52 ਅਪਰਾਧਿਕ ਮਾਮਲੇ ਦਰਜ਼ ਹਨ। ਉਹ ਭਾਰਤੀ ਜਨਤਾ ਪਾਰਟੀ ਨਾਲ ਸਬੰਧ ਰੱਖਦਾ ਹੈ। ਤਿਲੰਗਾਨਾ ਦੇ ਹੀ ਕੋਮਤੀ ਰੈਡੀ ਵੈਕੰਟ ਉਤੇ 14 ਮਾਮਲੇ ਦਰਜ਼ ਹਨ ਜੋ ਕਾਂਗਰਸ ਦਾ ਐਮ ਪੀ ਹੈ। ਕਾਂਗਰਸ ਦੇ ਕੇਰਲਾ ਨਾਲ ਸਬੰਧਤ ਐਮ ਪੀ ਐਡਵੋਕੇਟ ਡੀਨ ਕੁਰੀਆਕੋਸ ਉਤੇ 204 ਅਪਰਾਧਿਕ ਮਾਮਲੇ ਹਨ। ਟੀ.ਆਰ.ਐਸ ਦੇ ਐਮ.ਬੀ.ਬੀ. ਪਾਟਿਲ ਜੋ ਟੀ.ਆਰ.ਐਸ. ਦਾ ਐਮ.ਪੀ. ਹੈ, ਆਪਣੇ ਉਤੇ 18 ਮਾਮਲੇ ਦਰਜ਼ ਕਰਾਈ ਬੈਠਾ ਹੈ। ਹੁਣ ਵਾਲੇ ਲੋਕ ਸਭਾ ਮੈਂਬਰਾਂ ਉਤੇ ਇਕ ਨਹੀਂ ਦਰਜ਼ਨ ਭਰ ਤੋਂ ਵੱਧ ਲੋਕ ਸਭਾ ਮੈਂਬਰਾਂ ਉਤੇ 10 ਤੋਂ ਲੈ ਕੇ ਸੈਂਕੜੇ ਤੱਕ ਮੁਕੱਦਮੇ ਦਰਜ਼ ਹਨ ਅਤੇ ਉਹ ਲਗਭਗ ਦੇਸ਼ ਦੀਆਂ ਹਰੇਕ ਪਾਰਟੀਆਂ ਦੀ ਨੁਮਾਇੰਦਗੀ ਕਰਨ ਵਾਲੇ ਲੋਕ ਸਭਾ ਮੈਂਬਰ ਹਨ। ਅਪਰਾਧਿਕ ਪਿਛੋਕੜ ਵਾਲੇ ਭਾਰਤੀ ਜਨਤਾ ਪਾਰਟੀ ਦੇ 116, ਕਾਂਗਰਸ ਦੇ 29 ਚੁਣੇ ਲੋਕ ਸਭਾ ਦੇ ਮੈਂਬਰ ਸ਼ਾਮਲ ਹਨ। ਇਸ ਤੋਂ ਵੱਡੀ ਨਮੋਸ਼ੀ ਵਾਲੀ ਗੱਲ ਇਹ ਹੈ ਕਿ ਇਹਨਾਂ ਵਿੱਚੋਂ 29 ਫੀਸਦੀ ਉਤੇ ਬਲਾਤਕਾਰ, ਕਤਲ, ਇਰਾਦਾ ਕਤਲ ਜਾਂ ਔਰਤਾਂ ਨਾਲ ਬਦਸਲੂਕੀ ਦੇ ਮਾਮਲੇ ਹਨ।

ਇਹੋ ਜਿਹਾ ਹਾਲ ਸਿਰਫ਼ ਲੋਕ ਸਭਾ ਲਈ ਚੁਣੇ ਮੈਂਬਰਾਂ ਦਾ ਹੀ ਨਹੀਂ ਹੈ, ਸਗੋਂ 22 ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿੱਚ 2556 ਇਹੋ ਜਿਹੇ ਵਿਧਾਨ ਸਭਾ ਮੈਂਬਰ ਹਨ, ਜਿਹੜੇ ਭਾਰਤ ਦੇਸ਼ ਦੀਆਂ ਅਦਾਲਤਾਂ ਵਿੱਚ ਅਪਰਾਧਿਕ ਕੇਸਾਂ ਦਾ ਸਾਹਮਣਾ ਕਰ ਰਹੇ ਹਨ। ਇਹ ਸੂਚਨਾ ਪਿਛਲੇ ਦਿਨਾਂ 'ਚ ਇਕ ਜਨਹਿੱਤ ਪਟੀਸ਼ਨ ਸਬੰਧੀ ਸੁਪਰੀਮ ਕੋਰਟ ਵਿੱਚ ਅਧਿਕਾਰਤ ਤੌਰ ਤੇ ਕੇਂਦਰ ਸਰਕਾਰ ਵਲੋਂ ਦਿੱਤੀ ਗਈ ਹੈ।

ਭਾਰਤ ਦੀ ਸੁਪਰੀਮ ਕੋਰਟ ਦੀ ਇੱਕ ਮਹੱਤਵਪੂਰਨ ਟਿੱਪਣੀ ਇਸ ਸਬੰਧੀ ਪੜ੍ਹਨ ਯੋਗ ਹੈ "ਇਹ ਅਫਸੋਸ ਵਾਲੀ, ਦਿਲ ਦਹਿਲਾਉਣ ਵਾਲੀ ਅਤੇ ਹੈਰਾਨ ਕਰਨ ਵਾਲੀ ਗੱਲ ਹੈ ਕਿ ਹੁਣ ਵਾਲੇ ਪਾਰਲੀਮੈਂਟ ਮੈਂਬਰਾਂ, ਵਿਧਾਨ ਸਭਾ ਮੈਂਬਰਾਂ ਅਤੇ ਸਾਬਕਾ ਮੈਂਬਰਾਂ ਉਤੇ 4442 ਤੋਂ ਵੱਧ ਅਪਰਾਧਿਕ ਮਾਮਲੇ ਹਨ ਅਤੇ ਉਹਨਾਂ ਵਿਚੋਂ ਕੁਝ ਮਾਮਲੇ 1980 ਤੋਂ ਲੰਬਿਤ ਪਏ ਹਨ। ਇਹਨਾਂ ਵਿਚੋਂ ਬਹੁਤ ਸਾਰੇ ਮਾਮਲਿਆਂ 'ਚ ਮੁਢਲੀਆਂ ਰਿਪੋਰਟਾਂ (ਐਫ ਆਈ ਆਰ) ਵੀ ਦਰਜ਼ ਨਹੀਂ ਹੋਈਆਂ, ਜੇਕਰ ਦਰਜ਼ ਵੀ ਹੋਣੀਆਂ ਹਨ ਤਦ ਵੀ ਥਾਣਿਆਂ ਦੀਆਂ ਫਾਈਲਾਂ 'ਚ ਦਫਨ ਪਈਆਂ ਹਨ। ਇਹਨਾਂ ਕੇਸਾਂ ਵਿੱਚੋਂ ਉਤਰ ਪ੍ਰਦੇਸ਼ ਅਤੇ ਬਿਹਾਰ ਦੇ ਕੇਸਾਂ ਦੀ ਗਿਣਤੀ ਵਿਚ ਵੱਡੀ ਹੈ। ਉਤਰ ਪ੍ਰਦੇਸ਼ ਦੇ 1217 ਅਤੇ ਬਿਹਾਰ ਦੇ 531 ਕੇਸ ਹਨ"। ਸੁਪਰੀਮ ਕੋਰਟ ਦੀ ਮੰਗ ਉਤੇ ਇਹ ਜਾਣਕਾਰੀ ਦੇਸ਼ ਦੀਆਂ 24 ਹਾਈ ਕੋਰਟਾਂ ਵਲੋਂ ਮੁਹੱਈਆ ਕੀਤੀ ਗਈ। ਇਹ ਵੀ ਦੱਸਿਆ ਗਿਆ ਕਿ 9 ਸੂਬਿਆਂ- ਆਂਧਰਾ ਪ੍ਰਦੇਸ਼, ਬਿਹਾਰ, ਕਰਨਾਟਕਾ, ਮੱਧ ਪ੍ਰਦੇਸ਼, ਤਾਮਿਲਨਾਡੂ, ਤਿਲੰਗਨਾ, ਉਤਰ ਪ੍ਰਦੇਸ਼, ਪੱਛਮੀ ਬੰਗਾਲ ਅਤੇ ਦਿੱਲੀ 'ਚ 12 ਸਪੈਸ਼ਲ ਅਦਾਲਤਾਂ ਇਹ ਅਪਰਾਧਿਕ ਮਾਮਲਿਆਂ ਦੇ ਨਿਪਟਾਰੇ ਲਈ ਬਣਾਈਆਂ ਗਈਆਂ ਹਨ।

ਸਾਲ 2019 ਵਿੱਚ ਦੇਸ਼ ਦੇ 90 ਕਰੋੜ ਵੋਟਰਾਂ ਨੇ ਲੋਕ ਸਭਾ ਚੋਣਾਂ 'ਚ ਵੋਟ ਪਾਈ। ਇਸ ਚੋਣ ਵਿੱਚ ਹਾਕਮ ਧਿਰ ਭਾਜਪਾ ਵਲੋਂ ਜਿਹੜੇ ਕੁਲ ਉਮੀਦਵਾਰ ਖੜੇ ਕੀਤੇ ਗਏ ਉਹਨਾਂ ਵਿਚੋਂ 40 ਫੀਸਦੀ ਅਤੇ ਕਾਂਗਰਸ ਵਲੋਂ ਜਿਹੜੇ ਉਮੀਦਵਾਰ ਖੜੇ ਕੀਤੇ ਗਏ ਉਹਨਾਂ ਵਿੱਚੋਂ 39 ਫੀਸਦੀ ਅਪਰਾਧਿਕ ਪਿਛੋਕੜ ਵਾਲੇ ਖੜੇ ਕੀਤੇ ਗਏ। ਭਾਵ ਪਾਰਟੀਆਂ ਨੂੰ ਅਪਰਾਧੀਆਂ ਨੂੰ ਚੋਣ ਲੜਾਉਣ ਅਤੇ ਫਿਰ ਜਿਤਾਉਣ ਵਿੱਚ ਵੀ ਕੋਈ ਸੰਕੋਚ ਨਹੀਂ ਹੈ।

ਇਸ ਸਬੰਧ ਵਿੱਚ ਕੁਝ ਸਵਾਲ ਹਨ। ਪਹਿਲਾਂ ਇਹ ਕਿ ਨੇਤਾਵਾਂ ਨੂੰ ਟਿਕਟ ਦੇਣ ਦੇ ਸਬੰਧ ਵਿੱਚ ਸਿਆਸੀ ਦਲ ਦਲੀਲ ਦਿੰਦੇ ਹਨ ਕਿ ਜਨਤਾ ਹੀ ਉਹਨਾਂ ਨੂੰ ਵੋਟ ਦੇ ਕੇ ਜਿਤਾਉਂਦੀ ਹੈ। ਪਰ ਜੇਕਰ ਦਾਗ਼ੀ ਲੋਕਾਂ ਨੂੰ ਟਿਕਟਾਂ ਹੀ ਨਾ ਦਿੱਤੀਆਂ ਜਾਣ ਤਾਂ ਲੋਕ ਉਹਨਾਂ ਨੂੰ ਵੋਟ ਹੀ ਨਹੀਂ ਦੇਣਗੇ।

ਦੂਜਾ ਇਹ ਕਿ ਕੁਝ ਸੰਵੇਦਨਸ਼ੀਲ ਹਲਕਿਆਂ 'ਚ ਪਾਰਟੀਆਂ ਵਲੋਂ ਖੜੇ ਉਪਰਲੇ ਤਿੰਨੋਂ ਉਮੀਦਵਾਰ ਅਪਰਾਧਿਕ ਪਿਛੋਕੜ ਵਾਲੇ ਹੋਣ ਜਿਹੜੇ ਜਿੱਤ ਸਕਦੇ ਹਨ, ਤਾਂ ਵੋਟਰਾਂ ਕੋਲ ਕੋਈ ਬਦਲ ਹੀ ਨਹੀਂ ਬਚਦਾ।

ਉਸਨੇ ਵੋਟ ਤਾਂ ਪਾਉਣੀ ਹੀ ਹੁੰਦੀ ਹੈ। ਵੇਖਣ ਵਿੱਚ ਆਇਆ ਹੈ ਕਿ ਦੇਸ਼ ਵਿੱਚ ਸੰਵੇਦਨਸ਼ੀਲ ਹਲਕਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਪਿਛਲੀਆਂ ਲੋਕ ਸਭਾ ਚੋਣਾਂ 'ਚ ਸੰਵੇਦਨਸ਼ੀਲ ਹਲਕਿਆਂ ਦੀ ਗਿਣਤੀ 45 ਫੀਸਦੀ ਸੀ ਜਦ ਕਿ ਹੁਣੇ ਸੰਪਨ ਬਿਹਾਰ ਵਿਧਾਨ ਸਭਾ ਚੋਣਾਂ 'ਚ ਸੰਵੇਦਨਸ਼ੀਲ ਹਲਕਿਆਂ ਦੀ ਗਿਣਤੀ 89 ਫੀਸਦੀ ਸੀ। ਭਾਵ ਇਹਨਾ ਹਲਕਿਆਂ ਵਿੱਚ ਜਿੱਤਣ ਵਾਲੇ ਮੂਹਰਲੇ ਤਿੰਨ ਵਿਅਕਤੀ ਅਪਰਾਧੀ ਪਿਛੋਕੜ ਵਾਲੇ ਸਨ।

ਤੀਜੀ ਗੱਲ ਇਹ ਕਿ ਭਾਵੇਂ ਵੋਟਰਾਂ ਕੋਲ "ਨੋਟਾ" ਬਟਨ ਦੱਬਣ ਦਾ ਅਧਿਕਾਰ ਹੈ। ਉਹ ਖੜੇ ਉਮੀਦਵਾਰਾਂ ਵਿਚੋਂ ਕਿਸੇ ਨੂੰ ਵੀ ਵੋਟ ਨਹੀਂ ਪਾਉਂਦੇ। ਪਰ ਨੋਟਾ ਦਾ ਬਟਨ ਦੱਬਣ ਵਾਲਿਆਂ ਦੀ ਗਿਣਤੀ ਵਧ ਨਹੀਂ ਰਹੀ। ਸਿੱਟੇ ਵਜੋਂ ਅਪਰਾਧੀ ਪਿਛੋਕੜ ਵਾਲੇ ਦੀ ਹੀ ਚੋਣ ਹੋ ਜਾਂਦੀ ਹੈ। ਉਂਜ ਵੀ ਨੋਟਾ ਕਾਨੂੰਨ ਇਹ ਕਹਿੰਦਾ ਹੈ ਕਿ ਜੇਕਰ ਕਿਸੇ ਖੇਤਰ ਵਿੱਚ 2000 ਵੋਟਰ ਹਨ ਅਤੇ 1999 ਵੋਟਰ ਨੋਟਾ ਦਾ ਬਟਨ ਦਬਾ ਦਿੰਦੇ ਹਨ ਅਤੇ ਇੱਕ ਵੋਟਰ ਇੱਕ ਉਮੀਦਵਾਰ ਨੂੰ ਵੋਟ ਪਾ ਦਿੰਦਾ ਹੈ ਤਾਂ ਉਹੋ ਇਕ ਉਮੀਦਵਾਰ ਜੇਤੂ ਕਰਾਰ ਦਿੱਤਾ ਜਾਏਗਾ। ਸਿਆਸੀ ਪਾਰਟੀਆਂ ਵੀ ਨੋਟਾ ਦੇ ਵਿਰੁੱਧ ਪ੍ਰਚਾਰ ਕਰਦੀਆਂ ਹਨ ਭਾਵੇਂ ਕਿ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਜੇਕਰ ਜ਼ਿਆਦਾ ਤੋਂ ਜ਼ਿਆਦਾ ਲੋਕ ਨੋਟਾ ਨੂੰ ਚੁਣਨਗੇ, ਤਾਂ ਸਿਆਸੀ ਪਾਰਟੀਆਂ ਅੱਛੇ ਲੋਕਾਂ ਨੂੰ ਟਿਕਟ ਦੇਣ ਲਈ ਮਜ਼ਬੂਰ ਹੋਣਗੀਆਂ।

ਮੌਜੂਦਾ ਸਥਿਤੀ ਵਿੱਚ ਇੰਝ ਲਗਦਾ ਹੈ ਕਿ ਕੋਈ ਵੀ ਸਰਕਾਰ ਚੋਣ ਸੁਧਾਰ ਨਹੀਂ ਚਾਹੁੰਦੀ। ਭਾਵੇਂ ਕਿ ਛੋਟੇ ਛੋਟੇ ਸੁਧਾਰਾਂ ਦੀ ਸਰਕਾਰਾਂ ਮਨਜ਼ੂਰੀ ਦੇ ਦਿੰਦੀਆਂ ਹਨ ਕਿਉਂਕਿ ਚੋਣ ਸੁਧਾਰ ਪ੍ਰਤੀ ਕਿਸੇ ਵੀ ਸਿਆਸੀ ਧਿਰ ਦੀ ਦਿਲਚਸਪੀ ਹੀ ਨਹੀਂ ਹੈ।

ਦੇਸ਼ ਦੇ ਚੋਣ ਕਮਿਸ਼ਨ ਵਲੋਂ ਭਾਵੇਂ ਇਹ ਕਿਹਾ ਜਾਂਦਾ ਹੈ ਕਿ ਜਿਸ ਵਿਅਕਤੀ ਵਿਰੁੱਧ ਚੋਣਾਂ ਦੀ ਘੋਸ਼ਨਾ ਤੋਂ ਘੱਟੋ ਘੱਟ ਛੇ ਮਹੀਨੇ ਪਹਿਲਾਂ ਅਪਰਾਧਿਕ ਮਾਮਲਾ ਦਰਜ਼ ਹੋਵੇ, ਜਾਂ ਦਰਜ਼ ਹੋਣ ਜਾਂ ਜਿਹਨਾਂ 'ਚ ਉਸਨੂੰ ਪੰਜ ਸਾਲ ਦੀ ਸਜ਼ਾ ਹੋਈ ਹੋਵੇ ਜਾਂ ਅਦਾਲਤ ਵਲੋਂ ਉਸ ਉਤੇ ਦੋਸ਼ ਤਹਿ ਕਰ ਦਿੱਤੇ ਹੋਣ, ਉਸਨੂੰ ਚੋਣਾਂ ਲੜਨ ਦੀ ਆਗਿਆ ਨਹੀਂ ਮਿਲਣੀ ਚਾਹੀਦੀ। ਇਹ ਮਾਮਲਾ ਅਦਾਲਤਾਂ ਵਿੱਚ ਵੀ ਉਠਿਆ। ਪਰ ਸਿੱਟਾ ਕੋਈ ਨਹੀਂ ਨਿਕਲਿਆ।

ਚੋਣ ਕਮਿਸ਼ਨ ਜਿਹੜਾ ਕਦੇ ਅਜ਼ਾਦ ਚੋਣਾਂ ਕਰਾਉਣ ਲਈ ਮੰਨਿਆ ਜਾਂਦਾ ਸੀ, ਹਾਕਮ ਧਿਰ ਦੀ ਕਠਪੁਤਲੀ ਬਣਕੇ ਰਹਿ ਗਿਆ ਹੈ। ਇਹੋ ਜਿਹੀ ਹਾਲਤ ਵਿੱਚ ਉਸ ਵਲੋਂ ਅਪਰਾਧੀਆਂ ਨੂੰ ਸੰਸਦ ਵਿੱਚ ਜਾਣੋ ਰੋਕਣ ਦੀ ਆਸ ਕਿਵੇਂ ਕੀਤੀ ਜਾ ਰਹੀ ਹੈ?

ਭਾਵੇਂ ਕਿ ਕੁਝ ਬੁੱਧੀਜੀਵੀਆਂ ਦਾ ਇਹ ਤਰਕ ਹੈ ਕਿ ਨਿਆਪਾਲਿਕਾ ਨੂੰ ਇਹ ਅਧਿਕਾਰ ਹੈ ਕਿ ਉਹ ਅਪਰਾਧੀਆਂ ਦੇ ਦਾਖਲੇ ਨੂੰ ਸੰਸਦ ਜਾਂ ਵਿਧਾਨ ਸਭਾਵਾਂ 'ਚ ਜਾਣ ਤੋਂ ਰੋਕੇ ਪਰ ਨਿਆ ਪਾਲਿਕਾ ਕਹਿੰਦੀ ਹੈ ਕਿ ਕਾਨੂੰਨ ਬਨਾਉਣਾ ਜਾਂ ਬਦਲਣਾ ਵਿਧਾਇਕਾਂ ਜਾਂ ਸੰਸਦਾਂ ਦੇ ਅਧਿਕਾਰ ਖੇਤਰ ਵਿੱਚ ਹੈ।

ਅਸਲ ਵਿੱਚ ਜਦ ਤੱਕ ਸਿਆਸੀ ਦਲ, ਦਾਗ਼ੀਆਂ ਨੂੰ ਟਿਕਟਾਂ ਦੇਣੀਆਂ ਬੰਦ ਨਹੀਂ ਕਰਨਗੇ, ਦਾਗ਼ੀਆਂ ਦੇ ਸੰਸਦ 'ਚ ਦਾਖਲਾ ਰੋਕਣ ਸਬੰਧੀ ਕੋਈ ਕਾਨੂੰਨ ਨਹੀਂ ਬਣਾਉਂਦੇ, ਉਦੋਂ ਤੱਕ ਦੇਸ਼ 'ਚ ਨਾ ਤਾਂ ਸਾਫ-ਸੁਥਰੀਆਂ ਚੋਣਾਂ ਕਿਆਸੀਆਂ ਜਾ ਸਕਦੀਆਂ ਹਨ ਅਤੇ ਨਾ ਹੀ ਚੋਣਾਂ 'ਚ ਧਨ ਅਤੇ ਬਲ ਦੀ ਵਰਤੋਂ ਨੂੰ ਰੋਕਿਆ ਜਾ ਸਕਦਾ ਹੈ।

ਤਸੱਲੀ ਵਾਲੀ ਗੱਲ ਇਹ ਦਿਸ ਰਹੀ ਹੈ ਕਿ ਦੇਸ਼ ਦੀ ਸੁਪਰੀਮ ਕੋਰਟ ਨੇ 2019 ਦੀਆਂ ਲੋਕ ਸਭਾ ਚੋਣਾਂ 'ਚ ਕੇਰਲ ਦੇ ਐਨਾਕੁਲਮ ਸੰਸਦੀ ਹਲਕੇ ਤੋਂ ਸਰਿਤਾ ਨਾਇਰ ਦੀ ਨਾਮਜਦਗੀ ਰੱਦ ਕਰਨ ਦੇ ਚੋਣ ਅਧਿਕਾਰੀ ਦੇ ਫੈਸਲੇ ਖਿਲਾਫ ਦਾਇਰ ਅਪੀਲ ਖਾਰਜ਼ ਕਰਦਿਆਂ ਟਿੱਪਣੀ ਕੀਤੀ ਹੈ ਕਿ ਜੇਕਰ ਕਿਸੇ ਅਪਰਾਧਿਕ ਮਾਮਲੇ 'ਚ ਦੋਸ਼ੀ ਠਹਿਰਾਏ ਗਏ ਵਿਅਕਤੀ ਨੂੰ ਦੋ ਸਾਲ ਜਾਂ ਇਸ ਤੋਂ ਵੱਧ ਸਜ਼ਾ ਹੁੰਦੀ ਹੈ ਤੇ ਜੇਕਰ ਉਸ ਦੇ ਦੋਸ਼ ਉਤੇ ਕਿਸੇ ਅਦਾਲਤ ਵਲੋਂ ਸਿੱਧੀ ਰੋਕ ਨਹੀਂ ਲਗਾਈ ਜਾਂਦੀ ਤਾਂ ਅਜਿਹਾ ਵਿਅਕਤੀ ਲੋਕ ਪ੍ਰਤੀਨਿਧ ਕਾਨੂੰਨ ਤਹਿਤ ਚੋਣ ਲੜਨ ਲਈ ਅਯੋਗ ਹੈ।

# ਕਿਸਾਨਾਂ ਲਈ ਸੰਘਰਸ਼ ਨੂੰ ਹੋਰ ਤੇਜ਼ ਕਰਨਾ ਚਾਹੀਦਾ ਹੈ

**ਨਿਊਯਾਰਕ (ਬਿਊਰੋ)**–ਬੀਤੀ 14 ਦਸੰਬਰ ਨੂੰ ਹਰਮੇਸ਼ ਭਾਰ ਸਿੰਘ ਪੁਰੀ ਬਸਪਾ ਆਗੂ ਨੇ ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦਿਆਂ ਕਿਹਾ ਕਿ ਕਿਸਾਨ ਮਜ਼ਦੂਰ ਦਾ ਲੱਗਾ ਹੋਇਆ ਦਿੱਲੀ ਵਿਚ ਮੋਰਚਾ 19ਵੇਂ ਦਿਨ ਵਿਚ ਦਾਖਲ ਹੋ ਚੁੱਕਾ ਹੈ ਪਰ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕਦੀ। ਇਸ ਮੌਕੇ 'ਤੇ ਬਲਵਿੰਦਰ ਭੌਰਾ ਯੂ. ਐਸ. ਏ. ਕਿਰਪ ਸਿੰਘ ਡੱਲੀ ਯੂ. ਐਸ. ਏ., ਗੁਰਦਿਆਲ ਸਿੰਘ ਯੂ. ਐਸ. ਏ. ਬਲਜੀਤ ਭਟੋਆ ਫਿਲੌਰ ਹਾਲ ਵਾਸੀ ਕੈਨੇਡਾ, ਬਲਜੀਤ ਸਿੰਘ ਖਾਲਸਾ ਕੈਨੇਡਾ, ਹਰਬਲਾਸ ਲਾਲੀ ਯੂ. ਐਸ. ਏ. ਨਿਰਮਲ ਸਿੰਘ ਖਾਲਸਾ ਯੂ. ਐਸ. ਏ. ਸਮਰਥਕ ਬੀ. ਐਸ. ਪੀ. ਨੇ ਅੱਗੇ ਕਿਹਾ ਕਿ ਅਸੀਂ ਅੱਜ ਦੇ ਮੌਕੇ ਤੇ ਕਹਿਣਾ ਚਾਹੁੰਦੇ ਹਾਂ ਕਿ ਇਸ ਸੰਘਰਸ਼ ਨੂੰ ਹੋਰ ਤੇਜ਼ ਕਰਨਾ ਪਵੇਗਾ ਕਿਉਂਕਿ ਮੇਰਾ ਵੀ ਪੰਜਾਬ ਦੇ ਅੰਦੋਲਨਾਂ ਵਿਚ ਲੰਮਾ ਤਜਰਬਾ ਹੈ ਕਿਉਂਕਿ ਮੈਂ 1980 ਤੋਂ ਲੈ ਕੇ ਅੱਜ ਤੱਕ ਮੌਕੇ ਦੀਆਂ ਸਰਕਾਰਾਂ ਦੀਆਂ ਨਲਾਇਕੀਆਂ ਨਾਲ ਵਾਹ ਪੇਂਦਾ ਰਿਹਾ ਹੈ। ਇਸ ਕਰਕੇ ਅਸੀਂ ਬਸਪਾ ਪੰਜਾਬ ਯੂਨਿਟ ਨੂੰ ਕਹਿਣਾ ਚਾਹੁੰਦੇ ਹਾਂ ਅਤੇ ਅਪੀਲ ਕਰਦੇ ਹਾਂ ਕਿ ਜਿੱਥੇ ਇਸ ਮੋਰਚੇ ਦਾ ਬਸਪਾ ਲਗਾਤਾਰ ਸਮਰਥਨ ਕਰਦੀ ਆ ਰਹੀ ਹੈ, ਹੁਣ ਕਿਸਾਨ ਮਜ਼ਦੂਰ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਅਤੇ ਕਿਸਾਨ ਮਜ਼ਦੂਰ ਦਾ ਪਿੰਡਾਂ ਵਿਚ ਏਕਾ ਮਜ਼ਬੂਤ ਕਰਨ ਲਈ ਹਰ ਪਿੰਡ ਪੱਧਰ ਤੇ ਕਿਸਾਨ ਯੂਨੀਅਨਾਂ ਦੇ ਨਾਲ ਹਰ ਪਿੰਡ ਦਾ ਬਸਪਾ ਯੂਨਿਟ ਦਿੱਲੀ ਵੱਲ ਆਪਸ ਵਿਚ ਮਿਲ ਕੇ ਵਹੀਰਾਂ ਕਰਨ ਦੀ ਲੋੜ ਹੈ ਕਿਉਂਕਿ ਬੀ. ਜੇ. ਪੀ. ਦੀ ਮੋਦੀ ਸਰਕਾਰ ਲੋਕਤੰਤਰ ਦਾ ਘਾਣ ਕਰ ਰਹੀ ਹੈ। ਜੋ ਨਵੀਂ ਸੰਸਦ ਭਵਨ ਦਾ ਨੀਂਹ ਪੱਥਰ ਰੱਖਿਆ ਹੈ, ਉਸਦਾ ਮਤਲਬ ਹੈ ਕਿ ਮਨੂੰ ਸਿਮਰਤੀ ਮੁਤਾਬਕ ਦੇਸ਼ ਨੂੰ ਚਲਾਉਣਾ ਚਾਹੁੰਦੇ ਹਨ। ਇਸ ਲਈ ਹਰ ਹਾਲਤ ਇਹਨਾਂ ਨੂੰ ਰੋਕਣਾ ਜ਼ਰੂਰੀ ਹੈ। ਇਸ ਮੌਕੇ ਤੇ ਅੱਗੇ ਕਿਹਾ ਕਿ ਅਸੀਂ ਕ੍ਰਾਂਤੀਕਾਰੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਮੰਨਣ ਵਾਲੇ ਹਾਂ ਅਤੇ ਭਗਵਾਨ ਵਾਲਮੀਕ ਜੀ ਨੂੰ ਮੰਨਣ ਵਾਲੇ ਅਤੇ ਬਾਬਾ ਸਾਬਿਹ ਡਾ. ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਮੰਨਣ ਵਾਲੇ ਸਾਰੇ ਹੀ ਨੌਜਵਾਨਾਂ, ਬਜ਼ੁਰਗਾਂ ਅਤੇ ਮਾਤਾਵਾਂ ਨੂੰ ਬੇਨਤੀ ਕਰਦੇ ਹਾਂ ਕਿ ਅੱਜ ਲੋੜ ਹੈ ਆਪਣੇ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਨੂੰ ਬਚਾਉਣ ਦੀ ਤੇ ਖਾਸ ਕਰ ਭਾਰਤ ਦੇ ਸੰਵਿਧਾਨ ਦੀ ਰਾਖੀ ਕਰਨ ਦੀ। ਹੁਣ ਚੁੱਪ ਕਰਕੇ ਬੈਠਣ ਦਾ ਸਮਾਂ ਨਹੀਂ ਹੈ ਅਤੇ ਨਾ ਹੀ ਇਹ ਸੋਚਣ ਦਾ ਸਮਾਂ ਹੈ ਕਿ ਇਹ ਤਾਂ ਕੰਮ ਕਿਸਾਨਾਂ ਦਾ ਹੈ। ਇਹ ਕੰਮ ਸਭ ਦਾ ਹੈ ਤਾਂ ਫਿਰ ਪਛਤਾਉਣ ਦਾ ਫਾਇਦਾ ਨਹੀਂ ਹੋਣਾ। ਹੁਣ ਸੈਂਟਰ ਸਰਕਾਰ ਦੀ ਨਾੜ ਦੱਬੀ ਹੋਈ ਹੈ, ਇਸ ਨੂੰ ਹੋਰ ਦਬਾਅ ਦਿਓ। ਅੱਗੇ ਕਿਹਾ ਕਿ ਮੋਦੀ ਮੀਡੀਆ ਵਾਰ-ਵਾਰ ਇਸ ਅੰਦੋਲਨ ਨੂੰ ਗਲਤ ਪਾਸੇ ਨੂੰ ਮੋੜ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ। ਅਸੀਂ ਧੰਨਵਾਦੀ ਹਾਂ ਪੰਜਾਬੀ ਮੀਡੀਆ ਦੇ ਜੇਕਰ ਇਸੇ ਤਰੀਕੇ ਨਾਲ ਕਿਸਾਨ ਮੋਰਚੇ ਦੀ ਕਮਾਨ ਸੰਭਾਲੀ ਰੱਖੀ ਤਾਂ ਮੋਦੀ ਮੀਡੀਏ ਨੂੰ ਗੋਡਿਆਂ ਭਾਰ ਕਰ ਦੇਵਾਂਗੇ। ਬੀਜੇਪੀ ਪੰਜਾਬ ਦੇ ਲੋਕ ਐਸ. ਸੀ., ਐਸ. ਟੀ., ਓ. ਬੀ. ਸੀ. ਨੂੰ ਵਰਗਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਅਸੀਂ ਬੇਨਤੀ ਕਰਦੇ ਹਾਂ ਕਿ ਬੀਜੇਪੀ ਦੀਆਂ ਗੱਲਾਂ ਵਿਚ ਨਾ ਆ ਕੇ ਆਪਣੇ ਹੱਕਾਂ ਲਈ ਵੱਡੇ ਪੱਧਰ ਤੇ ਦਿੱਲੀ ਵੱਲ ਨੂੰ ਚਾਲੇ ਪਾਉਣੇ ਜ਼ਰੂਰੀ ਹਨ। ਸਰਕਾਰ ਦੀ ਕੀ ਮਜਬੂਰੀ ਹੈ ਕਿ ਤਿੰਨ ਕਾਲੇ ਕਾਨੂੰਨ ਵਾਪਸ ਨਹੀਂ ਲੈ ਰਹੀ। ਲੱਗਦਾ ਤਾਂ ਇਹ ਹੈ ਕਿ ਬੀਜੇਪੀ ਦੀ ਕੇਂਦਰ ਸਰਕਾਰ ਅਤੇ ਆਰ. ਐਸ. ਐਸ. ਕੋਪਰੇਟਿਵ ਘਰਾਣਿਆਂ ਕੋਲ ਗਿਰਵੀ ਹੋ ਚੁੱਕੀ ਹੈ। ਜਿਹੜੇ ਬੀਜੇਪੀ ਦੇ ਲੀਡਰ ਕਿਸਾਨਾਂ ਨੂੰ ਦਲਾਲ ਕਹਿੰਦੇ ਹਨ, ਉਹ ਆਪਣੀ ਮੰਜੀ ਥੱਲੇ ਸੋਟਾ ਫੇਰਨ।

**– ਹਰਮੇਸ਼ ਭਾਰ ਸਿੰਘ ਪੁਰੀ**

# ਪਲਾਹੀ ਤੋਂ 21 ਕਿਸਾਨਾਂ ਦਾ ਜੱਥਾ ਦਿੱਲੀ ਧਰਨੇ ਲਈ ਰਵਾਨਾ



**ਫਗਵਾੜਾ (ਬਿਊਰੋ)**– ਪਿੰਡ ਪਲਾਹੀ ਤੋਂ ਕਿਸਾਨਾਂ ਦੀ ਹਮਾਇਤ ਵਿੱਚ ਸੰਗਤ ਨੇ ਗੁਰਪਾਲ ਸਿੰਘ ਸੱਗੂ ਸਾਬਕਾ ਸਰਪੰਚ, ਸੁਖਵਿੰਦਰ ਸਿੰਘ ਸੱਲ ਅਤੇ ਰਵੀਪਾਲ ਪੰਚ ਦੀ ਅਗਵਾਈ ਵਿੱਚ 21 ਕਿਸਾਨਾਂ ਦਾ ਜੱਥਾ ਸਵੇਰੇ ਸੁਵੱਖਤੇ ਦਿੱਲੀ ਰਵਾਨਾ ਹੋਇਆ। ਇਸ ਸਮੇਂ ਬੋਲਦਿਆਂ ਸਾਬਕਾ ਸਰਪੰਚ ਗੁਰਪਾਲ ਸਿੰਘ ਨੇ ਕਿਹਾ ਕਿ ਮੋਦੀ ਸਰਕਾਰ ਨੂੰ ਤਿੰਨੇ ਖੇਤੀ ਕਾਨੂੰਨ ਰੱਦ ਕਰਨੇ ਚਾਹੀਦੇ ਹਨ ਅਤੇ ਕਾਨੂੰਨਾਂ ਨੂੰ ਨਾ ਰੱਦ ਕਰਨ ਦੀ ਜ਼ਿਦ ਨਹੀਂ ਕਰਨੀ ਚਾਹੀਦੀ ਕਿਉਂਕਿ ਇਹ ਕਾਨੂੰਨ ਕਿਸਾਨਾਂ ਦੇ ਹਿੱਤ ਵਿੱਚ ਨਹੀਂ ਹਨ। ਰਵੀਪਾਲ ਪੰਚ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਨੇ ਕਿਹਾ ਕਿ ਹਰ ਵਰਗਾ ਦੇ ਲੋਕ ਕਿਸਾਨਾਂ ਨਾਲ ਖੜੇ ਹਨ ਅਤੇ ਉਹਨਾ ਦੇ ਹੱਕ ਵਿੱਚ ਲਗਾਤਾਰ ਦਿੱਲੀ ਪੁੱਜ ਰਹੇ ਹਨ। ਇਸ ਸਮੇਂ ਹੋਰਨਾਂ ਤੋਂ ਬਿਨਾਂ ਰਵਿੰਦਰ ਸਿੰਘ ਸੱਗੂ, ਜੱਸੀ ਸੱਲ, ਗੁਰਪਾਲ ਸਿੰਘ ਸੱਗੂ, ਸੁਖਵਿੰਦਰ ਸਿੰਘ ਸੱਲ, ਸਰਬਜੀਤ ਸਿੰਘ ਚਾਨਾ, ਚਰਨਜੀਤ ਸਿੰਘ ਚਾਨਾ ਸਾਬਕਾ ਸਰਪੰਚ, ਅਮਰਜੀਤ ਸਿੰਘ ਸੱਲ, ਪਲਜਿੰਦਰ ਸਿੰਘ ਸੱਲ ਪ੍ਰਧਾਨ ਗੁਰਦੁਆਰਾ ਬਾਬਾ ਟੇਕ ਸਿੰਘ, ਰਸ਼ਪਾਲ ਸਿੰਘ, ਜਸਬੀਰ ਸਿੰਘ ਬਸਰਾ, ਪਰਮਿੰਦਰ ਸਿੰਘ ਸੀਹਰਾ ਬੰਡਾਲਾ, ਗੁਰਪ੍ਰੀਤ ਸਿੰਘ ਚਾਨਾ, ਦਲਬੀਰ ਸਿੰਘ ਧੀਰਾ, ਬਿੰਦਰ ਫੁੱਲ, ਗੁਰਵਿੰਦਰ ਪਲਾਹੀ ਸ਼ਾਮਲ ਹਨ। ਪਿੰਡ ਪਲਾਹੀ ਦੀ ਸੰਗਤ ਵਲੋਂ 75 ਕਿਲੋ ਬਦਾਮ ਗਿਰੀ ਅਤੇ 500 ਕਿਤਾਬਾਂ ਸੰਘਰਸ਼ ਕਰ ਰਹੇ

# ਦਿੱਲੀ ਦੀ ਘੇਰਾਬੰਦੀ 'ਚ ਸਮਾਜਿਕ ਏਕੇ ਦੇ ਮਾਅਨੇ

ਬੰਗਾ ਤੋਂ
ਸੁਰਜੀਤ ਮਜਾਰੀ



ਭਾਰਤ 'ਚ ਭਾਜਪਾ ਭਾਰੂ ਸਰਕਾਰ ਵਲੋਂ ਬਣਾਏ ਨਵੇਂ ਖੇਤੀ ਕਾਨੂੰਨਾਂ ਦਾ ਵਿਰੋਧ ਜੱਗ ਜਾਹਰ ਹੋ ਚੁੱਕਾ ਹੈ। ਪਹਿਲਾਂ ਇਹ ਇਕੱਲਾ ਕਿਸਾਨ ਅੰਦੋਲਨ ਸੀ ਫਿਰ ਇਹ ਕਿਰਤੀ ਕਿਸਾਨ ਸੰਘਰਸ਼ ਬਣ ਗਿਆ। ਉਸ ਵੇਲੇ ਤੋਂ ਅੱਜ ਤੱਕ 'ਕਿਰਤੀ-ਕਿਸਾਨ ਏਕਤਾ ਜ਼ਿੰਦਾਬਾਦ' ਦਾ ਨਾਅਰਾ ਪੂਰਾ ਬੁਲੰਦ ਹੋ ਰਿਹਾ ਹੈ। ਕੇਂਦਰ ਦੀ ਮਨਮਰਜ਼ੀ ਖਿਲਾਫ਼ ਪੰਜਾਬ 'ਚੋਂ ਉੱਠੀ ਬਗਾਵਤ ਅੱਜ ਦੂਜੇ ਰਾਜਾਂ 'ਚ ਵੀ ਪਕੜ ਕਰਦੀ ਜਾ ਰਹੀ ਹੈ। ਪੰਜਾਬ 'ਚ ਲੀਡਰਾਂ ਨੂੰ ਘਰਾਂ 'ਚ ਨਜ਼ਰਬੰਦ ਕਰਨਾ, ਰੇਲਾਂ ਰੋਕਣਾ ਜਾਂ ਫਿਰ ਟੋਲ ਪਲਾਜ਼ਿਆਂ 'ਤੇ ਕਬਜੇ ਕਰਨੇ ਕੋਈ ਛੋਟਾ ਸੰਕੇਤ ਨਹੀਂ ਸੀ। ਜੇਕਰ ਕੇਂਦਰ 'ਚ ਬੈਠੇ ਹਾਕਮਾਂ ਨੇ ਇਸ ਸੰਕੇਤ ਨੂੰ ਹਲਕੇ 'ਚ ਨਾ ਲਿਆ ਹੁੰਦਾ ਤਾਂ ਅੱਜ ਕਿਰਤੀ ਕਿਸਾਨਾਂ ਵਲੋਂ ਦਿੱਲੀ ਦੀ ਘੇਰਾਬੰਦੀ ਨਾਲ ਪੈਦਾ ਹੋਏ ਹਾਲਾਤ ਨਾ ਬਣਦੇ।

ਖੇਤੀ ਬਿੱਲਾਂ ਨੂੰ ਮੁੱਢੋਂ ਰੱਦ ਕਰਾਉਣ ਲਈ ਆਖ਼ਿਰ ਨੂੰ ਦਿੱਲੀ ਦੀ ਘੇਰਾਬੰਦੀ ਦਾ ਐਲਾਨ ਹੋ ਗਿਆ। ਭਾਵੇਂ ਦਿੱਲੀ ਜਾਣੋਂ ਰੋਕਣ ਲਈ ਕੇਂਦਰ ਦੇ ਇਸ਼ਾਰੇ 'ਤੇ ਹਰਿਆਣੇ ਦੀ ਖੱਟੜ ਸਰਕਾਰ ਨੇ ਬੜੀਆਂ ਰੋਕਾਂ ਲਾਈਆਂ ਪਰ ਅੰਦੋਲਨਕਾਰੀਆਂ ਦੀ ਦਲੇਰੀ ਅੱਗੇ ਬੌਣੀਆਂ ਹੋ ਗਈਆਂ। ਦਿੱਲੀ ਪੁੱਜ ਕੇ ਪੰਜਾਬੀਆਂ ਨੇ ਇੱਕ ਵਾਰ ਤਾਂ ਆਪਣੀ ਤਾਕਤ ਦਾ ਜ਼ਬਰਦਸਤ ਪ੍ਰਗਟਾਵਾ ਕਰ ਦਿੱਤਾ। ਫਿਰ ਜਦੋਂ ਦੂਜੇ ਰਾਜਾਂ ਦਾ ਸਾਥ ਰਲ ਗਿਆ ਤੇ ਸਰਹੱਦਾਂ ਤੋਂ ਪਾਰ ਵੀ ਹੁੰਗਾਰਾ ਆਉਣ ਲੱਗਾ ਤਾਂ ਇਸ ਤਰ੍ਹਾਂ ਇਹ ਅੰਦੋਲਨ ਇੱਕ ਲਹਿਰ ਬਣ ਗਿਆ। ਸੁਰਤ ਸੰਭਾਲਨ ਤੋਂ ਲੈ ਕੇ ਇਸ ਤਰ੍ਹਾਂ ਦਾ ਅੰਦੋਲਨ ਨਹੀਂ ਦੇਖਿਆ ਗਿਆ ਐਨੀ ਵਿਉਂਤਬੰਦੀ ਨਾਲ ਕੇਂਦਰ ਸਰਕਾਰ ਦੇ ਘਰ ਜਾ ਕੇ ਤਿੱਖਾ ਵਿਰੋਧ ਕਰਨ ਵਾਲਾ। ਇਹੀ ਕਾਰਨ ਹੈ ਕਿ ਭਾਜਪਾਈ ਬਾਹਰੋਂ ਭਾਵੇਂ ਬਣਾਏ ਕਾਨੂੰਨ ਨੂੰ ਪਹਿਲਾਂ ਸਹੀ ਕਰਾਰ ਦੇ ਰਹੇ ਸਨ ਫਿਰ ਸੋਧ ਕਰਨ ਵੱਲ ਤੁਰ ਪਏ ਤੇ ਵਿੱਚ ਵਿਚਾਲੇ ਅੰਦੋਲਨ ਦਾ ਵਿਰੋਧ ਕਰਨ ਦਾ ਇਸ਼ਾਰਾ ਦੇ ਰਹੇ ਹਨ ਪਰ ਅੰਦਰੋਂ ਕਿਤੇ ਨਾਲ ਕਿਤੇ ਤੇਜ ਹੋਈਆਂ ਧੜਕਣਾਂ ਦੀ ਆਵਾਜ਼ ਜ਼ਰੂਰ ਸੁਣਾਈ ਦੇ ਰਹੀ ਹੈ।

ਇਸ ਅੰਦੋਲਨ ਨਾਲ ਦੇਸ਼ ਅੰਦਰ ਇੱਕ ਸੁਨੇਹਾ ਤਾਂ ਸਪੱਸ਼ਟ ਹੋ ਕੇ ਗਿਆ ਹੈ ਕਿ ਜਦੋਂ ਕਿਸੇ ਧਿਰ ਦੀ ਆਣ ਤੇ ਸ਼ਾਨ 'ਤੇ ਆ ਬਣਦੀ ਹੈ ਤਾਂ ਉਹਨੂੰ ਇਸ ਪੱਧਰ ਦੀ ਤਿਆਰੀ ਨਾਲ ਹੀ ਕੁਰਬਾਨੀ ਦੇਣ ਲਈ ਅੱਗੇ ਆ ਜਾਣਾ ਚਾਹੀਦਾ ਹੈ। ਕਿਸਾਨ ਅੰਦੋਲਨ 'ਚ ਬਾਕੀ ਵਰਗਾਂ ਦਾ ਬਰਾਬਰ ਆ ਖੜ੍ਹਨਾ ਇਸ ਲਈ ਵੀ ਸੰਭਵ ਹੋਇਆ ਕਿ ਉਹਨਾਂ ਦੇ ਮਨਾਂ 'ਚ ਵੀ ਆਪੋ ਆਪਣੇ ਵਰਗਾਂ ਦੇ ਹੱਕਾਂ ਲਈ ਕਿਤੇ ਨਾ ਕਿਤੇ ਰੋਸ ਰੁਕਿਆ ਬੈਠਾ ਸੀ। ਦਰਅਸਲ ਜਦੋਂ ਤੋਂ ਦੇਸ਼ ਅੰਦਰ ਭਾਜਪਾ ਦੀ ਅਗਵਾਈ ਵਾਲਾ ਗੱਠਜੋੜ ਸੱਤਾ 'ਤੇ ਕਾਬਜ਼ ਹੋਇਆ ਹੈ ਵਿਰੋਧੀ ਧਿਰਾਂ ਵਲੋਂ ਇਸ ਨੂੰ ਕੱਟੜਪੰਥੀ ਹੱਥਾਂ 'ਚ ਖੇਡਣ ਦਾ ਦੋਸ਼ ਤਾਂ ਲਾਇਆ ਜਾਂਦਾ ਆ ਰਿਹਾ ਸੀ। ਐਨਾ ਹੀ ਨਹੀਂ ਆਰ ਐਸ ਐਸ ਦੀ ਸ਼ਹਿ 'ਤੇ ਦੇਸ਼ ਦਾ ਭਗਵਾਕਰਨ ਕਰਨ ਦੇ ਸ਼ੰਕੇ ਵੀ ਕੀਤੇ ਜਾ ਰਹੇ ਸੀ। ਪਰ ਇਸ ਦੇ ਵਿਰੋਧ 'ਚ ਲਹਿਰ ਬਣਾਉਣ 'ਚ ਅਸਮਰੱਥ ਰਹੇ। ਹੁਣ ਤਾਂ ਜਦੋਂ ਅੰਡਾਨੀ ਅੰਬਾਨੀ ਹੱਥ ਦੇਸ਼ ਨੂੰ ਗਹਿਣੇ ਰੱਖਣ ਦੀ ਦੁਹਾਈ ਪਾ ਕੇ ਕਿਸਾਨੀ ਮੁੱਦੇ 'ਤੇ ਲੋਕ ਅੱਗੇ ਹੀ ਆ ਗਏ ਤਾਂ ਥੋਹੜੀ ਸਖ਼ਤ ਟੱਕਰ ਹੋਈ ਹੈ। ਮੁੱਦਾ ਈ ਵੀ ਐਮ ਮਸ਼ੀਨਾਂ ਦੀ ਕਮਾਂਡ 'ਚ ਹੇਰ ਫੇਰ ਦਾ ਉਲਾਂਭਾ ਦੇਣ ਤੱਕ ਸੀਮਤ ਨਹੀਂ ਸੀ ਰਹਿਣਾ ਸੀ ਇਹ ਤਾਂ ਇੱਕ ਨਾ ਇੱਕ ਦਿਨ ਅਜਿਹੇ ਅੰਦੋਲਨ ਨਾਲ ਹੀ ਜਵਾਬ ਦਿੱਤਾ ਜਾਣਾ ਸੀ। ਇਹੀ ਕਾਰਨ ਹੈ ਕਿ ਅੱਜ ਇਸ ਅੰਦੋਲਨ ਨੂੰ ਸਾਰੇ ਵਰਗਾਂ ਦੀ ਹਮਾਇਤ ਮਿਲਣੀ ਸ਼ੁਰੂ ਹੋ ਗਈ ਹੈ।



ਇਸ ਅੰਦੋਲਨ ਦਾ ਸਿਆਸਤ ਰਹਿਤ ਰਹਿਣਾ ਵੀ ਇਸ ਦੀ ਹੁਣ ਤੱਕ ਦੀ ਸਫ਼ਲਤਾ ਦਾ ਰਾਜ ਬਣਿਆ। ਇਸ ਲਈ ਕਿਸਾਨ ਜੱਥੇਬੰਦੀਆਂ ਦੀ ਪਾਰਦਰਸ਼ੀ ਅਗਵਾਈ ਵਧਾਈ ਦੀ ਹੱਕਦਾਰ ਹੈ। ਜਿਸ ਤਰ੍ਹਾਂ ਕਿਸਾਨ ਜੱਥੇਬੰਦੀਆਂ ਦੇ ਆਗੂਆਂ ਨੇ ਇੱਕਜੁਟਤਾ ਦਾ ਪ੍ਰਗਟਾਵਾ ਕਰਦਿਆਂ ਆਪਣੀ ਗੱਲ ਸਿਰਫ ਤਾਂ ਸਿਰਫ਼ ਖੇਤੀ ਵਿਰੋਧੀ ਕਾਨੂੰਨ ਵਾਪਸ ਕਰਨ ਤੱਕ ਹੀ ਸੀਮਤ ਰੱਖੀ ਹੋਈ ਹੈ। ਇਸ ਰੁੱਖ ਅੱਗੇ ਨਿਮਦਿਆਂ ਸਿਆਸੀ ਪਾਰਟੀਆਂ ਨੂੰ ਆਪਣੇ ਝੰਡੇ ਛੱਡ ਕੇ ਕਿਸਾਨੀ ਅੰਦੋਲਨ ਦਾ ਸਾਥ ਦੇਣਾ ਪਿਆ। ਐਨਾ ਹੀ ਨਹੀਂ ਪਾਰਟੀਆਂ ਦੇ ਆਗੂਆਂ ਨੂੰ ਸਟੇਜਾਂ ਤੇ ਬੋਲਣ ਤੋਂ ਵਿਰਵੇ ਹੋ ਕੇ ਪੰਡਾਲਾਂ 'ਚ ਚੌਂਕੜੀਆਂ ਮਾਰਨੀਆਂ ਪਈਆਂ। ਇਸ ਤੋਂ ਵੱਡਾ ਸਿਆਸੀ ਹਲੂਣਾ ਭਲਾ ਕੀ ਹੋ ਸਕਦਾ ਹੈ ਕਿ ਪੰਜਾਬ 'ਚ ਭਾਜਪਾ ਨਾਲ ਨਹੂੰ ਮਾਸ ਦਾ ਰਿਸ਼ਤਾ ਰੱਖਣ ਵਾਲੇ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਤੋੜ ਵਿਛੋੜਾ ਕਰਕੇ ਮੈਦਾਨ 'ਚ ਔਣਾ ਪਿਆ।

ਪੰਜਾਬ ਦੇ ਸੱਤਾਧਾਰੀ ਕੈਪਟਨ ਸਰਕਾਰ ਨੇ ਵੀ ਵਿਧਾਨ ਸਭਾ 'ਚ ਇਹਨਾਂ ਬਿੱਲਾਂ ਖਿਲਾਫ਼ ਅੱਖਾਂ ਦਿਖਾਈਆਂ। ਹੁਣ ਜਦੋਂ ਕੇਂਦਰ ਸਰਕਾਰ 'ਤੇ ਦਿਨੋਂ ਦਿਨ ਕਿਸਾਨ ਅੰਦੋਲਨ ਦੌਰਾਨ ਖੇਤੀ ਕਾਨੂੰਨ ਵਾਪਸ ਲੈਣ ਦਾ ਜ਼ੋਰ ਵੱਧ ਰਿਹਾ ਹੈ ਉਸ ਤੋਂ ਇਸ ਦੀ ਸਫ਼ਲਤਾ ਦਾ ਮਾਹੌਲ ਬਣ ਰਿਹਾ ਹੈ। ਅੰਦੋਲਨ ਕਿੰਨਾ ਕੁ ਸਫ਼ਲ ਹੁੰਦਾ ਹੈ ਇਹ ਤਾਂ ਸਮਾਂ ਹੀ ਦੱਸੇਗਾ ਪਰ ਇੱਕ ਪੱਖ ਜਿਹੜਾਂ ਅੰਦੋਲਨਕਾਰੀਆਂ ਤੇ ਅੰਦੋਲਨ ਦੇ ਹਮਾਇਤੀਆਂ ਦੇ ਵੱਸ 'ਚ ਹੈ ਕਿ ਅੰਦੋਲਨ ਤੋਂ ਵਾਪਸੀ ਸਮੇਂ ਸਮਾਜਿਕ ਸਾਂਝ ਦਾ ਸੁਨੇਹਾ ਇਸ ਤਰ੍ਹਾਂ ਹੀ ਕਾਇਮ ਰਹਿਣਾ ਚਾਹੀਦਾ ਹੈ ਜਿਸ ਨਾਲ ਦੇਸ਼ ਅੰਦਰ ਇੱਕ ਵੱਡੇ ਪ੍ਰੀਵਰਤਨ ਦਾ ਨਵਾਂ ਮੁੱਢ ਬੱਝੇਗਾ।

---

## ਪਰਗਾ



ਅਮਰ ਗਰਗ ਕਲਮਦਾਨ
91-98143-41746

ਨੌਂ ਵੱਜਣ ਵਾਲੇ ਸਨ, ਕਾਲਜ ਵਿੱਚ ਚਹਲ-ਪਹਲ ਵੱਧਣ ਲੱਗ ਪਈ ਸੀ, ਸਿਮਰਨ ਨੇ ਆਪਣੀ ਸਕੂਟਰੀ ਖੜੀ ਕੀਤੀ, ਹੈਲਮਟ ਜਮ੍ਹਾਂ ਕਰਵਾਇਆ, ਤੇਜ਼ੀ ਨਾ਼ਲ ਜਮਾਤ ਵੱਲ ਤੁਰ ਪਈ। ਕੁਝ ਵਿਦਿਆਰਥੀ ਪਹਿਲਾਂ ਹੀ ਪਹੁੰਚੇ ਹੋਏ ਸਨ। ਬੋਰਡ ਉੱਪਰ ਵੱਡੇ ਅੱਖਰਾਂ ਚ ਲਿਖਿਆ ਸੀ, (ਪੀ.ਆਰ.ਜੀ.ਏ)-ਪਰਗਾ। ਅਧਿਆਪਕ ਆਏ ਇੱਕੋਂ ਦਮ-ਨਜ਼ਰ ਬੋਰਡ ਉੱਪਰ ਗਈ। ਰਾਜਨੀਤੀ ਵਿੱਚ ਜਗਿਆਸੂ ਪ੍ਰਾਵਿਰਤੀ ਹੋਣ ਕਾਰਨ ਅਧਿਆਪਕ ਨੇ ਵਿਦਿਆਰਥੀਆਂ ਤੋਂ ਪੁੱਛ ਲਿਆ, "ਇਸਦਾ ਕੀ ਮਤਲਬ ਹੈ?"

ਇੱਕ ਵਿਦਿਆਰਥੀ ਦੀਪ ਸਿੰਘ ਖੜ੍ਹਾ ਹੋਇਆ ਕਹਿਣ ਲੱਗਾ,"ਸਰ ਜੀ! ਚੰਗਾ ਹੋਵੇਗਾ ਜੇਕਰ ਤੁਸੀਂ ਡੀ.ਆਰ ਸਿਮਰਨ ਤੋਂ ਪੁੱਛੋ। "ਅਧਿਆਪਕ ਨੇ ਸਿਮਰਨ ਤੋਂ ਪੁੱਛਿਆ,"ਸਿਮਰਨ ਤੁਸੀਂ ਦੱਸੋ, ਇਸਦਾ ਕੀ ਮਤਲਬ ਹੈ?" ਸਿਮਰਨ ਖੜੀ ਹੋਈ ਅਤੇ ਕਹਿਣ ਲੱਗੀ, "ਨਾਂ ਤਾਂ ਮੈਂ ਇਹ ਲਿਖਿਆ ਹੈ, ਅਤੇ ਨਾ ਹੀ ਮੈਨੂੰ ਇਸਦਾ ਮਤਲਬ ਪਤਾ ਹੈ।" ਹੁਣ ਅਧਿਆਪਕ ਨੇ ਪਹਿਲਾਂ ਵਾਲੇ ਵਿਦਿਆਰਥੀ ਤੋਂ ਦੁਬਾਰਾ ਪੁੱਛਿਆ। ਦੀਪ ਖੜਾ ਹੋਇਆ ਅਤੇ ਉਸਨੇ ਸੱਚ ਬੋਲਣਾ ਹੀ ਸਹੀ ਸਮਝਿਆ, ਕਹਿਣ ਲੱਗਾ, "ਸਰ ਜੀ! ਇਹ ਮੈਂ ਲਿਖਿਆ ਹੈ, ਇਹ ਰਾਜਨੀਤੀ ਸ਼ਾਸਤਰ ਦੀ ਜਮਾਤ ਹੈ, ਜਿਸ ਰਾਜਨੀਤੀ ਦਾ ਸਿੱਧਾ ਸਾਡੇ ਤੇ ਅਸਰ ਪੈਂਦਾ ਹੈ, ਸਾਨੂੰ ਬੁੱਧੂ ਸਮਝਿਆ ਜਾਂਦਾ ਹੈ, ਸਾਡੇ ਅਰਮਾਨਾ ਨਾ਼ਲ ਖੇਡਕੇ ਆਪਣੇ ਹਿੱਤ ਪੂਰੇ ਜਾਂਦੇ ਹਨ, ਮੈਂ ਉਸਨੂੰ ਨੰਗਾ ਕਰ ਰਿਹਾ ਹਾਂ, ਮੈਂ ਸਿਮਰਨ ਦਾ ਨਾਮ ਇਸ ਕਰਕੇ ਲੈ ਦਿੱਤਾ, ਕਿਉਂਕਿ ਇਸਦਾ ਸਬੰਧ ਸਿਮਰਨ ਨਾ਼ਲ ਹੈ ਇਹ ਗੱਲ ਨਿੱਜੀ ਨਾ ਹੋ ਕੇ, ਪਹਿਲਾਂ ਹੀ ਲੋਕਾਂ ਵਿੱਚ ਆ ਚੁੱਕੀ ਹੈ, ਹੁਣ ਮੈਂ ਇਸਦਾ ਮਤਲਬ ਦੱਸ ਰਿਹਾ ਹਾਂ, ਮੈਨੂੰ ਇਹ ਵੀ ਆਸ ਹੈ, ਸਿਮਰਨ ਵੀ ਮੇਰੇ ਤਰਕ ਨਾ਼ਲ ਸਹਿਮਤ ਹੋਵੇਗੀ, ਇਸਦਾ ਮਤਲਬ ਹੈ "ਪਰਾਈਜ਼ ਰਿਟਰਨਿੰਗ ਗੈਂਗ ਅਗੇਨ।"

ਸਿਮਰਨ ਖੜੀ ਹੋਈ ਕਹਿਣ ਲੱਗੀ,"ਸਰ ਜੀ! ਮੈਨੂੰ ਦੀਪ ਪ੍ਰਤੀ ਕੋਈ ਗਿਲਾ ਸ਼ਿਕਵਾ ਨਹੀਂ ਹੈ, ਜੇ ਉਹ ਮੇਰਾ ਨਾਮ ਨਾ ਵੀ ਲੈਂਦਾ, ਜਦੋਂ ਗੱਲ ਮੇਰੇ ਪਿਤਾ ਨਾ਼ਲ ਜੁੜੀ ਹੋਈ ਹੈ, ਤਾਂ ਮੇਰਾ ਨਾਂ ਤਾਂ ਵਿੱਚ ਆ ਹੀ ਜਾਣਾ ਸੀ, ਹੁਣ ਮੈਂ ਆਪ ਜੀ ਨੂੰ ਇਹ ਕਹਿਣਾ ਚਾਹੁੰਦੀ ਹਾਂ ਕਿ ਅੱਜ ਇਸ ਮਸਲੇ ਤੇ ਖੁੱਲ੍ਹ ਕੇ ਚਰਚਾ ਹੋ ਜਾਵੇ, ਜਦੋਂ ਮੇਰੇ ਪਿਤਾ ਜੀ ਦੀ ਕੋਈ ਗਤੀਵਿਧੀ, ਕੋਈ ਲਿਖਤ ਨਿੱਜੀ ਨਹੀਂ ਹੈ ਤਾਂ ਉਸ ਤੇ ਚਰਚਾ ਹੋਣੀ ਹੀ ਚਾਹੀਦੀ ਹੈ।"

ਅਧਿਆਪਕ ਕਹਿਣ ਲੱਗੇ,"ਜਦੋਂ ਇਹ ਵਿਸ਼ਾ ਦੀਪ ਤੋਂ ਸ਼ੁਰੂ ਹੋਇਆ ਹੈ, ਤਾਂ ਇਸ ਉੱਪਰ ਚਰਚਾ ਦਾ ਆਰੰਭ ਵੀ ਇਹੋ ਕਰੇਗਾ, ਨਿੱਜੀ ਹਮਲੇ ਤੋਂ ਗੁਰੇਜ ਕਰਨਾ ਹੈ।"

ਦੀਪ ਬੋਲਿਆ, "ਸਿਮਰਨ ਮੇਰੀ ਇੱਕ ਸੱਚੀ ਮਿੱਤਰ ਹੈ, ਉਸਦੇ ਖੁੱਲ੍ਹੇ ਵਿਚਾਰਾਂ ਦੀ ਮੈਂ ਕਦਰ ਕਰਦਾ ਹਾਂ, ਇਨਾਮ ਵਾਪਸੀ ਦੇ ਸਬੰਧ ਵਿੱਚ ਮੈਂ ਤਾਂ ਇਹੋ ਕਹਿਣਾ ਚਾਹੁੰਦਾ ਹਾਂ, ਕੁਝ ਬੁੱਧੀਜੀਵੀ, ਲੇਖਕ ਜਾਂ ਯੂਨਿਵਰਸਿਟੀਆਂ ਨਾ਼ਲ ਜੁੜੇ ਹੋਏ ਚਲਾਕ ਦਿਮਾਗ ਪ੍ਰੋਫੈਸਰ ਪਹਿਲਾਂ ਤਾਂ ਕੇਂਦਰੀ ਸਰਕਾਰ ਜਾਂ ਰਾਜ ਸਰਕਾਰਾਂ ਤੋਂ ਇਨਾਮ ਪ੍ਰਾਪਤ ਕਰਦੇ ਹਨ, ਇਨਾਮਾਂ ਦੇ ਨਾ਼ਲ ਉਹ ਵੱਡੀਆਂ-ਵੱਡੀਆਂ ਧਨ ਰਾਸ਼ੀਆਂ ਵੀ ਪ੍ਰਾਪਤ ਕਰਦੇ ਹਨ, ਫੇਰ ਉਹ ਉਨ੍ਹਾਂ ਇਨਾਮਾਂ ਦੀ ਛੁਰੀ ਬਣਾ ਲੈਂਦੇ ਹਨ ਅਤੇ ਭਾਰਤ ਮਾਤਾ ਦੀ ਪਿੱਠ ਵਿੱਚ ਮਾਰਦੇ ਹਨ। ਭਾਰਤ ਇੱਕ ਲੋਕਤਾਂਤ੍ਰਿਕ ਦੇਸ਼ ਹੈ, ਕਿਸੇ ਵੀ ਲੋਕਤਾਂਤ੍ਰ ਵਿੱਚ ਮਸਲੇ ਪੈਦਾ ਹੁੰਦੇ ਹਨ। ਕੀ ਕਦੇ ਚੀਨ ਵਿੱਚ ਕੋਈ ਰੈਲੀ ਜਾਂ ਮੁਜ਼ਾਹਰਾ ਦੇਖਿਆ ਹੈ? ਮਸਲਿਆਂ ਦੇ ਨਾ਼ਲ ਅੰਦੋਲਨ ਵੀ ਚੱਲਦੇ ਹਨ, ਸੰਵਾਦ ਹੁੰਦਾ ਹੈ ਤੇ ਸਮਾਧਾਨ ਵੀ ਨਿਕਲਦੇ ਹਨ। ਇਨਾਮ ਵਾਪਸੀ ਗੈਂਗ ਦੀ ਇਹ ਚਾਲ ਹੈ ਕਿ ਅੰਦੋਲਨ ਚੱਲ ਰਿਹਾ ਹੈ, ਮਸਲਾ ਭਖਿਆ ਹੋਇਆ ਹੈ, ਜਦੋਂ ਇਨਾਮ ਵਾਪਿਸ ਤਾਂ ਹੋਣੇ ਨਹੀਂ, ਫੇਰ ਕਿਉਂ ਨਾ ਵਹਿੰਦੀ ਗੰਗਾ ਵਿੱਚ ਹੱਥ ਧੋ ਲਏ ਜਾਣ। ਉਹ ਇਨਾਮ ਵਾਪਸੀ ਦਾ ਸੁੰਦਰ ਨਾਟਕ ਕਰਦੇ ਹਨ, ਅਖਬਾਰਾਂ ਦੀਆਂ ਸੁਰਖੀਆਂ ਬਣਦੇ ਹਨ। ਜੇਕਰ ਕੋਈ ਵਿਅਕਤੀ ਸੱਚਮੁੱਚ ਇਨਾਮ ਵਾਪਸ ਕਰਨਾ ਚਾਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਇਨਾਮ ਦੇ ਨਾ਼ਲ ਮਿਲੀ ਰਾਸ਼ੀ ਪ੍ਰਧਾਨ ਮੰਤਰੀ ਰਿਲੀਫ਼ ਫੰਡ ਵਿੱਚ ਜਮ੍ਹਾਂ ਕਰਵਾਵੇ।" ਇੱਕ ਵਿਦਿਆਰਥਣ ਸੁਹਾਨੀ ਬੋਲੀ, "ਇਹ ਪਰਗਾ ਗੈਂਗ ਦੇ ਵਿਅਕਤੀਆਂ ਨੂੰ ਭੋਰਾ ਵੀ ਸ਼ਰਮ ਨਹੀਂ ਆਉਂਦੀ, ਇੱਕ ਵੱਡੇ ਲਿਖਾਰੀ ਨੇ ਤਾਂ ਇਨਾਮ ਦੋ ਵਾਰ ਵਾਪਿਸ ਕਰ ਦਿੱਤਾ, ਲੋਕਤਾਂਤ੍ਰ ਹੈ ਮਸਲੇ ਤਾਂ ਪੈਦਾ ਹੁੰਦੇ ਰਹਿਣਗੇ ਅਤੇ ਗੈਂਗ ਦੇ ਲੋਕ ਵਾਰੀ-ਵਾਰੀ ਕਾਗਜਾਂ ਵਿੱਚ ਇਨਾਮ ਵਿਪਾਸ ਕਰਦੇ ਰਹਿਣਗੇ। ਇਨ੍ਹਾਂ ਤੋਂ ਸੱਚਮੁੱਚ ਇਨਾਮ ਵਿਪਾਸ ਲੈ ਲੈਣੇ ਚਾਹੀਦੇ ਹਨ ਤਾਂ ਕਿ ਇਹ ਪ੍ਰਥਾ ਬੰਦ ਹੋ ਜਾਵੇ।"

ਇੱਕ ਹੋਰ ਵਿਦਿਆਰਥਣ ਦਿਵਿਆ ਬੋਲੀ, "ਯੂਨਿਵਰਸਿਟੀ ਵਿੱਚ ਖੁੱਲ੍ਹੇ ਗੱਫੇ ਲੈਂਦੇ ਇੱਕ ਅਧਿਆਪਕ ਨੇ ਤਾਂ ਹੱਦ ਹੀ ਕਰ ਦਿੱਤੀ, ਪਹਿਲਾਂ ਆਪ ਨੂੰ ਮਿਲੇ ਇਨਾਮ ਵਾਪਸੀ ਦੀ ਘੋਸ਼ਣਾ ਕਰ ਦਿੱਤੀ, ਇੱਕ ਹਫ਼ਤੇ ਬਾਅਦ ਆਪਣੀ ਪਤਨੀ ਨੂੰ ਸਾਹਿਤਕ ਅਵਾਰਡ ਦਵਾ ਦਿੱਤਾ, ਹੈਰਾਨੀ ਦੀ ਗੱਲ ਤਾਂ ਇਹ ਹੈ, ਉਹ ਉਸੇ ਬੋਰਡ ਦਾ ਮੈਂਬਰ ਵੀ ਸੀ, ਜਿਸਨੇ ਐਵਾਰਡ ਦੇਣ ਦੀ ਚੋਣ ਕੀਤੀ ਸੀ।"

ਇੱਕ ਵਿਦਿਆਰਥੀ ਹਰਮਨ ਬੋਲਿਆ, "ਕਿਸਾਨ ਅੰਦੋਲਨ ਵਿੱਚ ਝੂਠ ਅਤੇ ਦੋਹਰਾਪਨ ਬੁਰੀ ਤਰਾਂ ਘੁੱਸ ਚੁੱਕਾ ਹੈ, ਇਨਾਮ ਵਾਪਸੀ ਗੈਂਗ ਦੀ ਕਾਰੀਗਰੀ ਤਾਂ ਸਾਡੇ ਸਾਹਮਣੇ ਆ ਚੁੱਕੀ ਹੈ, ਇੱਕ ਵੱਡੇ ਕਿਸਾਨ ਹਿਤੈਸ਼ੀ ਦੀ ਇੱਕ ਵੱਡੀ ਕੰਪਨੀ ਐਸ.ਐਗਰੋ ਹੈ, ਜਿਹੜੀ ਦੂਜੇ ਰਾਜਾਂ ਚੋਂ ਘੱਟ ਕੀਮਤ ਉੱਪਰ ਕਣਕ ਅਤੇ ਚਾਵਲ ਖਰੀਦ ਕੇ ਪੰਜਾਬ ਵਿੱਚ ਐਮ.ਐਸ.ਪੀ ਤੇ ਬੇਚਦੀ ਹੈ। ਇੱਕ ਹੋਰ ਗੱਲ ਸਾਹਮਣੇ ਆਈ ਹੈ, ਕਿਸਾਨ ਯੂਨੀਅਨ ਨੇ ਆਪਣੇ ਮੰਗ ਪੱਤਰ ਵਿੱਚ 2020 ਦਿੱਲੀ ਦੰਗਿਆਂ ਦੇ ਮੁਜ਼ਰਿਮਾਂ ਅਤੇ ਬਾਰਬਰਾ ਰਾਓ ਨੂੰ ਛੱਡਣ ਦੀ ਗੱਲ ਆਖੀ ਹੈ, ਕਿਸਾਨ ਅੰਦੋਲਨ ਨੂੰ ਨਕਸਲਵਾੜਈਆਂ ਨੇ ਹਾਈਜੈਂਕ ਕਰ ਲਿਆ ਹੈ, ਨਕਸਲਵਾੜੀਆਂ ਦਾ ਅਸਲੀ ਪ੍ਰੋਗਰਾਮ ਸਮਾਜਵਾਦ ਹੈ, ਜਿਸ ਵਿੱਚ ਜਮੀਨਾਂ ਦੀ ਨਿੱਜੀ ਮਾਲਕੀ ਖਤਮ ਹੋ ਜਾਂਦੀ ਹੈ।"

ਇੱਕ ਵਿਦਿਆਰਥੀ ਸੁਰਿੰਦਰ ਉਠਿਆ ਕਹਿਣ ਲੱਗਾ, "ਮੈਨੂੰ ਹਰਮਨ ਦੀ ਗੱਲ ਉੱਪਰ ਸਖ਼ਤ ਇਤਰਾਜ਼ ਹੈ। ਕਿਸਾਨ ਅੰਦੋਲਨ ਆਪਣੇ ਪੈਰਾਂ ਤੇ ਚੱਲ ਰਿਹਾ ਹੈ। ਐਸ.ਐਗਰੋ ਵਾਲਿਆਂ ਨੂੰ ਤਾਂ ਉੱਥੇ ਖੰਗਣ ਵੀ ਨਹੀਂ ਦਿੱਤਾ ਜਾਂਦਾ। ਇਹ ਅੰਦੋਲਨ ਪੂਰੀ ਤਰਾਂ ਗੈਰ-ਰਾਜਨੀਤਿਕ ਹੈ, ਭਾਵੇਂ ਨਕਸਲਵਾੜੀ ਆਪਣੀ ਰੋਟੀ ਸੇਕਣਾ ਚਾਹੁੰਦੇ ਹੋਣ, ਪਰ ਮੁੱਖ ਮੁੱਦਾ ਤਾਂ ਕਿਸਾਨੀ ਮੰਗਾਂ ਹਨ।"

ਅਧਿਆਪਕ ਬੋਲਿਆ,"ਹੁਣ ਆਖਰੀ ਬੁਲਾਰਾ ਗੋਗੀ ਹੈ।" ਗੋਗੀ ਬੋਲਿਆ,"ਇਨਾਮ ਵਾਪਸੀ ਗੈਂਗ ਦੇ ਝੂਠੇ ਕਾਰਨਾਮੇ ਨਾ਼ਲ ਅੰਤਰ ਰਾਸ਼ਟਰੀ ਬਿਰਾਦਰੀ ਵਿੱਚ ਦੇਸ਼ ਦੇ ਮਾਨ ਅਤੇ ਪ੍ਰਤਿਸਠਾ ਨੂੰ ਭੇਰੀ ਠੇਸ ਪਹੁੰਚਦੀ ਹੈ। ਇਨਾਮ ਵਾਪਿਸ ਕਰਨ ਵਾਲਾ ਕੋਈ ਮਜ਼ਦੂਰ ਜਾਂ ਕਿਸਾਨ ਨਹੀਂ ਹੁੰਦਾ ਉਹ ਤਾਂ ਵੱਡੇ-ਵੱਡੇ ਅਹੁਦਿਆਂ ਤੇ ਬੈਠੇ ਹਨ, ਜਾਂ ਵੱਡੀਆਂ-ਵੱਡੀਆਂ ਪੈਨਸ਼ਨਾਂ ਲੈਂਦੇ ਹਨ। ਸਰਕਾਰ ਨੂੰ ਹੁਣ ਇੱਕ ਕਾਨੂੰਨ ਬਣਾਉਣਾ ਚਾਹੀਦਾ ਹੈ, ਜੇਕਰ ਕੋਈ ਇਨਾਮ ਪ੍ਰਾਪਤ ਵਿਅਕਤੀ ਆਪਣੇ ਕਿਸੇ ਕਾਰਨਾਮੇ ਨਾ਼ਲ ਦੇਸ਼ ਦੀ ਪ੍ਰਤਿਸ਼ਠਾ ਅਤੇ ਮਾਨ ਨੂੰ ਠੇਸ ਪਹੁੰਚਾਉਂਦਾ ਹੈ, ਤਾਂ ਉਸਨੂੰ ਦਿੱਤੇ ਇਨਾਮ ਅਤੇ ਰਾਸ਼ੀ ਨੂੰ ਵਾਪਿਸ ਲੈ ਕੇ ਅਪਾਹਜ਼ ਮਜ਼ਦੂਰਾਂ ਅਤੇ ਕਿਸਾਨਾਂ ਵਿੱਚ ਵੰਡ ਦੇਣੀ ਚਾਹੀਦੀ ਹੈ।"

ਹੁਣ ਸਿਮਰਨ ਅਧਿਆਪਕ ਤੋਂ ਸਮਾਂ ਲੈ ਕੇ ਬੋਲੀ, "ਮੈਨੂੰ ਕਿਸੇ ਵੀ ਵਕਤਾ ਨਾਲ ਕੋਈ ਰੰਜਸ਼ ਨਹੀਂ ਹੈ, ਸਗੋਂ ਮੈਨੂੰ ਤਾਂ ਇਨ੍ਹਾਂ ਵਕਤਾਵਾਂ ਦੀ ਬੇਵਾਕੀ ਨਾ਼ਲ ਮਨ ਨੂੰ ਸੰਤੁਸ਼ਟੀ ਪ੍ਰਾਪਤ ਹੋਈ ਹੈ, ਹੁਣ ਅਸਲੀ ਸੰਘਰਸ਼ ਤਾਂ ਮੇਰਾ ਮੇਰੇ ਪਾਪਾ, ਤੀਹ ਕਿਤਾਬਾਂ ਲਿਖਣ ਵਾਲੇ ਉੱਘੇ ਸਾਹਿਤਕਾਰ ਸ਼੍ਰੀ ਹਰਜੀਤ ਸਿੰਘ ਸ਼ਾਤਰ ਨਾ਼ਲ ਚੱਲਣਾ ਹੈ, ਮੈਂ ਆਪਣੇ ਦੋਸਤਾਂ ਦਾ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਮੈਨੂੰ ਸੱਚ ਤੇ ਖੜ੍ਹੇ ਹੋਣ ਦਾ ਬਲ ਦਿੱਤਾ ਹੈ।"

ਸਿਮਰਨ ਘਰ ਪਹੁੰਚੀ, ਮੰਮਾ ਨੇ ਖਾਣਾ ਖਾਣ ਲਈ ਕਿਹਾ, ਪਰ ਸਿਮਰਨ ਥੋੜਾ ਗੁੱਸੇ ਚ ਬੋਲੀ, ਉਹ ਪਾਪਾ ਨਾ਼ਲ ਇੱਕ ਜ਼ਰੂਰੀ ਗੱਲ ਕਰਕੇ ਹੀ ਖਾਵੇਗੀ।" ਪਾਪਾ ਦੇ ਆਉਣ ਤੱਕ, ਉਨ੍ਹਾਂ ਵੱਲੋਂ ਲਿਖੀਆਂ ਸਾਰੀਆਂ ਕਿਤਾਬਾਂ ਨੂੰ ਖਾਣੇ ਦੇ ਮੇਜ਼ ਉੱਪਰ ਚਿਣ ਦਿੱਤਾ ਸੀ।

ਪਾਪਾ ਆ ਗਏ, ਸਿਮਰਨ ਨੂੰ ਪਿਆਰ ਦੇਣ ਦੀ ਕੋਸ਼ਿਸ਼ ਕੀਤੀ, ਪਰ ਸਿਮਰਨ ਨੇ ਸਵੀਕਾਰ ਨਹੀਂ ਕੀਤਾ, ਕਹਿਣ ਲੱਗੀ, "ਇੱਥੇ ਬੈਠ ਜਾਵੋ, ਪਹਿਲਾਂ ਮੇਰੇ ਸਵਾਲਾਂ ਦਾ ਉੱਤਰ ਦਿਓ, ਫੇਰ ਪਿਤਾ ਦਾ ਦਰਜਾ ਲੈਣਾ, ਜੇਕਰ ਐਨੀਆਂ ਕਿਤਾਬਾਂ ਲਿਖਣ ਤੋਂ ਬਾਅਦ ਵੀ ਤੁਸੀਂ ਸੱਚ ਨੂੰ ਪੱਲੇ ਨਹੀਂ ਬੰਨ੍ਹ ਸਕੇ ਤਾਂ ਫਿਰ ਇਨ੍ਹਾਂ ਦੇ ਲਿਖਣ ਦਾ ਕੀ ਫਾਇਦਾ?"

ਪਿਤਾ ਕਹਿਣ ਲੱਗੇ, "ਹੋਇਆ ਕੀ ਹੈ? ਮੈਨੂੰ ਸਪੱਸ਼ਟ ਦੱਸ।" ਸਿਮਰਨ ਬੋਲੀ, "ਹੁਣ ਮੈਂ ਸਪੱਸ਼ਟ ਹੀ ਕਹਿੰਦੀ ਹਾਂ, ਤੁਸੀਂ ਐਵਾਰਡ ਵਾਪਸੀ ਦਾ ਐਲਾਨ ਕੀਤਾ ਹੈ, ਇਹ ਖ਼ਬਰ ਮੈਂ ਅਖ਼ਬਾਰ ਵਿੱਚ ਵੀ ਪੜ੍ਹ ਚੁੱਕੀ ਹਾਂ, ਕੀ ਇਹ ਨੈਤਿਕ ਤੌਰ ਤੇ ਠੀਕ ਹੈ? ਜਦੋਂ ਕੋਈ ਐਵਾਰਡ ਵਾਪਿਸ ਹੀ ਨਹੀਂ ਹੁੰਦਾ ਤਾਂ ਫਿਰ ਵਾਪਿਸ ਕਰਨ ਦਾ ਨਾਟਕ ਕਿਉਂ?"

"ਬੇਟਾ ਤੁਸੀਂ ਆਪਣੀ ਥਾਂ ਤੇ ਬਿਲਕੁਲ ਸਹੀ ਹੋ, ਮੈਨੂੰ ਜੋ ਰੁਤਬਾ ਜਾਂ ਐਵਾਰਡ ਪ੍ਰਾਪਤ ਹੋਇਆ ਹੈ, ਇਹ ਇੱਕ ਸਿਆਸਤ ਨਾ਼ਲ ਖੜਨ ਕਾਰਨ ਪ੍ਰਾਪਤ ਹੋਇਆ ਹੈ।"

ਠੀਕ ਹੈ ਤੁਸੀਂ ਕਿਸੇ ਸਿਆਸਤ ਨਾ਼ਲ ਖੜੋ, ਪਰ ਤੁਸੀਂ ਇੱਕ ਲੇਖਕ ਹੋ, ਜਿਨ੍ਹਾਂ ਦਾ ਸਾਰਾ ਸੰਸਾਰ ਸਤਿਕਾਰ ਕਰਦਾ ਹੈ, ਕੀ ਕਿਸੇ ਸਿਆਸਤ ਨਾ਼ਲ ਖੜ੍ਹਨ ਲਈ ਅਨੈਤਿਕਤਾ ਅਤੇ ਝੂਠ ਨੂੰ ਅਪਣਾਉਣਾ ਠੀਕ ਹੈ?

ਬੇਟਾ ਜਿਸਨੂੰ ਤੂੰ ਅਨੈਤਿਕ ਅਤੇ ਝੂਠ ਦੱਸਦੀ ਹੈ ਇਸੇ ਪਾਣੀ ਨਾ਼ਲ ਸਿਆਸਤ ਨੂੰ ਸੀਂਚਣਾ ਪੈਂਦਾ ਹੈ। ਨਾਲੇ ਕਿਸਾਨ ਅੰਦੋਲਨ ਨੂੰ ਉਤਸ਼ਾਹ ਦੇਣ ਲਈ ਮੈਂ ਇਹ ਕਦਮ ਚੁੱਕਿਆ ਹੈ।" ਸਿਮਰਨ ਬੋਲੀ, "ਝੂਠ ਦੀ ਰਿਲਾਵਟ ਨਾ਼ਲ ਕਿਸੇ ਵੀ ਅੰਦੋਲਨ ਨੂੰ ਉਤਸ਼ਾਹ ਨਹੀਂ ਸਗੋਂ ਜਹਿਰ ਮਿਲਦਾ ਹੈ। ਛੱਡ ਦੇਵੋ ਅਜਿਹੀ ਸਿਆਸਤ ਜਿਸ ਨਾ਼ਲ ਜਮੀਰ ਮਰਦੀ ਹੋਵੇ।"

"ਬੇਟਾ! ਇਹ ਝੂਠ ਨਹੀਂ ਹੈ, ਮੈਂ ਸੱਚਮੁੱਚ ਮੈਡਲ ਅਤੇ ਸਰਟੀਫਿਕੇਟ ਕੇਂਦਰੀ ਸਰਕਾਰ ਨੂੰ ਭੇਜ ਦਿੱਤੇ ਹਨ, ਜਿਹੜੀ ਸਰਕਾਰ ਕਿਸਾਨਾਂ ਤੇ ਜ਼ੁਲਮ ਕਰ ਰਹੀ ਹੈ, ਮੈਂ ਉਸ ਵੱਲੋਂ ਐਵਾਰਡ ਨਹੀਂ ਲੈ ਸਕਦਾ, ਮੇਰਾ ਇਹ ਕਦਮ ਕੋਈ ਅਨੈਤਿਕ ਨਹੀਂ ਹੈ।"

ਤੁਸੀਂ ਹਾਲੇ ਵੀ ਝੂਠ ਦਾ ਸਹਾਰਾ ਲੈ ਰਹੇ ਹੋ, ਸਿਮਰਨ ਬੋਲੀ, ਯਾਦ ਹੈ ਤੁਸੀਂ ਦੋ ਸਾਲ ਪਹਿਲਾਂ ਵੀ ਐਵਾਰਡ ਵਾਪਿਸ ਕੀਤਾ ਸੀ, ਹੋਰ ਕਿੰਨੇ ਵਾਰ ਕਰੋਗੇ?" ਕ੍ਰਿਪਾ ਕਰਕੇ ਆਪਣੀ ਜਮੀਰ ਨਾ ਮਾਰੋ, ਹੁਣ ਸ਼ੋਸ਼ਲ ਮੀਡੀਆ ਦਾ ਜਮਾਨਾ ਹੈ, ਛੋਟੀ ਜਿਹੀ ਘਟਨਾ ਵੀ ਬੱਚੇ-ਬੱਚੇ ਤੱਕ ਪਹੁੰਚ ਜਾਂਦੀ ਹੈ, ਪਹਿਲਾਂ ਇਕੱਲਾ ਲੀਡਰਾਂ ਕੋਲ ਮਾਈਕ ਹੁੰਦਾ ਸੀ, ਹੁਣ ਸਭ ਕੋਲ ਹੈ, ਜੇਕਰ ਤੁਸੀਂ ਕੋਈ ਅਨੈਤਿਕ ਕਦਮ ਚੁੱਕਦੇ ਹੋ, ਉਸਦਾ ਅਸਰ ਸਾਡੇ ਤੇ ਵੀ ਪੈਂਦਾ ਹੈ, ਅੱਜ ਸਾਡੀ ਕਲਾਸ ਵਿੱਚ ਇੱਕ ਵਿਦਿਆਰਥੀ ਨੇ ਬੋਰਡ ਉੱਪਰ "ਪਰਗਾ" ਲਿਖ ਦਿੱਤਾ ਜਿਸਦਾ ਮਤਲਬ ਉਸਨੇ "ਪਰਾਈਜ਼ ਰਿਟਰਨਿੰਗ ਗੈਂਗ ਅਗੇਨ" ਲਿਖਿਆ, ਇਸ ਉੱਪਰ ਖੁੱਲ੍ਹ ਕੇ ਚਰਚਾ ਵੀ ਹੋਈ।"

ਇਹ ਸੁਣਕੇ ਸ਼ਾਤਰ ਸਾਹਿਬ ਬੁਰੀ ਤਰਾਂ ਹਿੱਲ ਗਏ, ਕਹਿਣ ਲੱਗੇ, "ਬੇਟਾ, ਮੈਥੋਂ ਬਹੁਤ ਵੱਡੀ ਗਲਤੀ ਹੋ ਗਈ, ਐਵਾਰਡ ਤਾਂ ਦੇਸ਼ ਨੇ ਦਿੱਤਾ ਹੈ, ਇਸ ਦੇਸ਼ ਨੇ ਹੀ ਐਨਾ ਇੱਜ਼ਤ-ਮਾਨ ਦਿੱਤਾ ਹੈ, ਮੈਨੂੰ ਇਹ ਇਨਾਮ ਵਾਪਸੀ ਦਾ ਕਦਮ ਨਹੀਂ ਚੁੱਕਣਾ ਚਾਹੀਦਾ ਸੀ।"

ਸਿਮਰਨ ਕਹਿਣ ਲੱਗੀ, "ਸਿਆਸਤ ਖੁੱਸਦੀ ਹੈ, ਖੁੱਸ ਜਾਵੇ, ਕੱਲ੍ਹ ਨੂੰ ਹੀ ਇਹ ਸਟੇਟਮੈਂਟ ਦਿਓ, " ਮੈਂ ਸਰਕਾਰ ਅਤੇ ਕਿਸਾਨਾਂ ਵਿਚਕਾਰ ਇੱਕ ਸਹੀ ਸਮਝੌਤੇ ਦਾ ਪੱਖਦਾਰ ਹਾਂ, ਕਿਸਾਨਾਂ ਨੂੰ ਮੁਸਾਫਿਰਾਂ ਦੀ ਪ੍ਰੇਸ਼ਾਨੀ ਨੂੰ ਸਾਹਮਣੇ ਰੱਖਦਿਆਂ, ਰੇਲਵੇ ਲਾਈਨਾਂ, ਜਰਨੈਲੀ ਸੜਕਾਂ ਜਾਮ ਨਹੀਂ ਕਰਨੀਆਂ ਚਾਹੀਦੀਆਂ, ਜਾਮ ਨਾ਼ਲ ਲੱਖਾਂ ਵਿਅਕਤੀਆਂ ਦੇ ਰੁਜ਼ਗਾਰ ਉੱਪਰ ਉਲਟ ਅਸਰ ਪੈਂਦਾ ਹੈ। ਮੈਂ ਭਾਰਤ ਦੇਸ਼ ਜਿਸਨੇ ਮੈਨੂੰ ਐਨਾ ਵੱਡਾ ਮਾਨ ਬਖਸ਼ਿਆ ਹੈ, ਉਸ ਲਈ ਮੈਂ ਭਾਰਤ ਦੇਸ਼ ਦਾ ਰਿਣੀ ਹਾਂ, ਜਦੋਂ ਇਹ ਸਟੇਟਮੈਂਟ ਆ ਜਾਵੇਗੀ, ਫੇਰ ਮੈਂ ਕਾਲਜ ਜਾਵਾਂਗੀ।"

---

## ਮਿੰਨੀ ਕਹਾਣੀ/ ਜ਼ਮੀਰ

"ਪੰਡਿਤਾ, ਅੱਜ ਸਵੇਰੇ-ਸਵੇਰੇ ਤਿਆਰ-ਬਰ-ਤਿਆਰ ਹੋ ਕੇ ਕਿੱਧਰ ਨੂੰ ਚਾਲੇ ਪਾਏ ਨੇ'' ਜਗੀਰ ਸਿੰਘ ਨੇ ਰਾਕੇਸ਼ ਪੰਡਿਤ ਨੂੰ ਜਾਂਦਿਆਂ ਵੇਖ ਕੇ ਕਿਹਾ।

"ਤਾਇਆ ਜੀ, ਮੈਂ ਤਾਂ ਦਿੱਲੀ ਕਿਸਾਨ ਮੋਰਚੇ 'ਤੇ ਚੱਲਿਐਂ, ਅੱਜ ਆਪਣੇ ਪਿੰਡੋਂ ਓਥੇ ਨੂੰ ਟਰਾਲੀ ਜਾਣੀ ਆਂ'' ਰਾਕੇਸ਼ ਪੰਡਿਤ, ਜਗੀਰ ਸਿੰਘ ਦੇ ਸਵਾਲ ਦਾ ਜਵਾਬ ਦਿੰਦਾ ਬੋਲਿਆ।

"ਪੰਡਿਤਾ, ਤੇਰੇ ਕੋਲ ਜ਼ਮੀਨ ਤਾਂ ਹੈ ਨ੍ਹੀ, ਫਿਰ ਤੂੰ ਓਥੇ ਕੀ ਕਰਨ ਚੱਲਿਐ।'' "ਤਾਇਆ ਜੀ, ਫਿਰ ਕੀ ਹੋਇਆ ਜੇ ਮੇਰੇ ਕੋਲ ਜ਼ਮੀਨ ਨਹੀਂ, ਜ਼ਮੀਰ ਤਾਂ ਹੈ'' ਏਨਾ ਕਹਿ ਕੇ ਰਾਕੇਸ਼ ਪੰਡਿਤ ਤੁਰ ਪਿਆ।

– ਤਸਵਿੰਦਰ ਸਿੰਘ ਬੜੈਚ
91-75279-31887

# ਚਿਰਾਂ ਤੋਂ ਹੋ ਰਹੀ ਅਰਦਾਸ ਪੂਰੀ ਕਿਉਂ ਨਹੀਂ ਹੁੰਦੀ?



ਜਸਵੰਤ ਸਿੰਘ 'ਅਜੀਤ'
91 9 827-19890

ਕੁਝ ਸਮਾਂ ਹੋਇਐ, ਸਿੱਖ ਧਰਮ ਦੇ ਇਕ ਪ੍ਰਮੁੱਖ ਵਿਦਵਾਨ ਪ੍ਰਚਾਰਕ ਅਤੇ ਗੁਰਸ਼ਬਦ ਦੇ ਵਿਆਖਿਆਕਾਰ ਇਕ ਨਿਜੀ ਟੀਵੀ ਚੈਨਲ ਪੁਰ ਗੁਰ-ਸ਼ਬਦ ਦੀ ਵਿਆਖਿਆ ਕਰ ਰਹੇ ਸਨ। ਉਨ੍ਹਾਂ ਗੁਰ-ਸ਼ਬਦ ਦੀ ਵਿਆਖਿਆ ਕਰਦਿਆਂ ਅਚਾਨਕ ਇਹ ਸੁਆਲ ਉਠਾਇਆ ਕਿ ਬੀਤੇ ਲਗਭਗ ਅੱਠ ਦਹਾਕਿਆਂ ਤੋਂ ਹਰ ਇਤਿਹਾਸਕ, ਗੈਰ-ਇਤਿਹਾਸਕ (ਸਿੰਘ ਸਭਾ) ਗੁਰਦੁਆਰੇ ਅਤੇ ਹਰ ਸਿੱਖ ਘਰ ਵਿੱਚ, ਰੋਜ਼ ਘਟੋ-ਘਟ ਦੋ ਵਾਰ, ਸਵੇਰੇ-ਸ਼ਾਮ ਇਹ ਅਰਦਾਸ ਕੀਤੀ ਜਾਂਦੀ ਚਲੀ ਆ ਰਹੀ ਹੈ ਕਿ 'ਹੇ ਅਕਾਲ ਪੁਰਖ, ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ, ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ, ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ!' ਉਨ੍ਹਾਂ ਹੋਰ ਕਿਹਾ ਕਿ ਕਈ ਵਾਰ ਇਹ ਅਰਦਾਸ ਦੋ ਵਾਰ ਤੋਂ ਵੱਧ ਵਾਰ ਵੀ ਕੀਤੀ ਜਾਂਦੀ ਹੈ। ਇਤਨਾ ਕਹਿਣ ਤੋਂ ਬਾਅਦ ਉਨ੍ਹਾਂ ਪੁਛਿਆ ਕਿ ਇਹ ਅਰਦਾਸ ਇਤਨੇ ਲੰਮੇਂ ਸਮੇਂ ਤੋਂ ਕੀਤੀ ਜਾ ਰਹੀ ਹੈ, ਫਿਰ ਵੀ ਇਹ ਪੂਰੀ ਕਿਉਂ ਨਹੀਂ ਹੋ ਰਹੀ? ਜਦਕਿ ਸਿੱਖ ਧਰਮ ਵਿੱਚ ਮੰਨਿਆ ਜਾਂਦਾ ਹੈ ਕਿ ਅਕਾਲ ਪੁਰਖ ਦੇ ਚਰਨਾਂ ਵਿੱਚ ਵਿਸ਼ਵਾਸ, ਸ਼ਰਧਾ, ਸ਼ੁਭ ਭਾਵਨਾ ਨਾਲ ਅਤੇ ਸੱਚੇ ਦਿਲੋਂ ਕੀਤੀ ਜਾਂਦੀ ਹਰ ਅਰਦਾਸ ਪੂਰੀ ਹੁੰਦੀ ਹੈ।ਫਿਰ ਉਨ੍ਹਾਂ ਆਪ ਹੀ ਆਪਣੇ ਇਸ ਸੁਆਲ ਦਾ ਜੁਆਬ ਦਿੰਦਿਆਂ ਕਿਹਾ ਕਿ ਸਾਡਾ ਕੰਮ ਅਰਦਾਸ ਕਰਨਾ ਹੈ, ਉਸਨੂੰ ਪੂਰਿਆਂ ਕਰਨਾ ਜਾਂ ਨਾ ਕਰਨਾ ਅਕਾਲ ਪੁਰਖ ਦੇ ਆਪਣੇ ਹੱਥ ਵਿੱਚ ਹੈ।

ਉਨ੍ਹਾਂ ਦੇ ਇਸ ਸੁਆਲ ਅਤੇ ਜੁਆਬ ਨਾਲ ਮਨ ਨੂੰ ਤਸਲੀ ਨਹੀਂ ਹੋਈ ਤੇ ਇਸ ਸਬੰਧੀ ਭਰਮ ਬਣਿਆ ਰਿਹਾ। ਇਸੇ ਕਾਰਣ ਉਨ੍ਹਾਂ ਦੇ ਸੁਆਲ ਅਤੇ ਜੁਆਬ ਦੇ ਸਬੰਧ ਵਿੱਚ ਕੁਝ ਧਾਰਮਕ ਨਿਸ਼ਠਾ ਰਖਣ ਵਾਲੇ ਸਜਣਾਂ ਨਾਲ ਗਲ ਕੀਤੀ ਗਈ ਤਾਂ ਉਨ੍ਹਾਂ ਦਸਿਆ ਕਿ ਪੂਰੇ ਵਿਸ਼ਵਾਸ, ਨਿਸ਼ਠਾ ਅਤੇ ਸ਼ੁਭ ਭਾਵਨਾ ਨਾਲ ਕੀਤੀ ਜਾਂਦੀ ਅਰਦਾਸ ਕਦੀ ਵੀ ਬਿਰਥੀ ਨਹੀਂ ਜਾਂਦੀ। ਉਹ ਜ਼ਰੂਰ ਪੂਰੀ ਹੁੰਦੀ ਹੈ, ਕਿਉਂਕਿ ਸਤਿਗੁਰਾਂ ਦਾ ਆਪਣਾ ਬਚਨ ਹੈ : 'ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸ'। ਉਨ੍ਹਾਂ ਦੇ ਇਹ ਵਿਚਾਰ ਸੁਣ, ਉਨ੍ਹਾਂ ਕੋਲੋਂ ਇਹ ਪੁਛੇ ਬਿਨਾਂ ਰਿਹਾ ਨਾ ਜਾ ਸਕਿਆ ਕਿ ਤਾਂ ਫਿਰ ਬੀਤੇ ਅੱਠ ਦਹਾਕਿਆਂ ਤੋਂ ਹਰ ਗੁਰਦੁਆਰੇ ਅਤੇ ਹਰ ਸਿੱਖ ਘਰ ਰੋਜ਼ ਦੋ ਵਾਰ ਤੋਂ ਵੀ ਵੱਧ ਵਾਰ ਕੀਤੀ ਜਾ ਰਹੀ ਅਰਦਾਸ ਕਿ 'ਹੇ ਅਕਾਲ ਪੁਰਖ, ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ, ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ, ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ!' ਕਿਉਂ ਪੂਰੀ ਨਹੀਂ ਹੋ ਰਹੀ?

ਇਹ ਸੁਆਲ ਸੁਣ, ਉਹ ਕਾਫੀ ਦੇਰ ਚੁਪ ਰਹਿ ਸੋਚਾਂ ਵਿੱਚ ਡੁਬੇ ਰਹੇ। ਇਉਂ ਜਾਪਦਾ ਸੀ ਜਿਵੇਂ ਉਹ ਆਪਣੇ-ਆਪ ਨਾਲ ਮੰਥਨ ਕਰ, ਇਸ ਸੁਆਲ ਦਾ ਜੁਆਬ ਤਲਾਸ਼ ਰਹੇ ਹਨ। ਕੁਝ ਸਮੇਂ ਬਾਅਦ ਉਨ੍ਹਾਂ ਆਪਣੀ ਚੁਪ ਤੋੜੀ ਤੇ ਕਹਿਣਾ ਸ਼ੁਰੂ ਕੀਤਾ ਕਿ ਜੇ ਗੰਭੀਰਤਾ ਨਾਲ ਸੋਚੀਏ ਤਾਂ ਇਹ ਗਲ ਪ੍ਰਤੱਖ ਹੋ ਜਾਂਦੀ ਹੈ ਕਿ ਇਹ ਅਰਦਾਸ ਸਿੱਖੀ ਜੀਵਨ ਵਿੱਚ ਇਕ ਅਜਿਹੀ 'ਰਸਮ' ਜਿਹੀ ਬਣ ਗਈ ਹੈ, ਜੋ ਸਾਡੇ ਲਈ ਅਰਦਾਸ ਕਰਦਿਆਂ ਨਿਭਾਉਣੀ ਬਹੁਤ ਜ਼ਰੂਰੀ ਹੋ ਗਈ ਹੈ। ਕੋਈ ਮੌਕਾ ਹੋਵੇ, ਖੁਸ਼ੀ ਦਾ ਹੋਵੇ ਜਾਂ ਗ਼ਮੀਂ ਦਾ, ਅਰਦਾਸ ਕਰਦਿਆਂ ਇਹ ਰਸਮ ਜ਼ਰੂਰ ਪੂਰੀ ਕੀਤੀ ਜਾਂਦੀ ਹੈ। ਹਰ ਕੋਈ ਸਹਿਜੇ ਹੀ ਸਮਝ ਸਕਦਾ ਹੈ ਕਿ ਰਸਮੀ ਤੋਰ ਤੇ ਕੀਤੀ ਗਈ ਅਰਦਾਸ ਜਾਂ ਬੇਨਤੀ ਕਦੀ ਪ੍ਰਵਾਨ ਨਹੀਂ ਹੋ ਸਕਦੀ। ਜੇ ਅਰਦਾਸ ਪ੍ਰਵਾਨ ਹੀ ਨਹੀਂ ਹੋ ਰਹੀ ਤਾਂ ਫਿਰ ਉਹ ਪੂਰਿਆਂ ਕਿਵੇਂ ਹੋ ਸਕੇਗੀ?

ਉਨ੍ਹਾਂ ਵਿਚੋਂ ਹੀ ਇਕ ਸਜਣ ਨੇ ਦਸਿਆ ਕਿ ਕਾਫ਼ੀ ਸਮਾਂ ਹੋਇਐ, ਪੰਜਾਬ ਦੇ ਕਈ ਵਰ੍ਹਿਆਂ ਤਕ ਰਹੇ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਉਸ ਸਮੇਂ ਦੇ ਪ੍ਰਧਾਨ ਅਤੇ ਵਰਤਮਾਨ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਜਦੋਂ ਪਾਕਿਸਤਾਨ ਗਏ ਸਨ ਤਾਂ ਉਨ੍ਹਾਂ ਪਾਕਿਸਤਾਨੀ ਅਧਿਕਾਰੀਆਂ ਨਾਲ ਗਲ ਕਰਦਿਆਂ, ਪਾਕਿਸਤਾਨ ਸਥਿਤ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ, ਮੁੜ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸੱਤਾ-ਅਧੀਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਣ ਦੀ ਮੰਗ ਕੀਤੀ ਸੀ। ਜਿਸਤੇ ਪਾਕਿਸਤਾਨ ਦੇ ਅਧਿਕਾਰੀਆਂ ਵਿਚੋਂ ਇੱਕ ਨੇ ਮੁਸਕੁਰਾਉਂਦਿਆਂ ਜਵਾਬ ਦਿਤਾ ਕਿ ਭਾਰਤ ਵਿਚਲੇ ਜਿਹੜੇ ਗੁਰਦੁਆਰੇ ਤੁਹਾਡੇ ਪ੍ਰਬੰਧ ਹੇਠ ਹਨ, ਉਨ੍ਹਾਂ ਦਾ ਪ੍ਰਬੰਧ ਤਾਂ ਤੁਹਾਡੇ ਪਾਸੋਂ ਚੰਗੀ ਤਰ੍ਹਾਂ ਹੁੰਦਾ ਨਹੀਂ। ਉਨ੍ਹਾਂ ਦੇ ਪ੍ਰਬੰਧ ਨੂੰ ਹੀ ਲੈ ਕੇ ਤੁਸੀਂ ਆਪੋ ਵਿੱਚ ਲੜਦੇ-ਭਿੜਦੇ ਰਹਿੰਦੇ ਹੋ। ਪਾਕਿਸਤਾਨ ਵਿਚਲੇ ਗੁਰਦੁਆਰਿਆਂ ਦਾ ਹੋਰ ਪ੍ਰਬੰਧ ਲੈ, ਕਿਉਂ ਆਪਣੇ ਲਈ ਨਵੀਂ ਲੜਾਈ ਸਹੇੜਨਾ ਚਾਹੁੰਦੇ ਹੋ? ਦਸਿਆ ਗਿਆ ਕਿ ਸ. ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਦੀ ਇਸ ਗਲ ਦਾ ਕੋਈ ਜੁਆਬ ਨਹੀਂ ਸੀ ਦੇ ਸਕੇ। ਉਸ ਸਜੱਣ ਨੇ ਇਹ ਗਲ ਦਸ ਕੇ ਕਿਹਾ ਕਿ ਇਸ ਗਲ ਵਿਚ ਕਿਤਨੀ-ਕੁ ਸਚਾਈ ਹੈ, ਇਸ ਬਾਰੇ ਤਾਂ ਸ. ਪ੍ਰਕਾਸ਼ ਸਿੰਘ ਬਾਦਲ ਜਾਂ ਪਾਕਿਸਤਾਨ ਦੇ ਸਬੰਧਤ ਅਧਿਕਾਰੀ ਹੀ ਦਸ ਸਕਦੇ ਹਨ, ਪਰ ਇਸ ਵਿਚ ਪਾਕਿਸਤਾਨ ਦੇ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੂੰ ਨਾ ਸੌਂਪੇ ਜਾਣ ਦੇ ਸਬੰਧ ਵਿਚ ਜੋ ਦਲੀਲ ਦਿਤੀ ਗਈ ਦਸੀ ਗਈ ਹੈ, ਉਸ ਵਿਚਲੀ ਸੱਚਾਈ ਨੂੰ ਤਾਂ ਨਕਾਰਿਆ ਨਹੀਂ ਜਾ ਸਕਦਾ। ਇਸਦੇ ਨਾਲ ਹੀ ਉਨ੍ਹਾਂ ਕਿਹਾ, ਕਿ ਜੇ ਇਸ ਗਲ ਨੂੰ ਇਕ ਪਾਸੇ ਵੀ ਰਖ ਦਿੱਤਾ ਜਾਏ ਤਾਂ ਵੀ ਵਿਚਾਰਨ ਵਾਲੀ ਗਲ ਇਹ ਹੈ ਕਿ ਅਰਦਾਸ ਵਿੱਚ ਪੰਥ ਪਾਸੋਂ ਵਿਛੋੜੇ ਗਏ ਗੁਰਦੁਆਰਿਆਂ ਤੇ ਹੋਰ ਗੁਰਧਾਮਾਂ ਦੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ ਦਾ ਦਾਨ 'ਖਾਲਸਾ' ਜੀ ਨੂੰ ਬਖਸ਼ੇ ਜਾਣ ਦੀ ਮੰਗ ਕੀਤੀ ਜਾਂਦੀ ਚਲੀ ਆ ਰਹੀ ਹੈ। ਇਹ ਮੰਗ ਕਰਦਿਆਂ ਸ਼ਾਇਦ ਕਿਸੇ ਦਾ ਧਿਆਨ ਇਸ ਪਾਸੇ ਨਹੀਂ ਜਾਂਦਾ ਕਿ 'ਦਰਸ਼ਨ-ਦੀਦਾਰ' ਤੇ 'ਸੇਵਾ-ਸੰਭਾਲ' ਦੀ ਜ਼ਿਮੇਂਦਾਰੀ 'ਖਾਲਸਾ' ਜੀ ਨੂੰ ਬਖਸ਼ੇ ਜਾਣ ਦੀ ਮੰਗ ਕੀਤੀ ਜਾ ਰਹੀ ਹੈ। ਸੁਆਲ ਉਠਦਾ ਹੈ ਕਿ ਕੀ ਸ਼੍ਰੋਮਣੀ ਗੁਰਦੁਆਰਾ ਕਮੇਟੀ, ਦਿੱਲੀ ਗੁਰਦੁਆਰਾ ਕਮੇਟੀ ਜਾਂ ਕਿਸੇ ਹੋਰ ਧਾਰਮਕ ਸਿੱਖ ਜਥੇਬੰਦੀ ਦੇ ਮੁੱਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸੀਨੇ ਤੇ ਹੱਥ ਰਖ, ਦਾਅਵੇ ਦੇ ਨਾਲ ਕਹਿ ਸਕਦੇ ਹਨ ਕਿ ਉਹ ਸੱਚੇ-ਸੁੱਚੇ ਅਤੇ ਸਥਾਪਤ ਕਸੌਟੀ ਪੁਰ ਪੂਰੇ ਉਤਰ ਸਕਣ ਵਾਲੇ 'ਖਾਲਸਾ' ਹਨ?

ਸਿੱਖਾਂ ਦੀਆਂ ਦੋ ਸਭ ਤੋਂ ਵੱਡੀਆਂ ਧਾਰਮਕ ਜਥੇਬੰਦੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਨ, ਇਨ੍ਹਾਂ ਵਿਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਾਂ ਦਹਾਕਿਆਂ ਤੋਂ ਇਕੋ, ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸੱਤਾ-ਅਧੀਨ ਚਲੀ ਆ ਰਹੀ ਹੈ, ਪ੍ਰੰਤੂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੱਤਾ ਬਦਲਦੀ ਰਹਿੰਦੀ ਹੈ, ਜਿਵੇਂ ਚਾਰ-ਪੰਜ ਸਾਲ ਪਹਿ਼ਲਾਂ ਤਕ ਇਸਦੀ ਸੱਤਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਵਿਰੋਧੀ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਹਥਾਂ ਵਿੱਚ ਰਹੀ। ਹੁਣ ਇਸਦੀ ਸੱਤਾ ਪੁਰ ਬਾਦਲ ਅਕਾਲੀ ਦਲ ਆਪ ਹੀ ਕਾਬਜ਼ ਹੋ ਗਿਆ ਹੋਇਆ ਹੈ। ਸ਼੍ਰੋਮਣੀ ਗੁਰਦੁਆਰਾ ਕਮੇਟੀ ਅਤੇ ਦਿੱਲੀ ਗੁਰਦੁਆਰਾ ਕਮੇਟੀ ਦੀ ਸੱਤਾ ਪੁਰ ਕਬਜ਼ਾ ਕਰਨ ਅਤੇ ਕਬਜ਼ਾ ਬਣਾਈ ਰਖਣ ਲਈ ਜੋ ਹਥਕੰਡੇ ਵਰਤੇ ਜਾਂਦੇ ਹਨ, ਉਨ੍ਹਾਂ ਪੁਰ ਕੋਈ ਵੀ ਸਿੱਖ ਮਾਣ ਨਹੀਂ ਕਰ ਸਕਦਾ। ਇਸ ਉਦੇਸ਼ ਲਈ ਵਰਤੇ ਜਾਂਦੇ ਹਥ-ਕੰਡਿਆਂ ਨੂੰ ਵੇਖ-ਸੁਣ ਕੇ ਨਾ ਕੇਵਲ ਹਰ ਸਿੱਖ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ, ਸਗੋਂ ਗ਼ੈਰ-ਸਿੱਖਾਂ ਦੀਆਂ ਨਜ਼ਰਾਂ ਵਿਚ ਵੀ ਸਮੁਚੀ ਕੌਮ ਦੀ ਸਥਿਤੀ ਹਾਸੋ-ਹੀਣੀ ਬਣ ਜਾਂਦੀ ਹੈ। ਇਹ ਸਭ ਕੁਝ ਸਮਝਦਿਆਂ-ਬੁਝਦਿਆਂ ਹੋਇਆਂ ਵੀ ਕਿਸੇ ਨੂੰ ਕੋਈ ਚਿੰਤਾ ਨਹੀਂ।

**ਅਤੇ ਅੰਤ ਵਿੱਚ :** ਇਸ ਸਾਰੀ ਗਲ ਨੂੰ ਧਿਆਨ ਨਾਲ ਸੁਣਦਿਆਂ ਇੱਕ ਸਜੱਣ ਕਿਹਾ ਕਿ ਫਿਰ ਤਾਂ ਸੁਆਲ ਇਹ ਉਠਦਾ ਹੈ ਕਿ ਅਜਿਹੀ ਸਥਿਤੀ ਵਿਚ ਅਰਦਾਸ ਕਰ, ਪੰਥ ਪਾਸੋਂ ਵਿਛੋੜੇ ਗਏ ਗੁਰਦੁਆਰਿਆਂ ਤੇ ਹੋਰ ਗੁਰਧਾਮਾਂ ਦੇ ਖੁਲ੍ਹੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ 'ਖਾਲਸਾ' ਜੀ ਨੂੰ ਬਖਸ਼ੇ ਜਾਣ ਦੀ ਮੰਗ, ਜੋ ਬੀਤੇ ਸੱਤ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਕੀਤੀ ਜਾਂਦੀ ਚਲੀ ਆ ਰਹੀ ਹੈ ਅਤੇ ਹੁਣ ਤਕ ਲਖਾਂ ਨਹੀਂ ਕਰੋੜਾਂ ਵਾਰ ਕੀਤੀ ਜਾ ਚੁਕੀ ਹੈ। ਅਗੋਂ ਵੀ ਲਗਾਤਾਰ ਕੀਤੀ ਜਾਂਦੀ ਰਹੇਗੀ, ਬਾਰੇ ਆਪਣੇ ਅੰਦਰ ਝਾਤੀ ਮਾਰ ਕੇ ਆਪਣੇ-ਆਪ ਤੋਂ ਹੀ ਪੁੱਛ ਵੇਖੋ ਕਿ ਇਸ ਅਰਦਾਸ ਰਾਹੀਂ ਕੀਤੀ ਜਾ ਰਹੀ ਇਸ ਮੰਗ ਨੂੰ ਪੂਰਿਆਂ ਕਰਨ ਲਈ, ਉਹ ਕਿਹੜਾ 'ਖਾਲਸਾ' ਹੈ, ਜਿਸਨੂੰ ਅਕਾਲ ਪੁਰਖ ਇਨ੍ਹਾਂ ਗੁਰਦੁਆਰਿਆਂ ਦੇ ਖੁਲ੍ਹੇ ਦਰਸ਼ਨ-ਦੀਦਾਰ ਅਤੇ ਸੇਵਾ-ਸੰਭਾਲ ਦੀ ਜ਼ਿਮੇਂਦਾਰੀ ਦੀ ਬਖਸ਼ਸ਼ ਕਰੇ?

# ਅਮਰੀਕੀ ਸਾਂਸਦਾਂ ਨੇ ਭਾਰਤੀ ਕਿਸਾਨਾਂ ਦੇ ਸਮਰਥਨ ਵਿਚ ਰਾਜਦੂਤ ਨੂੰ ਲਿਖਿਆ ਪੱਤਰ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਕਾਂਗਰਸ ਵਿਚ ਅਮਰੀਕਨ-ਸਿੱਖ ਗੁੱਟ ਦੇ ਸਹਿ ਪ੍ਰਧਾਨ ਰਿਪਬਲੀਕਨ ਸੰਸਦ ਮੈਂਬਰ ਜੌਹਨ ਗਰਾਮੈਂਡੀ ਤੇ ਉਸ ਦੇ ਸਾਥੀ ਸੰਸਦ ਮੈਂਬਰਾਂ ਜਿਮ ਕੋਸਟਾ ਤੇ ਸ਼ੈਲੀਆ ਜੈਕਸਨ ਲੀ ਨੇ ਅਮਰੀਕਾ ਵਿਚਲੇ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨੂੰ ਇਕ ਪੱਤਰ ਭੇਜਕੇ ਪ੍ਰਦਰਸ਼ਨਕਾਰੀ ਭਾਰਤੀ ਕਿਸਾਨਾਂ ਦਾ ਸਮਰਥਨ ਕਰਦਿਆਂ ਕਿਹਾ ਹੈ ਕਿ ਸ਼ਾਤਮਈ ਪ੍ਰਦਰਸ਼ਨ ਕਰਨਾ ਕਿਸਾਨਾਂ ਦਾ ਅਧਿਕਾਰ ਹੈ। ਗਰਾਮੈਂਡੀ ਦੇ ਦਫਤਰ ਵੱਲੋਂ ਜਾਰੀ ਪ੍ਰੈਸ ਰਲੀਜ਼ ਅਨੁਸਾਰ ਅਮਰੀਕਨ ਸਿੱਖ ਗੁੱਟ ਨੇ ਸੰਧੂ ਨੂੰ ਹਾਲ ਹੀ ਵਿਚ ਕਿਸਾਨਾਂ ਨੂੰ ਜਬਰਨ ਦਿੱਲੀ ਜਾਣ ਤੋਂ ਰੋਕਣ ਦਾ ਜਿਕਰ ਕੀਤਾ ਹੈ। ਪੱਤਰ ਵਿਚ ਕਿਹਾ ਗਿਆ ਹੈ ਕਿ '' ਪੰਜਾਬ ਤੇ ਹਰਿਆਣਾ ਦੇ ਹਜਾਰਾਂ ਕਿਸਾਨਾਂ ਨੇ ਨਵੇਂ ਖੇਤੀ ਕਾਨੂੰਨਾਂ ਵਿਰੁੱਧ ਸ਼ਾਤਮਈ ਪ੍ਰਦਰਸ਼ਨ ਕਰਨ ਲਈ ਦਿੱਲੀ ਵੱਲ ਨੂੰ ਕੂਚ ਕੀਤਾ ਸੀ ਪਰੰਤੂ ਭਾਰਤ ਸਰਕਾਰ ਨੇ ਇਨਾਂ ਪ੍ਰਦਰਸ਼ਨਕਾਰੀਆਂ ਨਾਲ ਸਖਤੀ ਵਰਤੀ। ਉਨਾਂ ਉਪਰ ਅਥਰੂ ਗੈਸ ਛੱਡੀ, ਪਾਣੀ ਦੀਆਂ ਬੁਛਾਰਾਂ ਮਾਰੀਆਂ, ਲਾਠੀਚਾਰਜ ਕੀਤਾ ਤੇ ਸੜਕਾਂ ਉਪਰ ਵੱਡੇ ਪੱਧਰ ਉਪਰ ਰੋਕਾਂ ਖੜੀਆਂ ਕੀਤੀਆਂ। ਪੱਤਰ ਵਿਚ ਹੋਰ ਕਿਹਾ ਗਿਆ ਹੈ ਕਿ ਇਨਾਂ ਕਿਸਾਨਾਂ ਵਿਚੋਂ ਬਹੁਤ ਸਾਰਿਆਂ ਦੇ ਬੱਚੇ, ਰਿਸ਼ਤੇਦਾਰ ਤੇ ਮਿੱਤਰ ਅਮਰੀਕੀ ਸ਼ਹਿਰੀ ਹਨ ਜਿਨਾਂ ਨੇ ਕਿਸਾਨਾ ਦੇ ਅੰਦੋਲਨ ਸਬੰਧੀ ਆਪਣੀ ਚਿੰਤਾ ਸਾਡੇ ਨਾਲ ਸਾਂਝੀ ਕੀਤੀ ਹੈ।

ਅਸੀ ਭਾਰਤ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਉਹ ਲੋਕਤੰਤਰ ਵਿਚ ਅਧਿਕਾਰਾਂ ਤੇ ਕਦਰਾਂ-ਕੀਮਤਾਂ ਦੀ ਕਦਰ ਕਰੇ।'' ਗਰਾਮੈਂਡੀ ਨੇ ਕਿਹਾ ਹੈ ਕਿ ਕਾਂਗਰਸ ਵਿਚ ਅਮਰੀਕਨ ਸਿੱਖ ਗੁੱਟ ਦੇ ਸਹਿ ਪ੍ਰਧਾਨ ਵਜੋਂ ਇਨਾਂ ਵਿਖਾਵਕਾਰੀਆਂ ਉਪਰ ਤਸ਼ੱਦਦ ਦੀ ਜਾਣਕਾਰੀ ਮੇਰੇ ਦਫਦਰ ਵਿਚ ਪੁੱਜੀ ਹੈ ਜੋ ਪ੍ਰਦਰਸ਼ਨਕਾਰੀ ਖੇਤੀਬਾੜੀ ਵਿਚ ਸੁਧਾਰਾਂ ਸਬੰਧੀ ਹਾਲ ਹੀ ਵਿਚ ਬਣਾਏ ਕਾਨੂੰਨਾਂ ਬਾਰੇ ਆਪਣਾ ਵਿਰੋਧ ਪ੍ਰਗਟਾਉਣ ਜਾ ਰਹੇ ਸਨ।'' ਪੱਤਰ ਵਿਚ ਉਨਾਂ ਕਿਹਾ ਹੈ ਕਿ ਮੈ ਭਾਰਤ ਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣੇ ਸ਼ਹਿਰੀਆਂ ਵਿਰੁੱਧ ਦਮਨਕਾਰੀ ਕਾਰਵਾਈ ਬੰਦ ਕਰੇ ਤੇ ਉਨਾਂ ਦੇ ਸ਼ਾਤਮਈ ਇਕੱਠ ਦਾ ਨਮਾਨ ਕਰੇ।

# ਭਾਰਤੀ ਕਿਸਾਨ ਯੂਨੀਅਨ (ਦੋਆਬਾ) ਵਲੋਂ ਪੈਦਲ ਮਾਰਚ ਕਰਦੇ ਹਰਗੋਬਿੰਦ ਨਗਰ 'ਚ ਲਾਇਆ ਧਰਨਾ







**ਫਗਵਾੜਾ (ਬੀ.ਕੇ.ਰੱਤੂ)-** ਭਾਰਤੀ ਕਿਸਾਨ ਯੂਨੀਅਨ (ਦੋਆਬਾ) ਦੇ ਬੈਨਰ ਹੇਠ ਅੱਜ ਇਲਾਕੇ ਭਰ ਦੇ ਕਿਸਾਨਾ ਅਤੇ ਮਜਦੂਰਾਂ ਨੇ ਸਥਾਨਕ ਹਰਗੋਬਿੰਦ ਨਗਰ ਸਥਿਤ ਨਗਰ ਸੁਧਾਰ ਟਰੱਸਟ ਦਫਤਰ ਦੇ ਸਾਹਮਣੇ ਸੜਕ ਵਿਚਕਾਰ ਧਰਨਾ ਲਾ ਕੇ ਕੇਂਦਰ ਦੀ ਮੋਦੀ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾ ਦੇ ਭਵਿੱਖ ਨੂੰ ਤਬਾਹ ਕਰਨ ਲਈ ਬਣਾਏ ਗਏ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਤੁਰੰਤ ਰੱਦ ਕੀਤਾ ਜਾਵੇ। ਇਸ ਤੋਂ ਪਹਿਲਾਂ ਸਮੂਹ ਕਿਸਾਨ ਸਥਾਨਕ ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਇਕੱਠੇ ਹੋਏ ਅਤੇ ਪੈਦਲ ਮਾਰਚ ਕਰਦੇ ਹੋਏ ਹਰਗੋਬਿੰਦ ਨਗਰ ਪੁੱਜੇ। ਕਿਸਾਨਾਂ ਨੇ ਹੱਥਾਂ 'ਚ ਵੱਖ-ਵੱਖ ਸਲੋਗਨ ਅਤੇ ਝੰਡੇ ਫੜੇ ਹੋਏ ਸਨ ਤੇ ਲਗਾਤਾਰ ਮੋਦੀ ਸਰਕਾਰ ਖਿਲਾਫ ਨਾਅਰੇਬਾਜੀ ਕੀਤੀ ਗਈ। ਧਰਨੇ ਦੌਰਾਨ ਸੰਬੋਧਨ ਕਰਦਿਆਂ ਸਤਨਾਮ ਸਿੰਘ ਸਾਹਨੀ, ਸਤਬੀਰ ਸਿੰਘ ਸਾਬੀ ਵਾਲੀਆ, ਹਰਭਜਨ ਸਿੰਘ ਮਲਕਪੁਰ, ਭਾਈ ਸੁਖਦੇਵ ਸਿੰਘ, ਜਰਨੈਲ ਨੰਗਲ, ਕੁਲਵਿੰਦਰ ਸਿੰਘ ਕਾਲਾ ਸਰਪੰਚ ਅਠੌਲੀ, ਭਾਈ ਗੁਰਦਿਆਲ ਸਿੰਘ ਲੱਖਪੁਰ, ਸੁਖਵਿੰਦਰ ਸਿੰਘ ਸ਼ੇਰਗਿਲ, ਮਨਜੀਤ ਰਾਏ, ਗੁਰਪਾਲ ਸਿੰਘ ਪਾਲਾ ਮੌਲੀ, ਭਾਈ ਮਨਜੀਤ ਸਿੰਘ ਖਾਲਸਾ, ਸੁਮਿੰਦਰ ਸਿੰਘ ਅਤੇ ਕ੍ਰਿਪਾਲ ਸਿੰਘ ਮੂਸਾਪੁਰ ਆਦਿ ਨੇ ਕਿਹਾ ਕਿ ਮੋਦੀ ਸਰਕਾਰ ਕਿਸਾਨਾ ਨਾਲ ਜੋ ਧੱਕੇਸ਼ਾਹੀ ਕਰ ਰਹੀ ਹੈ ਉਸਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅਨੇਕਾਂ ਮੀਟਿੰਗਾ ਦੇ ਬਾਵਜੂਦ ਮੋਦੀ ਸਰਕਾਰ ਕਾਲੇ ਕਾਨੂੰਨ ਵਾਪਸ ਲੈਣ ਲਈ ਤਿਆਰ ਨਹੀਂ ਹੋ ਰਹੀ ਜਿਸ ਨਾਲ ਕਿਸਾਨਾ ਵਿਚ ਭਾਰੀ ਗੁੱਸੇ ਦੀ ਲਹਿਰ ਪੈਦਾ ਹੋ ਰਹੀ ਹੈ। ਕਿਸਾਨਾ ਦੀ ਸਿਰਫ ਇਕ ਹੀ ਮੰਗ ਹੈ ਕਿ ਇਹਨਾਂ ਕਾਨੂੰਨਾ ਨੂੰ ਤੁਰੰਤ ਵਾਪਸ ਲਿਆ ਜਾਵੇ। ਇਸ ਤੋਂ ਘੱਟ ਕੁੱਝ ਵੀ ਮੰਨਜੂਰ ਨਹੀਂ ਹੋਵੇਗਾ। ਬੇਸ਼ਕ ਇਸ ਅੰਦੋਲਨ ਨੂੰ ਜਿੰਨਾ ਵੀ ਲੰਬਾ ਖਿੱਚਣਾ ਪਿਆ ਕਿਸਾਨ ਪਿੱਛੇ ਨਹੀਂ ਹਟਣਗੇ ਜਿਸਦੀ ਪੂਰੀ ਤਿਆਰੀ ਪਹਿਲਾਂ ਤੋਂ ਹੀ ਕੀਤੀ ਹੋਈ ਹੈ। ਜੇਕਰ ਜਰੂਰਤ ਪਈ ਤਾਂ ਪੰਜਾਬ ਦੇ ਸਮੂਹ ਕਿਸਾਨ ਪਰਿਵਾਰਾਂ ਸਮੇਤ ਦਿੱਲੀ ਵਲ ਨੂੰ ਰਵਾਨਾ ਹੋਣਗੇ। ਇਸ ਮੌਕੇ ਏ.ਡੀ.ਸੀ. ਰਾਜੀਵ ਵਰਮਾ ਨੂੰ ਇਕ ਮੰਗ ਪੱਤਰ ਵੀ ਦਿੱਤਾ ਗਿਆ। ਪੁਲਿਸ ਵਲੋਂ ਐਸ.ਪੀ. ਫਗਵਾੜਾ ਮਨਵਿੰਦਰ ਸਿੰਘ ਦੀ ਮੌਜੂਦਗੀ ਵਿਚ ਸੁਰੱਖਿਆ ਦੇ ਸਖਤ ਇੰਤਜਾਮ ਕੀਤੇ ਗਏ ਸਨ। ਇਸ ਮੌਕੇ ਵੱਡੀ ਗਿਣਤੀ ਵਿਚ ਕਿਸਾਨ ਆਗੂ ਅਤੇ ਮਜਦੂਰ ਭਾਈਚਾਰਾ ਮੌਜੂਦ ਸੀ।

# ਬੰਦ ਮੁੱਠੀਆਂ ਦੀ ਦਾਸਤਾਂ

ਕਹਾਣੀ - ਬਲਵਿੰਦਰ ਬਾਲਮ

ਰੋਸ਼ਨ ਸਿੰਘ ਇਕ ਮਸ਼ਹੂਰ ਡਾਕਟਰ। ਜਿਸ ਕੋਲ ਮਰੀਜ਼ਾਂ ਦਾ ਤਾਂਤਾ ਲੱਗਾ ਰਹਿੰਦਾ। ਆਪਣੀ ਵਾਰੀ ਦੇ ਮੁਤਾਬਿਕ ਇਕ ਮਰੀਅਲ ਜਿਹੀ ਲੜਕੀ ਨੇ ਕਮਰੇ ਵਿਚ ਪ੍ਰਵੇਸ਼ ਕਰਦਿਆਂ ਨਮਸਕਾਰ ਕੀਤੀ ਅਤੇ ਡਾਕਟਰ ਦੇ ਨਾਲ ਵਾਲੇ ਪਾਸੇ ਰੱਖੇ ਸਟੂਲ ਉਪੱਰ ਬੈਠ ਗਈ।

ਡਾਟਕਰ ਨੇ ਜਗਿਆਸਾ ਨਾਲ ਕਿਹਾ, ''ਹਾਂ ਜੀ ਦੱਸੋ? ਤੁਹਾਨੂੰ ਕੀ ਗੱਲ ਏ?''

ਲੜਕੀ ਨੇ ਮਰੀਅਲ ਜਿਹੀ ਆਵਾਜ਼ ਵਿਚ ਕਿਹਾ, ''ਡਾਕਟਰ ਸਾਹਿਬ ਕੁਝ ਮਹੀਨਿਆਂ ਤੋਂ ਮੇਰੀਆਂ ਮੁੱ-ਠੀਆਂ ਬੰਦ ਹਨ ਅਤੇ ਹੇਠਾਂ ਨੂੰ ਮੁੜੀਆਂ ਹੋਈਆਂ ਹਨ, ਇਹ ਖੁੱਲ੍ਹਦੀਆਂ ਨਹੀਂ। ਬਸ ਇਕ ਜਗ੍ਹਾ 'ਤੇ ਸਥਿਰ ਹੋ ਗਈਆਂ ਹਨ। ਬੜੇ ਇਲਾਜ ਕਰਵਾਏ ਹਨ ਪਰ ਇਹ ਠੀਕ ਨਹੀਂ ਹੋ ਰਹੀਆਂ। ਬਹੁਤ ਪਰੇਸ਼ਾਨ ਹਾਂ ਡਾਕਟਰ ਸਾਹਿਬ।''

ਡਾਕਟਰ ਨੇ ਆਪਣੀ ਸੋਚ ਅਤੇ ਬੁੱਧੀਮੱਤਾ ਦੇ ਮੁਤਾਬਿਕ ਉਸਦੇ ਸਰੀਰ ਦੇ ਮੁਨਸਾਬਿ ਟੈਸਟ ਕਰਵਾਏ। ਉਨ੍ਹਾਂ ਸਾਰੇ ਟੈਸਟਾਂ ਵਿਚ ਕੋਈ ਵੀ ਨੁਕਸ ਨਾ ਆਇਆ। ਡਾਕਟਰ ਨੇ ਸੋਚ ਸਮਝ ਦੇ ਮੁਤਾਬਿਕ ਉਸ ਲੜਕੀ ਨੂੰ ਇਕ ਹਫ਼ਤੇ ਦੀ ਦਵਾਈ ਦੇ ਦਿੱਤੀ ਅਤੇ ਹਫ਼ਤੇ ਬਾਅਦ ਫਿਰ ਵਿਖਾਉਣ ਲਈ ਹਦਾਇਤ ਕੀਤੀ।

ਹਫ਼ਤੇ ਬਾਅਦ ਉਹ ਮਰੀਅਲ ਜਿਹੀ ਲੜਕੀ ਫਿਰ ਡਾਕਟਰ ਕੋਲ ਆਈ। ਲੜਕੀ ਨੂੰ ਕੋਈ ਫ਼ਰਕ ਨਹੀਂ ਸੀ ਪਿਆ। ਡਾਕਟਰ ਨੇ ਫਿਰ ਦੁਬਾਰਾ ਸਾਰੇ ਟੈਸਟ ਕਰਵਾਏ। ਫਿਰ ਵੀ ਸਾਰੇ ਟੈਸਟ ਠੀਕ ਨਿਕਲੇ। ਡਾਕਟਰ ਨੇ ਫਿਰ ਦਵਾਈਆਂ ਬਦਲ ਕੇ ਦੇ ਦਿੱਤੀਆਂ ਤੇ 15 ਦਿਨਾਂ ਬਾਅਦ ਆਉਣ ਦੀ ਹਦਾਇਤ ਕੀਤੀ।

ਡਾਕਟਰ ਕੋਲ ਆਈ ਅਤੇ ਉਸਨੇ ਡਾਕਟਰ ਨੂੰ ਕਿਹਾ, ''ਡਾਕਟਰ ਸਾਹਿਬ ਕੋਈ ਫ਼ਰਕ ਨਹੀਂ ਪਿਆ।''

ਡਾਕਟਰ ਨੇ ਕਿਹਾ, ''ਮੈਂ ਵਧੀਆ ਤੋਂ ਵਧੀਆ ਦਵਾਈਆਂ ਤੁਹਾਨੂੰ ਦਿੱਤੀਆਂ ਹਨ। ਤੁਹਾਡੇ ਟੈਸਟ ਵੀ ਸਾਰੇ ਠੀਕ ਹਨ। ਤੁਹਾਨੂੰ ਦਵਾਈਆਂ ਨਾਲ ਕੋਈ ਫ਼ਰਕ ਨਹੀਂ ਪੈ ਰਿਹਾ।''

ਡਾਕਟਰ ਮਨ ਹੀ ਮਨ ਸੋਚਣ ਲੱਗਾ। ਉਸਨੇ ਸੋਚਿਆ ਕਿ ਕਿਉਂ ਨਾ ਇਸ ਲੜਕੀ ਨੂੰ ਮਨੋਵਿਗਿਆਨਕ ਦ੍ਰਿਸ਼ਟੀ ਨਾਲ ਵੇਖਿਆ ਪਰਖਿਆ ਜਾਵੇ।

ਡਾਕਟਰ ਨੇ ਗੰਭੀਰਤਾ ਵਿਚ ਉਤਰਦਿਆਂ ਲੜਕੀ ਨੂੰ ਕਿਹਾ, ''ਤੁਹਾਨੂੰ ਸ਼ਰੀਰਕ ਰੋਗ ਕੋਈ ਨਹੀਂ ਹੈ। ਕੀ ਤੁਹਾਡੇ ਨਾਲ ਕੋਈ ਹਾਦਸਾ ਹੋਇਆ? ਜਾਂ ਬਚਪਨ ਵਿਚ ਕੋਈ ਐਕਸੀਡੈਂਟ ਹੋਇਆ? ਜਾਂ ਕੋਈ ਹੋਰ ਕਾਰਨ? ਤੁਹ-ਾਡੀਆਂ ਮੁੱਠੀਆਂ ਬੰਦ ਕਿਵੇਂ ਹੋਈਆਂ? ਕੀ ਤੁਸੀਂ ਕੁਝ ਮਹੀਨੇ ਪਹਿਲਾਂ ਬਿਲਕੁਲ ਠੀਕ ਠਾਕ ਸੀ? ਇਹ ਹੱਥ ਕਦੋਂ ਤੱਕ ਠੀਕ ਹਰਕਤ ਕਰਦੇ ਸੀ ਆਦਿ?''

ਉਸ ਲੜਕੀ ਨੇ ਕੁਝ ਸਮਾਂ ਸੋਚਣ ਤੋਂ ਬਾਅਦ ਉਦਾਸੀਨਤਾ ਵਿਚ ਉਤਰਦਿਆਂ ਕਿਹਾ, ''ਡਾਕਟਰ ਸਾਹਿਬ ਮੈਂ ਤੁਹਾਡੇ ਨਾਲ ਵੱਖਰੀ ਗੱਲ ਕਰਨਾ ਚਾਹੁੰਦੀ ਹਾਂ। ਇਹ ਗੱਲ ਤੁਸੀਂ ਕਿਸੇ ਨਾਲ ਨਹੀਂ ਕਰੋਗੇ।''

ਡਾਕਟਰ ਨੇ ਵਾਅਦਾ ਕੀਤਾ ਕਿ ਇਹ ਗੱਲ ਕਿਸੇ ਨਾਲ ਵੀ ਨਹੀਂ ਕਰੇਗਾ। ਤੁਸੀਂ ਬੇਝਿਜਕ ਸਾਰੀ ਗੱਲ ਦੱਸੋ? ਕਿ ਇਹ ਮੁੱਠੀਆਂ ਬੰਦ ਕਿਵੇਂ ਹੋਈਆਂ?

ਉਹ ਲੜਕੀ ਬੁਸਕ-ਬੁਸਕ ਕੇ ਰੋਣ ਲੱਗੀ ਅਤੇ ਫਿਰ ਅੱਖਾਂ 'ਚੋਂ ਹੰਝੂ ਪੂੰਝਣ ਤੋਂ ਬਾਅਦ ਠਰੱਮੇ ਨਾਲ ਕਹਿਣ ਲੱਗੀ।

ਉਸ ਲੜਕੀ ਨੇ ਆਪਣੇ ਪਰਸ 'ਚੋਂ ਇਕ ਖ਼ੂਬ-ਸੂਰਤ, ਭਰ ਜਵਾਨ, ਗੋਰੀ ਚਿੱਟੀ ਲੜਕੀ ਦੀ ਤਸਵੀਰ ਕੱਢ ਕੇ ਡਾਕਟਰ ਸਾਹਿਬ ਦੇ ਸਾਹਮਣੇ ਰੱਖ ਦਿੱਤੀ।

ਡਾਕਟਰ ਨੇ ਉਤਸੁਕਤਾ ਨਾਲ ਪੁੱਛਿਆ, ''ਇਹ ਕਿਸਦੀ ਤਸਵੀਰ ਹੈ? ਇਸਦਾ ਬਿਮਾਰੀ ਨਾਲ ਕੀ ਸਬੰਧ ਹੈ? ਇਹ ਤਾਂ ਬਹੁਤ ਹੀ ਖ਼ੂਬਸੂਰਤ ਲੜਕੀ ਦੀ ਤਸਵੀਰ ਹੈ! ਇਹ ਕੌਣ ਹੈ?''

ਉਸ ਲੜਕੀ ਨੇ ਉਦਾਸ ਹੁੰਦਿਆਂ ਹੌਲੀ ਜਿਹੀ ਕਿਹਾ, ''ਡਾਕਟਰ ਸਾਹਿਬ ਇਹ ਮੇਰੀ ਤਸਵੀਰ ਹੈ। ਕੁਝ ਮਹੀਨੇ ਪੁਰਾਣੀ ਮੇਰੀ ਹੀ ਤਸਵੀਰ ਹੈ।''

ਡਾਕਟਰ ਇਕਦਮ ਹੈਰਾਨ ਹੋ ਗਿਆ। ਕਦੀ ਉਹ ਮਰੀਅਲ ਜਿਹੀ ਲੜਕੀ ਵੱਲ ਅਤੇ ਕਦੀ ਤਸਵੀਰ ਵੱਲ ਵੇਖਣ ਲੱਗਾ। ਕਿਉਂਕਿ ਉਸਦੇ ਸਾਹਮਣੇ ਤਾਂ ਇਕ ਸਾਂਵਲੇ ਜਿਹੇ ਰੰਗ ਦੀ, ਭੱਦੀ ਜਿਹੀ ਸ਼ਕਲ ਵਾਲੀ ਮਰੀਅਲ ਜਿਹੀ ਲੜਕੀ, ਅੱਖਾਂ ਥੱਲੇ ਗੜ੍ਹੇ, ਚਿਹਰੇ 'ਤੇ ਮਾਯੂਸੀ, ਕਾਨਾ ਜਿਹਾ ਜਿਸਮ, ਮਰੀਅਲ ਜਿਹੀ ਆਵਾਜ਼ ਵਾਲੀ ਲੜਕੀ ਬੈਠੀ ਸੀ।

ਡਾਕਟਰ ਬਹੁਤ ਹੈਰਾਨ ਹੋਇਆ। ਉਸਨੇ ਪੁੱਛਿਆ ਕਿ ਇਹ ਮਾਜਰਾ ਕੀ ਹੈ? ਕਿ ਏਨੀ ਖ਼ੂਬਸੂਰਤ ਲੜਕੀ ਤੋਂ ਏਨੀਂ ਭੱਦੀ ਸ਼ਕਲ ਵਾਲੀ ਲੜਕੀ ਕਿਵੇਂ ਬਣ ਗਈ?

ਉਸ ਲੜਕੀ ਨੇ ਉਦਾਸੀ 'ਚੋਂ ਸਾਰੀ ਹਿੰਮਤ ਜੁਟਾ ਕੇ ਮੱਧਮ ਆਵਾਜ਼ ਨੂੰ ਤੇਜ਼ ਕਰਦਿਆਂ ਦੱਸਿਆ, ''ਡਾਕਟਰ ਸਾਹਿਬ ਮੈਂ ਇਕ ਕੋਰਟ (ਕਚਹਿਰੀ) ਵਿਚ ਇਕ ਜੱਜ ਦੀ ਸਟੈਨੋ ਸੀ। ਮੈਂ ਕਵਾਰੀ ਸਾਂ। ਮੈਂ ਲਗਭਗ ਕੁਝ ਮਹੀਨੇ ਪਹਿਲਾਂ ਹੀ ਇਸ ਜੱਜ ਦੀ ਸਟੈਨੋ ਲੱਗੀ ਸਾਂ। ਜੱਜ ਦੇ ਇਕ ਕੇਸ ਲੱਗਾ ਹੋਇਆ ਸੀ। ਇਹ ਕੇਸ (ਮੁਕੱਦਮਾ) ਇਕ ਖ਼ੂਬਸੂਰਤ ਨੌਜਵਾਨ ਲੜਕੇ ਦਾ ਸੀ। ਉਸ ਲੜਕੇ ਉਪੱਰ ਸਮਗਲਿੰਗ ਦਾ ਮੁਕੱਦਮਾ ਸੀ। ਉਹ ਲੜਕਾ ਉਚੱ ਦਰਜੇ ਦੇ ਸਮਗਲਰਾਂ ਵਿਚ ਆਉਂਦਾ ਸੀ।

ਕੁਝ ਮਹੀਨਿਆਂ ਤੱਕ ਉਸਦਾ ਮੁਕੱਦਮਾ ਚੱਲਦਾ ਰਿਹਾ। ਉਸ ਲੜਕੇ ਦੀ ਜ਼ਮਾਨਤ ਹੋ ਚੁੱਕੀ ਸੀ। ਪਰ ਉਸਨੂੰ ਸਜ਼ਾ ਜ਼ਰੂਰ ਹੋ ਜਾਣੀ ਸੀ। ਉਹ ਲੜਕਾ ਇਕ ਰੱਜੇ ਪੁੱਜੇ ਘਰ ਦਾ ਸੀ ਅਤੇ ਖੁਸ਼ਹਾਲ ਪਰਿਵਾਰ ਦਾ ਲੜਕਾ ਸੀ। ਉਹ ਲੜਕਾ ਮੁਕੱਦਮੇ ਦੀਆਂ ਤਾਰੀਕਾਂ ਲੈਣ ਲਈ ਮੇਰੇ ਕੋਲ ਤਰਲੇ ਮਿੰਨਤਾ ਕਰਦਾ ਤੇ ਮੈਂ ਉਸਦੇ ਭੋਲੇਪਣ ਅਤੇ ਤਰਲਿਆਂ ਮਿੰਨਤਾਂ ਕਰਕੇ ਉਸਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ।

ਹੌਲੀ ਹੌਲੀ ਉਹ ਲੜਕਾ ਮੇਰੇ ਲਈ ਕੀਮਤੀ ਅਤੇ ਖ਼ੂਬਸੂਰਤ ਗਿਫ਼ਟ ਲਿਆਉਣ ਲੱਗ ਪਿਆ। ਮੇਰੇ ਮਨ੍ਹਾਂ ਕਰਨ ਦੇ ਬਾਵਜੂਦ ਵੀ ਉਹ ਕੋਈ ਨਾ ਕੋਈ ਕੀਮਤੀ ਗਿਫ਼ਟ ਲੈ ਆਉਂਦਾ। ਗੱਲ ਏਥੋਂ ਤੱਕ ਚਲੀ ਗਈ ਕਿ ਮੈਂ ਉਸ ਨਾਲ ਬਾਜ਼ਾਰ ਸ਼ਾਪਿੰਗ ਕਰਨ ਲਈ ਵੀ ਚਲੀ ਜਾਂਦੀ। ਸਾਡੀ ਕੁਝ ਮਹੀਨਿਆਂ ਵਿਚ ਹੀ ਗਹਿਰੀ ਦੋਸਤੀ ਹੋ ਗਈ। ਉਸ ਲੜਕੇ ਨੇ ਮੈਨੂੰ ਦੱਸਿਆ, ''ਉਹ ਨਿਰਦੋਸ਼ ਹੈ ਅਤੇ ਲਾਗਤਬਾਜ਼ੀ ਨਾਲ ਉਸਨੂੰ ਫਸਾਇਆ ਗਿਆ ਹੈ।'' ਉਹ ਇੱਕ ਰੱਜੇ ਪੁੱਜੇ ਘਰ ਦਾ ਲੜਕਾ ਸੀ। ਉਸਦੇ ਦੱਸੇ ਕਈ ਸਬੂਤਾਂ ਤੋਂ ਮੈਨੂੰ ਪੱਕਾ ਯਕੀਨ ਹੋ ਗਿਆ ਕਿ ਉਸਨੂੰ ਨਾਜਾਇਜ਼ ਫਸਾਇਆ ਗਿਆ ਹੈ।

ਉਹ ਲੜਕਾ ਬਹੁਤ ਖ਼ੂਬਸੂਰਤ, ਦਿਲਦਾਰ, ਦਲੇਰ, ਹਿੰਮਤੀ ਅਤੇ ਦਿਲੋ ਜਾਨ ਦੇਣ ਵਾਲਾ ਸੀ। ਮੇਰੇ ਨਾਲ ਉਹ ਦਿਲੋਂ ਮੁਹੱਬਤ ਕਰਨ ਲੱਗਾ। ਮੈਂ ਵੀ ਉਸਨੂੰ ਦਿਲ ਦੇ ਚੁੱਕੀ ਸਾਂ।

ਮੈਂ ਤੇ ਉਹ ਕਦੀ ਕਦੀ ਛੁੱਟੀ ਵਾਲੇ ਦਿਨ ਉਚੱ ਪਹਾੜੀ ਇਲਾਕਿਆਂ ਵਿਚ ਸੈਰ-ਸਪਾਟਾ ਕਰਨ ਲਈ ਚਲੇ ਜਾਂਦੇ। ਉਸਨੇ ਮੇਰੇ ਉਪੱਰ ਬਹੁਤ ਰੁਪਈਆ ਪਾਣੀ ਵਾਂਗ ਵਹਾਇਆ। ਉਸਨੇ ਮੈਨੂੰ ਕਦੀ ਵੀ ਸਰੀਰਕ ਸਬੰਧਾਂ ਲਈ ਨਹੀਂ ਕਿਹਾ ਸੀ। ਉਸਦੀ ਇਹ ਆਦਤ ਮੈਨੂੰ ਸਭ ਤੋਂ ਵਧੀਆ ਲੱਗੀ।



ਉਸ ਕੋਲ ਵਧੀਆ ਕੀਮਤੀ ਕਾਰ ਸੀ। ਮੈਂ ਜਿਸ ਸ਼ਹਿਰ ਬਾਰੇ ਵੀ ਕਹਿਣਾ ਉਹ ਮੈਨੂੰ ਉਸੇ ਸ਼ਹਿਰ ਹੀ ਲੈ ਕੇ ਚਲਿਆ ਜਾਂਦਾ ਸੀ। ਮੇਰੀ ਹਰ ਖ਼ਾਹਿਸ਼ ਦਾ ਉਹ ਖ਼ਿਆਲ ਰੱਖਦਾ। ਮੈਨੂੰ ਉਸ ਨਾਲ ਸੱਚੀ ਦਿਲੋਂ ਮੁਹੱਬਤ ਹੋ ਗਈ ਸੀ। ਮੈਂ ਇਸ ਤਰ੍ਹਾਂ ਦਾ ਦਲੇਰ, ਨਿਡਰ, ਭਰੋਸੇਮੰਦ ਅਤੇ ਦਿਲਦਾਰ ਨਿਸਵਾਰਥ ਮੁਹ-ੱਬਤ ਕਰਨ ਵਾਲਾ ਲੜਕਾ ਜ਼ਿੰਦਗੀ ਵਿਚ ਨਹੀਂ ਸੀ ਵੇਖਿਆ।

ਉਸਨੇ ਮੇਰੇ ਨਾਲ ਸ਼ਾਦੀ ਕਰਨ ਦਾ ਵਾਅਦਾ ਕੀਤਾ। ਮੈਂ ਵੀ ਉਸਨੂੰ ਇਨਕਾਰ ਨਾ ਕਰ ਸਕੀ।

ਉਸ ਲੜਕੇ ਨੇ ਮੈਨੂੰ ਕਿਹਾ,''ਜੇ ਤੁਸੀਂ ਮੈਨੂੰ ਮੁਕੱਦਮੇ 'ਚੋਂ ਬਰੀ ਕਰਵਾ ਦਿਓ ਤਾਂ ਮੈਂ ਤੁਹਾਡੇ ਨਾਲ ਸ਼ਾਦੀ ਕਰ ਲਵਾਂਗਾ। ਮੈਂ ਉਸ ਲੜਕੇ ਨਾਲ ਸਹਿਮਤ ਹੋ ਗਈ। ਰਾਤਾਂ ਦੇ ਸੁਨਹਿਰੀ ਸੁਪਨਿਆਂ ਵਿਚ ਸ਼ਾਦੀ ਦੇ ਦ੍ਰਿਸ਼ ਵੇਖਣ ਲੱਗੀ। ਉਹ ਲੜਕਾ ਦਰਅਸਲ ਮੈਨੂੰ ਦਿਲੋਂ ਹੀ ਬੇਹੱਦ ਪਿਆਰ ਕਰਦਾ ਸੀ।

ਉਹ ਮੈਨੂੰ ਕਹਿੰਦਾ ਹੁੰਦਾ ਸੀ ਕਿ ਸਾਡੀ ਦੁਸ਼ਮਣੀ ਬਹੁਤ ਹੈ। ਜਿਸ ਕਰਕੇ ਇਸ ਤਰ੍ਹਾਂ ਦੇ ਝੂਠੇ ਕੇਸ ਪੁਲਿਸ ਪਾ ਦਿੰਦੀ ਹੈ। ਸ਼ਾਦੀ ਤੋਂ ਬਾਅਦ ਮੈਂ ਆਪਣੀ ਖੇਤੀਬਾੜੀ ਦਾ ਕੰਮ ਸੰਭਾਲ ਲਵਾਂਗਾ। ਹੋਰ ਵੀ ਜਾਇਦਾਦ ਬਹੁਤ ਹੈ।

ਦੂਸਰੇ ਸ਼ਹਿਰਾਂ ਵਿਚ ਵੀ ਉਨ੍ਹਾਂ ਦੀ ਕਾਫ਼ੀ ਜਾਇਦਾਦ ਹੈ। ਉਸਨੇ ਕਿਹਾ ਕਿ ਅਸੀਂ ਆਰਾਮ ਨਾਲ ਬਹਿ ਕੇ ਖਾਹ ਸਕਦੇ ਹਾਂ। ਉਹ ਏਨੇ ਸੁੰਦਰ ਸੁਪਨੇ ਬੁਣਦਾ ਸੀ ਕਿ ਜ਼ਿੰਦਗੀ ਖ਼ੂਬਸੂਰਤ ਜੰਨਤ ਵਰਗੀ ਲੱਗਦੀ।

ਇਕ ਦਿਨ ਜੱਜ ਸਾਹਿਬ ਆਪਣੇ ਆਰਾਮ ਕਮਰੇ ਵਿਚ ਬੈਠੇ ਇਕੱਲੇ ਹੀ ਚਾਹ ਪੀ ਰਹੇ ਸੀ। ਮੈਂ ਉਨ੍ਹਾਂ ਦੇ ਕੋਲ ਚਲੀ ਗਈ। ਮੈਂ ਝਿਜਕਦੇ ਹੋਏ ਉਨ੍ਹਾਂ ਨੂੰ ਨਿਮਰਤਾ ਅਤੇ ਤਰਸ ਭਰੇ ਲਹਿਜੇ ਵਿਚ ਕਿਹਾ, ''ਸਰ, ਮੈਂ ਤੁਹਾਡੇ ਨਾਲ ਇਕ ਜ਼ਰੂਰੀ ਗੱਲ ਕਰਨੀ ਚਾਹੁੰਣੀ ਹਾਂ।'' ਜੱਜ ਨੇ ਮੈਨੂੰ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ ਅਤੇ ਮੈਂ ਧੰਨਵਾਦ ਕਹਿ ਕੇ ਕੁਰਸੀ 'ਤੇ ਬੈਠ ਗਈ। ਮੈਂ ਜੱਜ ਸਾਹਿਬ ਨੂੰ ਹਿੰਮਤ ਬੰਨ ਕੇ ਕਿਹਾ, ''ਸਰ, ਮੇਰੇ ਨਾਲ ਇਕ ਵਾਅਦਾ ਕਰੋ ਕਿ ਤੁਸੀਂ ਮੈਨੂੰ ਨਾਂਹ ਨਹੀਂ ਕਰੋਗੇ।'' ਉਹ ਜੱਜ ਮੈਨੂੰ ਧੀਆਂ ਵਾਂਗ ਹੀ ਸਮਝਦਾ ਸੀ। ਧੀਆਂ ਵਾਂਗ ਹੀ ਪਿਆਰ ਸਤਿਕਾਰ ਦਿੰਦਾ ਸੀ।

ਜੱਜ ਨੇ ਕਿਹਾ, ''ਬੇਟਾ ਤੁਸੀਂ ਗੱਲ ਤਾਂ ਦੱਸੋ? ਜੇ ਮੰਨਣ ਵਾਲੀ ਹੋਵੇਗੀ ਤਾਂ ਜ਼ਰੂਰ ਮੰਨਾਂਗਾ। ਜੇ ਮੇਰੇ ਅਖ਼ਤਿਆਰ ਵਿਚ ਹੋਈ ਤਾਂ ਜ਼ਰੂਰ ਮੰਨ ਲਵਾਂਗਾ। ਮੇਰੇ ਅਖ਼ਤਿਆਰ ਵਿਚ ਹੋਣੀਂ ਚਾਹੀਦੀ ਹੈ।''

ਮੈਂ ਕੁਰਸੀ ਤੋਂ ਥੋੜ੍ਹਾ ਅੱਗੇ ਖਿਸਕਦੇ ਹੋਏ ਕਿਹਾ, ''ਸਰ, ਜਿਸ ਲੜਕੇ ਦਾ ਸਮਗਲਿੰਗ ਦਾ ਕੇਸ ਚੱਲ ਰਿਹਾ ਹੈ। ਉਸਨੂੰ ਬਰੀ ਕਰ ਦਿਓ। ਮੈਂ ਉਸ ਲੜਕੇ ਨਾਲ ਬਹੁਤ ਪਿਆਰ ਕਰਦੀ ਹਾਂ ਅਤੇ ਉਹ ਵੀ ਮੈਨੂੰ ਬਹੁਤ ਪਿਆਰ ਕਰਦਾ ਹੈ। ਮੈਨੂੰ ਦਿਲੋਂ ਚਾਹੁੰਦਾ ਹੈ। ਅਸੀਂ ਕਈ-ਕਈ ਦਿਨ ਇਕੱਠੇ ਵੀ ਘੁੰਮ ਲੈਂਦੇ ਹਾਂ। ਉਸਦੀ ਕਾਫ਼ੀ ਪ੍ਰਾਪਰਟੀ ਹੈ। ਖਾਂਦੇ ਪੀਂਦੇ ਘਰ ਦਾ ਲੜਕਾ ਹੈ ਸਰ! ਉਸ ਉਪੱਰ ਇਹ ਸਮਗਲਿੰਗ ਦਾ ਝੂਠਾ ਕੇਸ ਪਾਇਆ ਗਿਆ ਹੈ। ਉਸਨੇ ਮੇਰੇ ਨਾਲ ਵਾਅਦਾ ਕੀਤਾ ਹੈ ਕਿ ਉਹ ਬਰੀ ਹੋ ਜਾਵੇਗਾ ਤਾਂ ਮੇਰੇ ਨਾਲ ਸ਼ਾਦੀ ਕਰ ਲਵੇਗਾ ਪਰ ਸਰ ਅਸੀਂ ਪਿਆਰ ਵਿਚ ਬਹੁਤ ਅੱਗੇ ਨਿਕਲ ਚੁੱਕੇ ਹਾਂ। ਸਰ, ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਇਸ ਲੜਕੇ ਨੂੰ ਬਰੀ ਕਰ ਦੇਵੋ।''

ਜੱਜ ਕੁਝ ਹੈਰਾਨੀ ਵਿਚ ਪੈ ਗਿਆ ਅਤੇ ਉਸਨੇ ਬਹੁਤ ਸੋਚ ਵਿਚਾਰ ਤੋਂ ਬਾਅਦ ਜਵਾਬ ਦਿੰਦਿਆਂ ਕਿਹਾ, ''ਬੇਟਾ ਸੁਣ, ਸਮਗਲਰ ਲੋਕ ਕਿਸੇ ਦੇ ਵੀ ਮਿਤ ਨਹੀਂ ਹੁੰਦੇ। ਇਨ੍ਹਾਂ ਨੂੰ ਆਪਣੇ ਆਪ ਉਪੱਰ ਵਿਸ਼ਵਾਸ਼ ਨਹੀਂ ਹੁੰਦਾ ਕਿ ਉਨ੍ਹਾਂ ਨਾਲ ਅਗਲੇ ਪਲ ਕੀ ਹੋਣ ਵਾਲਾ ਏ, ਇਨ੍ਹਾਂ ਨੂੰ ਖ਼ੁਦ ਹੀ ਪਤਾ ਨਹੀਂ ਹੁੰਦਾ। ਇਹ ਪੁਲਿਸ ਨਾਲ ਉਨ੍ਹਾਂ ਚਿਰ ਹੀ ਲੁਕਣਮੀਟੀ ਖੇਡਦੇ ਹਨ ਜਿੰਨਾ ਚਿਰ ਇਹ ਗ੍ਰਿਫ਼ਤਾਰ ਨਹੀਂ ਹੁੰਦੇ। ਇਨ੍ਹਾਂ ਦਾ ਭਵਿੱਖ ਇਕ ਐਸੀ ਗੁਫ਼ਾ ਹੈ ਜਿਸ 'ਚੋਂ ਨਿਕਲਣ ਦਾ ਕੋਈ ਰਸਤਾ ਹੀ ਨਹੀਂ। ਇਨ੍ਹਾਂ ਨੂੰ ਆਖਿਰ ਹਥਿਆਰ ਸੁੱਟਣੇਂ ਪੈਂਦੇ ਹਨ। ਇਨ੍ਹਾਂ ਲੋਕਾਂ ਵਿਚ ਪਿਆਰ, ਵਿਸ਼ਵਾਸ਼, ਸੰ-ਸਕਾਰ, ਸਤਿਕਾਰ, ਇਕਰਾਰ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਇਹ ਤਾਂ ਮੌਤ ਦਾ ਗ਼ਾਨਾ ਬੰਨ ਕੇ ਇਸ ਤਰ੍ਹਾਂ ਦੇ ਕਾਰਜ ਕਰਦੇ ਹਨ।

ਅੱਜ ਬਰੀ ਹੋ ਜਾਵੇਗਾ, ਫਿਰ ਕਿਸੇ ਨਾ ਕਿਸੇ ਦਿਨ ਕੁੜਿੱਕੀ ਵਿਚ ਫੱਸ ਜਾਵੇਗਾ। ਇਹ ਲੋਕ ਤਾਂ ਆਪਣੇ ਘਰ ਦਿਆਂ ਨਾਲ ਵੀ ਧੋਖਾ ਕਰਦੇ ਹਨ। ਪਿਆਰ ਦੀ ਕੀ ਪਰਿਭਾਸ਼ਾ ਹੈ ਇਸ ਤੋਂ ਕੋਹਾਂ ਮੀਲ ਦੂਰ ਹਨ। ਅਸਲ ਵਿਚ ਇਨ੍ਹਾਂ ਦੇ ਪਿਆਰ ਦੇ ਉਪਰਲੇ ਹਿੱਸੇ ਵਿਚ ਸ਼ਹਿਦ ਅਤੇ ਹੇਠਲੇ ਹਿੱਸੇ ਵਿਚ ਖ਼ਤਰਨਾਕ ਜ਼ਹਿਰ ਹੁੰਦਾ ਹੈ।

ਆਰਥਿਕ ਤੌਰ 'ਤੇ ਨਿੱਜੀ ਤੌਰ 'ਤੇ ਕਮਾਈ ਕਰਨ ਵਾਲੇ ਬੱਚੇ ਆਪਣੇ ਆਪ ਨੂੰ ਜ਼ਿਆਦਾ ਸਮਝਦਾਰ ਅਖਵਾਉਣ ਲਈ ਮਾਪਿਆਂ ਦੀਆਂ ਇੱਛਾਵਾਂ, ਉਨ੍ਹਾਂ ਦੇ ਕਿ-ਹਣੇਂ ਨੂੰ, ਉਨ੍ਹਾਂ ਦੇ ਮਸ਼ਵਰਿਆਂ ਨੂੰ, ਹਾਲਾਤਾਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ। ਦੇਖ, ਮਾਪਿਆਂ ਦੀ ਰਜ਼ਾਮੰਦੀ ਤੋਂ ਬਗੈਰ ਕਦੀ ਵੀ ਸ਼ਾਦੀ ਨਹੀਂ ਕਰਨੀ ਚਾਹੀਦੀ। ਆਪਣੀ ਮਿੱਟੀ ਦੇ ਪਰੰਪਰਾਵਾਦੀ ਸੰਸਕਾਰਾਂ ਨਾਲ ਜੁੜੇ ਰਹਿਣਾ ਹੀ ਸਭਿਆਚਾਰ ਇਨਸਾਨੀਅਤ ਹੁੰਦੀ ਹੈ। ਕਿਉਂਕਿ ਇਨਫ਼ਰਮੇਸ਼ਨ ਵਧ ਰਹੀ ਹੈ ਅਤੇ ਕਮਿਉਨੀਕੇਸ਼ਨ ਘਟ ਰਹੀ ਹੈ। ਜਵਾਨੀ ਵਿਚ ਮਤਲਬ ਪ੍ਰਸਤੀ ਵਾਲਾ ਪਿਆਰ ਦੌਰੇ ਨੌਜਵਾਨੀ ਦਾ ਇਕ ਸ਼ੋਸ਼ਾ ਹੈ। ਕਾਮ ਦੀ ਅਨੁਸ਼ਾਸ਼ਨਹੀਣ ਉਤੇਜਨਾ ਇਨਸਾਨ ਨੂੰ ਨੀਮ ਪਾਗ਼ਲ ਹੀ ਨਹੀਂ ਅੰਨ੍ਹਿਆਂ ਵੀ ਕਰ ਦਿੰਦੀ ਹੈ। ਮਾਂ ਬਾਪ ਦੀਆਂ ਇੱਛਾਵਾਂ, ਮਸ਼ਵਿਰੇ ਨਾਲ ਚੱਲਣ ਵਾਲੇ ਬੱਚੇ ਸਮਾਜ ਵਿਚ ਇੱਜ਼ਤ ਮਾਨ ਪਾਉਂਦੇ ਹਨ। ਮਾਂ ਬਾਪ ਦੀ ਅਗਵਾਈ, ਰਿਸ਼ਤੇ ਦੀ ਸਹਿਮਤੀ, ਦੋਵਾਂ ਧਿਰਾਂ ਦੇ ਖ਼ੂਬਸੂਰਤ ਆਦਾਨ-ਪ੍ਰਦਾਨ ਨਾਲ ਸਾਂਝੀ ਖ਼ੁਸ਼ੀ, ਆਪਣੀ ਖ਼ੁਸ਼ੀ ਵੰਡ ਕੇ ਖ਼ੁਸ਼ੀ ਪ੍ਰਾਪਤ ਕਰਨਾ ਤਹਿਜ਼ੀਬ ਹੈ ਸੰਸਕਾਰਾਂ ਦੀ।

ਸਿਰਫ਼ ਕਾਮ ਦੀ ਭੁੱਖ ਦੀ ਜਲਦਬਾਜ਼ੀ ਦੀ ਪੂਰਤੀ ਮਨਮਰਜ਼ੀ ਦੀ ਔਕਾਤ ਅੰਦਰ ਰਹਿ ਕੇ ਸ਼ਾਦੀ ਕਰਨਾ ਪਰੇਸ਼ਾਨੀਆਂ ਨੂੰ ਜਨਮ ਦੇ ਸਕਦੀ ਹੈ।

ਕਾਮੁਕਤਾ, ਕਾਮਵਾਸ਼ਨਾ ਮਾਨਸਿਕ ਰੋਗੀ ਬਣਾ ਦਿੰਦੀ ਹੈ ਜੇਕਰ ਹੱਦਾਂ ਟੱਪ ਜਾਵੇ ਤਾਂ ਮਾਨਵੀਏ ਦੁਰਲਬਤਾ ਹੈ। ਇਹ ਸਭ ਤੋਂ ਖ਼ਤਰਨਾਕ ਨਸ਼ਾ ਹੈ ਜਦੋਂ ਇਹ ਉਤਰਦਾ ਹੈ ਤਾਂ ਬਹੁਤ ਕੁਝ ਵਿਗੜ ਚੁੱਕਿਆ ਹੁੰਦਾ ਹੈ।

ਜੋਸ਼ ਵਿਚ ਦੋਸਤਾਨਾਂ ਸਬੰਧਾਂ ਨੂੰ ਰਿਸ਼ਤਿਆਂ ਦਾ ਨਾਮ ਦੇ ਕੇ ਵਿਆਹ ਬੰਧਨ ਦੀ ਕਾਹਲੀ ਨਹੀਂ ਕਰਨੀ ਚਾਹੀਦੀ। ਪਰਖ, ਨਿਰੀਖਣ, ਵਿਚਾਰ ਕਰਨਾ ਵੀ ਜ਼ਰੂਰੀ ਹੈ।

ਸੰਸਕਾਰ ਵਿਚ ਕੀਤੇ ਬੰਧਨ ਸੁਖਦਾਇਕ ਅਤੇ ਚੁਫੇਰਿਓਂ ਖ਼ੁਸ਼ੀਆਂ ਅਤੇ ਹਮਦਰਦੀ ਲੈਂਦੇ ਹਨ। ਮਰਿਆਦਾ ਵਿਚ ਰਹਿ ਕੇ ਵਿਆਹ ਬੰਧਨ ਇੱਜ਼ਤ ਮਾਨ, ਖ਼ੁਸ਼ੀ, ਸਮਾਜ ਲਈ ਦਰਪਣ, ਰੋਅਬਦਾਰ ਅਸਰ ਪੈਦਾ ਕਰਦੇ ਹਨ।

ਵੇਖੋ, ਪਸ਼ੂ ਪੰਛੀ ਵੀ ਆਪਣੇ ਕਾਮ ਉਪੱਰ ਕਾਬੂ ਨਹੀਂ ਪਾ ਸਕਦੇ। ਸਿਰਫ਼ ਮਨੁੱਖ ਹੀ ਮਰਿਆਦਾ ਵਿਚ ਰਹਿ ਕੇ, ਅਨੁਸ਼ਾਸ਼ਨ ਵਿਚ ਰਹਿ ਕੇ ਕਾਬੂ ਰੱਖ ਸਕਦਾ ਹੈ।

ਬੇਟਾ, ਸਮਗਲਰ ਲੋਕਾਂ 'ਤੇ ਕਦੀ ਵੀ ਭਰੋਸਾ ਨਹੀਂ ਕਰਨਾ ਚਾਹੀਦਾ। ਇਹ ਕਿਸੇ ਵਕਤ ਵੀ ਮੌਤ ਦੇ ਮੂੰਹ ਵਿਚ ਜਾ ਸਕਦੇ ਹਨ। ਇਹ ਲੋਕ ਵੱਡੇ ਲੋਕਾਂ ਦੇ ਇਸ਼ਾਰਿਆਂ ਉਪੱਰ ਕੰਮ ਕਰਦੇ ਹਨ। ਇਕ ਨਾ ਇਕ ਦਿਨ ਇਨ੍ਹਾਂ ਕਾਬੂ ਆ ਹੀ ਜਾਣਾ ਹੁੰਦਾ ਏ।

ਬੇਟੇ, ਤੂੰ ਕੁਝ ਸਮਾਂ ਸੋਚ ਲੈ ਆਪਣੇ ਘਰ ਵਾ-ਲਿਆਂ ਨਾਲ ਗੱਲਬਾਤ ਕਰ ਲੈ। ਮੇਰੇ ਖ਼ਿਆਲ ਵਿਚ ਤੁਹਾਨੂੰ ਇਸ ਲੜਕੇ ਨਾਲ ਸ਼ਾਦੀ ਨਹੀਂ ਕਰਨੀ ਚਾਹੀਦੀ। ਮੇਰਾ ਨਿੱਜੀ ਤਜ਼ੁਰਬਾ ਹੈ ਕਿ ਇਨ੍ਹਾਂ ਲੋਕਾਂ ਦੀ ਜ਼ਿੰਦਗੀ ਸਰੱਖਿਅਤ ਨਹੀਂ ਹੁੰਦੀ। ਮੈਂ ਅਨੇਕਾਂ ਹੀ ਕੇਸਾਂ ਵਿਚ ਇਨ੍ਹਾਂ ਨੂੰ ਸਜ਼ਾ ਸੁਣਾ ਚੁੱਕਾ ਹਾਂ। ਇਹ ਲੋਕ ਸਾਰੀ ਉਮਰ ਲਈ ਕੰਡਮ ਹੋ ਜਾਂਦੇ ਹਨ। ਇਹ ਲੋਕ ਨਾ ਘਰ ਦੇ ਨਾ ਬਾਹਰ ਦੇ ਰਹਿੰਦੇ ਹਨ।''

ਡਾਕਟਰ ਸਾਹਿਬ, ਮੈਂ ਬਜ਼ਿੱਦ ਹੋ ਗਈ ਅਤੇ ਜੱਜ ਸਾਹਿਬ ਨੂੰ ਤਰਲੇ ਮਿੰਨਤਾ ਕਰਦਿਆਂ ਕਿਹਾ, ''ਸਰ ਮੈਂ ਬਹੁਤ ਦੂਰ ਨਿਕਲ ਚੁੱਕੀ ਹਾਂ ਹੁਣ ਵਾਪਿਸ ਨਹੀਂ ਆ ਸਕਦੀ। ਪਲੀਜ਼ ਸਰ ਹੈਲਪ ਮੀ। ਸਰ, ਮੈਂ ਸਾਰੀ ਉਮਰ ਤੁਹਾਡਾ ਦੇਣ ਨਹੀਂ ਦੇ ਸਕਦੀ।

ਸਰ ਜਿੱਥੋਂ ਤੱਕ ਮੇਰੇ ਮਾਂ ਬਾਪ ਦਾ ਸਵਾਲ ਹੈ। ਸਰ ਮੈਂ ਪੜ੍ਹੀ ਲਿਖੀ ਹਾਂ, ਖ਼ੁਸ ਕਮਾਂਦੀ ਹਾਂ। ਮੈਨੂੰ ਆਪਣੇ ਭਵਿੱਖ ਬਾਰੇ ਚੰਗੇ ਮਾੜੇ ਫੈਸਲੇ ਲੈਣ ਦਾ ਪੂਰਾ ਪੂਰਾ ਹੱਕ ਹੈ। ਸਰ ਔਰਤ ਨੂੰ ਵੀ ਆਪਣੀ ਮਰਜ਼ੀ ਨਾਲ ਜੀਣ ਦਾ ਅਧਿਕਾਰ ਹੋਣਾ ਚਾਹੀਦਾ ਹੈ।''

ਜੱਜ ਨੇ ਕਿਹਾ, ''ਚੱਲ ਜੇ ਤੂੰ ਏਨੀਂ ਦੂਰ ਚਲੀ ਗਈ ਏਂ ਪਿਆਰ ਵਿਚ। ਜੇ ਤੂੰ ਪੱਕਾ ਮਨ ਬਣਾ ਹੀ ਲਿਆ ਏ ਤਾਂ ਫਿਰ ਮੈਂ ਕੁਝ ਤਰੀਕਾਂ ਦੇ ਬਾਅਦ ਉਸਨੂੰ ਬਰੀ ਕਰ ਦਵਾਂਗਾ ਪਰ ਤੂੰ ਕਿਸੇ ਨਾਲ ਗੱਲ ਨਹੀਂ ਕਰੇਂਗੀ।''

ਮੈਂ ਨਿਮਰਤਾ ਨਾਲ ਸਿਰ ਝੁਕਾ ਕੇ ਜੱਜ ਨੂੰ ਕਿਹਾ, ''ਥੈਂਕਯੂ ਸਰ, ਥੈਂਕ ਯੂ ਵੈਰੀ ਮੱਚ!'' ਮੈਂ ਖ਼ੁਸ਼ੀ ਵਿਚ ਪਾਗ਼ਲ ਹੁੰਦੀ ਜਾ ਰਹੀ ਸੀ। ਡਿਊਟੀ ਤੋਂ ਬਾਅਦ ਸ਼ਾਮ ਨੂੰ ਮੈਂ ਉਸ ਲੜਕੇ ਨੂੰ ਮਿਲੀ ਤੇ ਉਸਨੂੰ ਸਾਰੀ ਗੱਲਬਾਤ ਸੁਣਾ ਦਿੱਤੀ ਤੇ ਉਸਨੂੰ ਹਦਾਇਤ ਕੀਤੀ ਕਿ ਉਹ ਕਿਸੇ ਨਾਲ ਗੱਲ ਨਹੀਂ ਕਰੇਗਾ। ਲੜਕਾ ਬਹੁਤ ਖ਼ੁਸ਼ ਹੋਇਆ।

ਅਸੀਂ ਨਵੀਂ ਜ਼ਿੰਦਗੀ ਬਾਰੇ ਕਈ ਹੁਸੀਨ ਸਪਨੇ ਵੇਖਣ ਲੱਗੇ। ਭਵਿੱਖ ਦੀਆਂ ਅਨੇਕਾਂ ਯੋਜਨਾਵਾਂ ਉਲੀਕ ਲਈਆਂ।

ਅਸੀਂ ਛੁੱਟੀ ਵਾਲੇ ਦਿਨ ਬਾਹਰ ਖ਼ੂਬ ਘੁੰਮਦੇ ਫਿਰਦੇ। ਉਸ ਲੜਕੇ ਨਾਲ ਅਨੇਕਾਂ ਸ਼ਹਿਰਾਂ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਗੋਆ ਆਦਿ ਰਾਜਾਂ-ਸ਼ਹਿਰਾਂ ਵਿਚ ਖ਼ੂਬ ਘੁੰਮੇ ਫਿਰੇ। ਘੁੰਮਣ ਫਿਰਨ ਦਾ ਸਾਰਾ ਖ਼ਰਚਾ ਉਹ ਲੜਕਾ ਹੀ ਕਰਦਾ ਸੀ। ਅਸੀਂ ਦੋਵੇਂ ਬੜੇ ਖ਼ੁਸ਼ ਸਾਂ।

ਇਕ ਦਿਨ ਜੱਜ ਨੇ ਮੈਨੂੰ ਬੁਲਾ ਕੇ ਕਿਹਾ, ''ਦੋ ਦਿਨਾਂ ਬਾਅਦ ਮੈਂ ਇਸ ਲੜਕੇ ਨੂੰ ਬਰੀ ਕਰ ਦੇਵਾਂਗਾ ਅਤੇ ਤੁਸੀਂ ਖ਼ੁਸ਼ੀ ਖ਼ੁਸ਼ੀ ਸ਼ਾਦੀ ਕਰ ਲੈਣਾ।''

ਲੜਕੇ ਨੇ ਮੈਨੂੰ ਕਿਹਾ ਕਿ ਜਿਸ ਦਿਨ ਮੈਂ ਬਰੀ ਹੋਵਾਂਗਾ, ਮੈਂ ਤੈਨੂੰ ਪੰਜ ਵਜੇ ਤੋਂ ਬਾਅਦ ਤੇਰੀ ਡਿਊਟੀ ਤੋਂ ਬਾਅਦ ਬੱਸ ਸਟੈਂਡ ਦੇ ਬਾਹਰ ਇਕ ਥੰਮ ਦੇ ਹੇਠਾਂ ਮਿਲਾਂਗਾ ਅਤੇ ਇੱਥੋਂ ਫਿਰ ਆਪਾਂ ਗੱਡੀ ਵਿਚ ਬੈਠ ਕੇ ਚਲੇ ਜਾਵਾਂਗੇ।''

ਉਸਨੇ ਮੇਰੇ ਨਾਲ ਸਮਾਂ, ਸਥਾਨ ਨਿਸ਼ਚਿਤ ਕਰ ਲਿਆ। ਨਿਸ਼ਚਿਤ ਸਮੇਂ ਵਾਲੇ ਦਿਨ ਜੱਜ ਨੇ ਲੜਕੇ ਨੂੰ ਬਰੀ ਕਰ ਦਿੱਤਾ। ਲੜਕਾ ਮੈਨੂੰ ਕੋਰਟ ਵਿਚ ਇਸ਼ਾਰਾ ਕਰਕੇ ਚਲਾ ਗਿਆ।

ਮੇਰੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਜਿਵੇਂ ਸੁਰਜੀਤ ਸਪਨਿਆਂ ਦੇ ਖੰਭਾਂ ਨਾਲ ਉਡੱ ਰਹੀ ਹੋਵਾਂ। ਡਾਕਟਰ ਸਾਹਿਬ ਮੈਂ ਪੰਜ ਵਜੇ ਤੋਂ ਪਹਿਲਾਂ ਹੀ ਬੱਸ ਸਟੈਂਡ ਦੇ ਸਾਹਮਣੇ ਉਸ ਥੰਮ ਦੇ ਹੇਠਾਂ ਜਾ ਕੇ ਖਲ੍ਹੋ ਗਈ। ਅਨੇਕਾਂ ਰੀਝਾਂ, ਉਮੀਦਾਂ, ਚਾਵ੍ਹਾਂ ਨੇ ਮੇਰੇ ਦਿਮਾਗ਼ ਨੂੰ ਖ਼ੁਸ਼ੀਆਂ ਨਾਲ ਭਰ ਦਿੱਤਾ ਸੀ ਜਿਵੇਂ ਸਾਰਾ ਸੰਸਾਰ ਮੇਰੇ ਕਦਮਾਂ ਵਿਚ ਹੋਵੇ। ਜਿਵੇਂ ਪਰਮਾਤਮਾ ਨੇ ਮੇਰੀ ਮੂੰਹ ਮੰਗੀ ਮੁਰਾਦ ਪੂਰੀ ਕਰ ਦਿੱਤੀ ਹੋਵੇ। ਖ਼ੁਸ਼ੀ ਵਿਚ ਮੈਂ ਪਾਗ਼ਲ ਜਿਹੀ ਹੋਈ ਜਾਵਾਂ। ਸੱਚ ਡਾਕਟਰ ਸਾਹਿਬ ਜਦ ਸੁਪਨੇ ਹਕੀਕਤ ਵਿਚ ਸਾਕਾਰ ਹੁੰਦੇ ਹਨ ਮਨੁੱਖ ਜੰਨਤ ਦੀ ਪਰਵਾਹ ਨਹੀਂ ਕਰਦਾ।

ਮੈਂ ਉਸ ਥੰਮ ਥੱਲੇ ਖੜ੍ਹੀ ਉਸਦਾ ਬੇਸਬਰੀ ਨਾਲ ਨੀਝ ਲਾ ਲਾ ਕੇ ਇੰਤਜ਼ਾਰ ਕਰ ਰਹੀ ਸਾਂ। ਪੰਜ ਵੱਜ ਗਏ, ਛੇ ਵੱਜ ਗਏ, ਮੇਰਾ ਦਿਲ ਘਟਣ ਲੱਗ ਪਿਆ ਤੇ ਜੱਜ ਸਾਹਿਬ ਦੇ ਕਹੇ ਹਿਦਾਇਤੀ ਬੋਲ ਕੰਨਾਂ ਵਿਚ ਗੂੰਜਣ ਲੱਗੇ। ਇਕ ਡਰ ਸਾਰੇ ਸਰੀਰ ਵਿਚ ਅਗਨੀ ਦੀ ਲਹਿਰ ਬਣ ਕੇ ਦੌੜਣ ਲੱਗਾ। ਡਾਕਟਰ ਸਾਹਿਬ ਮੈਂ ਕਦੀ ਘੰਟੇ ਉਸਨੂੰ ਉਡੀਕਿਆ, ਉਹ ਨਾ ਆਇਆ।

ਹੁਣ ਮੈਨੂੰ ਪੂਰਾ ਯਕੀਨ ਹੋ ਗਿਆ ਕਿ ਉਸਨੇ ਮੇਰੇ ਨਾਲ ਇਕ ਬਹੁਤ ਵੱਡਾ ਧੋਖਾ ਕੀਤਾ ਹੈ। ਮੈਂ ਗੁੱਸੇ ਵਿਚ ਆ ਕੇ ਦੋਵੇਂ ਮੁੱਠੀਆਂ ਜ਼ੋਰ ਜ਼ੋਰ ਦੀ ਥੰਮ ਵਿਚ ਦੇ ਮਾਰੀਆਂ। ਬਸ ਡਾਕਟਰ ਸਾਹਿਬ ਉਦੋਂ ਦੀਆਂ ਇਹ ਦੋਵੇਂ ਮੁੱਠੀਆਂ ਬੰਦ ਹਨ, ਨਹੀਂ ਖੁੱਲ੍ਹਦੀਆਂ।

# ਇਤਿਹਾਸਕ ਗੁਰਦੁਆਰਾ ਬਾਬਾ ਬੀਰ ਸਿੰਘ ਜੀ ਬਾਬਾ ਧੀਰ ਸਿੰਘ ਜੀ ਤਲਵੰਡੀ ਸਾਬੋ, ਬਠਿੰਡਾ

ਇਹ ਅਸਥਾਨ ਬਾਬਾ ਬੀਰ ਸਿੰਘ ਜੀ, ਬਾਬਾ ਧੀਰ ਸਿੰਘ ਜੀ ਦੀ ਯਾਦ ਵਿੱਚ ਬਣਿਆ ਹੋਇਆ ਹੈ, ਜੋ ਤਖਤ ਸ੍ਰੀ ਦਮਦਮਾ ਸਾਹਿਬ ਦੇ ਨਜ਼ਦੀਕ ਪੂਰਬ ਵੱਲ੍ਹ ਸੰਸੋਭਿਤ ਹੈ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਬੰਦੂਕ ਦਾ ਨਿਸ਼ਾਨਾ ਪਰਖਿਆ ਸੀ ਤਾਂ ਬਾਬਾ ਬੀਰ ਸਿੰਘ ਜੀ ਤੇ ਬਾਬਾ ਧੀਰ ਸਿੰਘ ਜੀ ਬੰਦੂਕ ਦੇ ਨਿਸ਼ਾਨੇ ਅੱਗੇ ਇਸ ਅਸਥਾਨ 'ਤੇ ਹੀ ਖੜ੍ਹੇ ਸਨ। ਇਤਿਹਾਸਕਾਰਾਂ ਮੁਤਾਬਿਕ ਭਾਈ ਬੀਰ ਸਿੰਘ ਜੀ ਤੇ ਭਾਈ ਧੀਰ ਸਿੰਘ ਜੀ ਅਨੰਦਪੁਰ ਸਾਹਿਬ ਵਿਖੇ ਸਿੰਘ ਸਜਣ ਪਿੱਛੋਂ ਗੁਰੂ ਜੀ ਦੀ ਫ਼ੌਜ ਵਿੱਚ ਵਫ਼ਾਦਾਰ ਸਿਪਾਹੀਆਂ ਵਜੋਂ ਭੇਂਟਾ ਰਹਿਤ ਸੇਵੇ ਕਰਦੇ ਸਨ। ਜਦੋਂ ਇਸ ਅਸਥਾਨ 'ਤੇ ਭਾਈ ਡੱਲ੍ਹੇ ਨੇ ਦਸਮ ਪਾਤਸ਼ਾਹ ਜੀ ਅੱਗੇ ਸ਼ੇਖੀ ਮਾਰੀ ਕਿ ਜੇਕਰ ਉਸ ਦੇ ਬਹਾਦਰ ਬਰਾੜਾਂ ਦੀ ਫ਼ੌਜ ਗੁਰੂ ਜੀ ਦੇ ਨਾਲ ਹੁੰਦੀ ਤਾਂ ਉਨ੍ਹਾਂ ਦੇ ਚਾਰੇ ਸਾਹਿਬਜ਼ਾਦੇ ਸ਼ਹੀਦ ਨਾ ਹੁੰਦੇ। ਅੱਗੋਂ ਗੁਰੂ ਜੀ ਨੇ ਕਿਹਾ, 'ਭਾਈ ਡੱਲ੍ਹਿਆ, ਇਹ ਤਾਂ ਉਸ ਅਕਾਲ ਪੁਰਖ ਦਾ ਭਾਣਾ ਸੀ।' ਕੁੱਝ ਦਿਨਾਂ ਬਾਅਦ ਗੁਰੂ ਜੀ ਦਾ ਇੱਕ ਪ੍ਰੇਮੀ ਲਾਹੌਰ ਵਾਸੀ ਭਾਈ ਉਦੈ ਸਿੰਘ ਜੀ ਨੇ ਤਖ਼ਤ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਬੰਦੂਕ ਭੇਂਟ ਕੀਤੀ ਤਾਂ ਗੁਰੂ ਜੀ ਨੇ ਭਾਈ ਡੱਲ੍ਹੇ ਨੂੰ ਕਿਹਾ, 'ਲਿਆ ਭਾਈ




ਚੌਧਰੀਆ, ਪਰਖੀਏ ਤੇਰੇ ਬਹਾਦਰ ਬਰਾੜ ਸਿਪਾਹੀਆਂ ਨੂੰ, ਦੇਖੀਏ ਨਿਸ਼ਾਨਾ ਲਗਾ ਕੇ ਬੰਦੂਕ ਦਾ, ਨਿਸ਼ਾਨਾ ਪੱਕਾ ਮਾਰਦੀ ਹੈ ਕਿ ਕੱਚਾ।' ਭਾਈ ਡੱਲ੍ਹੇ ਦੇ ਕਹਿਣ 'ਤੇ ਉਸ ਦਾ ਕੋਈ ਵੀ ਬੰਦਾ ਜਾਨ ਕੁਰਬਾਨ ਕਰਨ ਲਈ ਸਾਹਮਣੇ ਨਾ ਆਇਆ। ਫਿਰ ਡੱਲ੍ਹੇ ਨੇ ਗੁਰੂ ਜੀ ਨੂੰ ਕਿਹਾ, 'ਗੁਰੂ ਜੀ, ਮੇਰੀ ਫ਼ੌਜ ਦੇ ਸਿਪਾਹੀ ਇਹੋ ਜਿਹੀ ਅਣਿਆਈ ਤੇ ਫਜ਼ੂਲ ਮੌਤ ਨਹੀਂ ਮਰਦੇ, ਉਹ ਤਾਂ ਜੰਗ ਦੇ ਮੈਦਾਨ ਵਿੱਚ ਹੀ ਕੌਤਕ ਦਿਖਾਉਂਦੇ ਹਨ।' ਏਨੀ ਗੱਲ ਸੁਣ ਕੇ ਗੁਰੂ ਜੀ ਨੇ ਡੱਲ੍ਹੇ ਦਾ ਹੰਕਾਰ ਤੋੜਨ ਲਈ ਦਮਦਮੇ 'ਤੇ ਖੜ੍ਹ ਕੇ ਲਾਡਲੇ ਸਿੰਘਾਂ ਨੂੰ ਆਵਾਜ਼ ਮਾਰੀ ਤਾਂ ਦਸਤਾਰ ਸਜਾਉਂਦੇ ਭਾਈ ਬੀਰ ਸਿੰਘ ਜੀ ਤੇ ਭਾਈ ਧੀਰ ਸਿੰਘ ਜੀ ਦੌੜ ਕੇ ਆਏ ਅਤ ਗੁਰੂ ਜੀ ਦੀ ਬੰਦੂਕ ਦੇ ਨਿਸ਼ਾਨੇ ਅੱਗੇ ਛਾਤੀਆਂ ਤਾਣ ਕੇ ਖੜ੍ਹ ਗਏ ਤੇ ਇਕ ਦੂਜੇ ਤੋਂ ਪਹਿਲਾਂ ਕੁਰਬਾਨ ਹੋਣ ਲਈ ਜ਼ਿੱਦ ਕਰਨ ਲੱਗੇ। ਦਸਮ ਪਾਤਸ਼ਾਹ ਜੀ ਨੇ ਨਿਸ਼ਾਨਾ ਉਨ੍ਹਾਂ ਦੇ ਉੱਪਰੋਂ ਦੀ ਲੰਘਾ ਦਿੱਤਾ। ਇਸ ਤਰ੍ਹਾਂ ਗੁਰੂ ਸਾਹਿਬ ਜੀ ਨੇ ਸਿੱਖੀ ਸਿਦਕ ਦੀ ਪਰਖ ਕਰਦਿਆ, ਇਸ ਅਸਥਾਨ 'ਤੇ ਬੰਦੂਕ ਦਾ ਨਿਸ਼ਾਨਾ ਪਰਖਿਆ, ਜਿਸ ਵਿੱਚ ਭਾਈ ਡੱਲ੍ਹ ਸਿੰਘ ਅਤੇ ਉਸਦੀ ਫ਼ੌਜ ਸਫ਼ਲ ਨਾ ਹੋ ਸਕੀ। ਗੁਰੂ ਦੇ ਸਿੱਖ ਬਾਬਾ ਬੀਰ ਸਿੰਘ ਜੀ, ਬਾਬਾ ਧੀਰ ਸਿੰਘ ਜੀ ਇਸ ਪਰਖ ਵਿੱਚ ਸਫ਼ਲ ਹੋਏ। ਲਾਡਲੀਆਂ ਫ਼ੌਜਾਂ ਦੀ ਪਰਖ ਦੌਰਾਨ ਉਨ੍ਹਾਂ ਦੀ ਇਹ ਵਫ਼ਾਦਾਰੀ ਤੋਂ ਗੁਰੂ ਜੀ ਬਹੁਤ ਪ੍ਰਭਾਵਿਤ ਹੋਏ ਤੇ ਵਫ਼ਾਦਾਰ ਸਿੰਘਾਂ ਨੂੰ ਸਪੁੱਤਰ ਹੋਣ ਦਾ ਵਰਦਾਨ ਦਿੱਤਾ।



ਤਸਵਿੰਦਰ ਸਿੰਘ ਬੜੈਚ
91-98763-22677

# ਸਿੱਖ ਕੌਮ ਦੀ ਗਿਆਨਵਾਨ, ਜੁਝਾਰੂ ਤੇ ਸਤਿਕਾਰਤ ਸਖਸੀਅਤ - ਮਾਈ ਭਾਗੋ

ਸੰਸਾਰ ਦੇ ਜੁਝਾਰੂ ਲੋਕਾ ਵਿੱਚ ਸਿੱਖ ਕੌਮ ਦਾ ਨਾਮ ਸੂਰਜ ਵਾਗ ਚਮਕਦਾ ਹੈ । ਜੋ ਸਦੀਆ ਤੋ ਬਿਨਾ ਕਿਸੇ ਵਿਤਕਰੇ ਜੁਲਮ ਤੇ ਅਨਿਆ ਵਿਰੁੱਧ ਥੰਮ ਬਣਕੇ ਖੜਦੇ ਹਨ । ਜਿਹਨਾ ਹਮੇਸਾ ਸਰਬਧਰਮ ਦਾ ਸਨਮਾਨ ਤੇ ਮਨੁੱਖਤਾ ਦੀ ਭਲਾਈ ਦਾ ਪੱਖ ਪੂਰਿਆ । ਫਿਰ ਉਹ ਭਾਵੇ ਸਿਕੰਦਰ ਜਾ ਪੋਰਸ ਨਾਲ ਯੁੱਧ, ਮੁਗਲਾ ਦੇ ਹਮਲੇ ,ਬ੍ਰਿਟਿਸ ਸਾਮਰਾਜ ਦੀਆ ਵਧੀਕੀਆ ਜਾਂ ਰਾਜਸੀ ਹਕੂਮਤਾ ਦਾ ਤਾਨਸਾਹੀ ਰਵਾਈਆ ਹੋਵੇ , ਸਭਨਾ ਦਾ ਡਟ ਕੇ ਮਕਾਬਲਾ ਕੀਤਾ । ਇਹ ਸੂਰਬੀਰਤਾ ਦਾ ਉਬਾਲ ਬਿਨਾ ਮਰਦ ਔਰਤ ਦੇ ਵਖਰੇਵੇ ਤੋ ਦੋਵਾ ਦੇ ਖੂਨ ਵਿਚ ਖੋਲਦਾ ਹੈ । ਉਹਨਾ ਵਿਚੋ ਸਿੱਖ ਇਤਿਹਾਸ ਦੀ ਗਿਆਨਵਾਨ,ਸੂਰਬੀਰ, ਲਸਾਨੀ ਤੇ ਸਤਿਕਾਰਤ ਸਖਸੀਅਤ ਸੀ ਮਾਈ ਭਾਗੋ ।

ਮਾਈ ਭਾਗੋ ਦਾ ਅਸਲ ਨਾਮ ਮਾਤਾ ਭਾਗ ਕੌਰ ਸੀ । ਉਹਨਾ ਦਾ ਜਨਮ 1666 ਵਿੱਚ ਪਿਤਾ ਭਾਈ ਮੱਲੋ ਸਾਹ ਦੇ ਘਰ ਪਿੰਡ ਝਬਾਲ ਜਿਲਾ ਅਮ੍ਰਿਤਸਰ ਵਿੱਚ ਹੋਇਆ। ਜੋ ਹੁਣ ਤਰਨਤਾਰਨ ਜਿਲੇ ਵਿੱਚ ਹੈ । ਬਚਪਨ ਵਿੱਚ ਘਰ ਦੇ ਵਡੇਰੇ ਭਾਗਭਰੀ ਦੇ ਨਾਮ ਨਾਲ ਬਲਾਉਦੇ । ਦਾਦਾ ਭਾਈ ਪਾਰੋ ਸਾਹ ਇਲਾਕੇ ਦਾ ਲੰਗਾਹ ਚੋਧਰੀ ਵਜੋ ਰਸੂਖਦਾਰ ਵਿਆਕਤੀ ਸੀ ਜੋ ਉਸ ਸਮੇ 84 ਪਿੰਡਾ ਦਾ ਮੁਖੀਆ ਸੀ । 1563 ਤੋ 1606 ਵਿੱਚ ਪੰਜਵੇ ਗੁਰੂ ਅਰਜਨ ਦੇਵ ਜੀ ਦੇ ਸਮੇ ਸਭ ਪਿੰਡਾ ਨੂੰ ਸਿੱਖ ਧਰਮ ਨਾਲ ਜੋੜਿਆ । ਮਾਈ ਭਾਗੋ ਦੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਸਰਧਾਲੂ ਸੀ ਜੋ ਕੁਝ ਸਮੇ ਪਿਛੋ ਗੁਰੂ ਦੀ ਸਾਸਤਰਧਾਰੀ ਫੋਜ ਦੇ ਮੈਬਰ ਬਣ ਗਏ । ਪਿਤਾ ਤੋ ਸਾਸਤਰ ਵਿਦਿਆ ਪ੍ਰਪਤ ਕਰ ਛੋਟੀ ਉਮਰੇ ਕੁਸਲ ਸਿਪਾਹੀ ਬਣ ਗਈ । ਭਰਾ ਦਿਲਬਾਗ ਸਿੰਘ ਤੇ ਭਾਗ ਸਿੰਘ ਦਾ ਵੀ ਸਿੱਖ ਧਰਮ ਪ੍ਰਤੀ ਖਾਸ ਲਗਾਵ ਸੀ । ਗੁਰੂ ਗੋਬਿੰਦ ਸਿੰਘ ਜੀ ਦਾ ਅਨੰਦਪੁਰ ਸਹਿਬ ਆਗਮਨ ਤੇ ਤਿੰਨੇ ਦਰਸਨਾ ਲਈ ਪਹੰਚ ਗਏ । ਜਿਥੇ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਭਾਗ ਕੌਰ ਦਾ ਵਿਆਹ ਭਾਈ ਨਿਧਾਨ ਸਿੰਘ ਵਾਸੀ ਪੱਟੀ ਨਾਲ ਸਪੰਨ ਹੋਇਆ ਅਤੇ ਸਾਰਾ ਪਰਿਵਾਰ ਅਨੰਦਪੁਰ ਵਿਖੇ ਸਿੱਖ ਧਰਮ ਲਈ ਸਮਰਪਤ ਹੋ ਗਿਆ ।

ਸੰਨ 1700 ਵਿੱਚ ਔਰੰਗਜੇਬ ਨੇ ਅਨੰਦਪੁਰ ਨੇੜੇ ਦੇ ਮੈਦਾਨੀ ਤੇ ਪਹਾੜੀ ਖੇਤਰ ਉਪਰ ਕਬਜਾ ਕਰ ਲਿਆ । ਪਰ ਅਨੰਦਪੁਰ ਦਾ ਕਿਲਾ 10ਵੇ ਪਾਤਸਾਹ ਦੇ ਅਧੀਨ ਸੀ । ਇਸ ਨੂੰ ਜਿੱਤਣ ਦੇ ਲਈ ਪੰਜਾਬ,ਲਹੋਰ ,ਕਸਮੀਰ ਅਤੇ ਹਿੰਦੂ ਪਹਾੜੀ ਰਾਜਿਆ ਦੀ ਦਸ ਹਜਾਰ ਫੋਜ ਇਕੱਠੀ ਕੀਤੀ । ਸਰਹਿੰਦ ਦੇ ਸਾਸਕ ਵਜੀਰ ਖਾਨ ਦੇ ਫੋਜੀ ਦਸਤੇ ਨੇ ਕਿਲੇ ਦੀ ਘੇਰਾਬੰਦੀ ਕਰਨ ਵਿੱਚ ਸਫਲ ਹੋ ਗਏ । ਪਰ ਕਿਲਾ ਫਤਹਿ ਨਾ ਕਰ ਸਕੇ । ਇਸੇ ਮੁਗਲ ਸਾਸਕ ਨੇ 1705 ਵਿੱਚ ਛੋਟੇ ਸਾਹਿਬਜਾਦਿਆ ਨੂੰ ਨੀਹਾ ਵਿੱਚ ਚਿਣਵਾਇਆ ਸੀ । ਜਿਸ ਨੂੰ ਬਾਬਾ ਬੰਦਾ ਬਹੁਦਰ ਜੀ ਨੇ 1710 ਵਿੱਚ ਚੱਪੜਚਿੜੀ ਦੀ ਜੰਗ ਸਮੇ ਮੌਤ ਦੀ ਘਾਟ ਉਤਾਰਿਆ ।

1704 ਵਿੱਚ ਮੁਗਲਾ ਨੇ ਕਿਲਾ ਦੇ ਕਬਜੇ ਲਈ ਦੂਜੀ ਵਾਰ ਜੰਗ ਦੀ ਤਿਆਰੀ ਸੁਰੂ ਕਰ ਦਿੱਤੀ । ਜਿਸ ਤਹਿਤ ਲੰਗਰ ਦੇ ਰਸਦ ਰੋਕਣ ਤੇ ਘੇਰਾਬੰਦੀ ਨੂੰ ਹੋਰ ਮਜਬੂਤ ਕਰਨ ਲੱਗੇ । ਨਾਲ ਇਹ ਐਲਾਨ ਕੀਤੀ ਜੋ ਗੁਰੂ ਦਾ ਸਿੱਖ ਨਾ ਹੋਣਾ ਮੰਨੇਗੇ ਉਹ ਅਜਾਦ, ਬਾਕੀਆ ਲਈ ਸਜਾ-ਏ-ਮੌਤ ਹੋਵੇਗੀ ।



ਇਸ ਨੂੰ ਰੋਕਣਾ ਮਾਈ ਭਾਗੋ ਲਈ ਕਰੜੀ ਪ੍ਰਖਿਆ ਸੀ । ਮੋਹਨ ਸਿੰਘ ਦੀ ਅਗਵਾਈ ਵਿਚ 40 ਸਿੰਘਾ ਨੇ ਮੁਗਲਾ ਦੀ ਈਨ ਮੰਨਦਿਆ ਬੇਮੁੱਖ ਹੋਣ ਦਾ ਫੈਸਲਾ ਕੀਤੀ । ਗੁਰੂ ਗੋਬਿੰਦ ਸਿੰਘ ਜੀ ਨੇ "ਸਿੱਖ ਨਹੀ ਰਹੇ" ਦੇ ਸਿਰਲੇਖ ਹੇਠ ਦਸਤਖ ਕਰ ਦੇਣ ਮਗਰੋ ਜਿਮੇਵਾਰੀ ਤੋ ਮੁਕਤ ਕਰ ਦਿੱਤਾ। ਇਸ ਘਟਨਾ ਨੇ ਮਾਈ ਭਾਗੋ ਤੇ ਡੂੰਘਾ ਅਸਰ ਕੀਤਾ। ਮੁਗਲਾ ਦੀ ਵਧਦੀ ਦਖਲਅੰਦਾਜੀ ਤੇ ਜਿਆਦਤੀਆ ਨੂੰ ਰੋਕਣ ਦਾ ਬੀੜਾ ਚੁਕਿਆ । ਆਪਣੀ ਗੁਰਦਵਾਰੇ ਦੀ ਸੇਵਾ ਦੇ ਨਾਲੋ-ਨਾਲ ਸਿੱਖ ਸੰਗਠਨ ਤੇ ਯੁੱਧ ਨੀਤੀ ਵੱਲ ਧਿਆਨ ਕੇਂਦਰਿਤ ਕੀਤਾ । ਖਿਲਾਫਤ ਕਰਨ ਵਾਲੇ ਸਿੱਖਾ ਨੂੰ ਜਲਦ ਹੀ ਵਾਪਿਸ ਲਿਆਉਣ ਵਿੱਚ ਕਾਮਯਾਮੀ ਮਿਲ ਗਈ । ਇਸ ਉਪਰਾਲੇ ਸਦਕਾ ਫੋਜਾ ਨੂੰ ਤਕੜਾ ਬਲ ਮਿਲਿਆ ਤੇ ਕਿਲੇ ਦੀ ਸੁਰੱਖਿਆ ਮਜਬੂਤ ਹੋਈ । ਗੁਰੂ ਦੀ ਮਾਫੀ ਮਗਰੋ ਸਿੱਖ ਯੋਧਿਆ ਨੇ ਮਾਲਵੇ ਦੀ ਯਾਤਰਾਂਵਾ ਸਮੇਤ ਅੰਤਿਮ ਸਮੇ ਤੱਕ ਸਾਥ ਨਿਭਾਇਆ ।

ਲੰਮੀ ਜੱਦੋ-ਜਹਿਦ ਅਤੇ ਕੋਝੀਆ ਚਾਲਾ ਪਿਛੋ ਵੀ ਮੁਗਲ ਘੇਰਾ ਤੋੜ ਨਾ ਸਕੇ । ਫਿਰ ਕੂਟਨੀਤਿਕ ਪ੍ਰਸਤਾਵ ਦਾ ਸਹਾਰਾ ਲਿਆ । ਔਰੰਗਜੇਬ ਸਮੇਤ ਮੁਗਲ ਰਾਜਿਆ ਨੇ ਕੁਰਾਨ ਦੇ ਪੰਨੇ ਉਪਰ ਦਸਖਤ ਕਰ ਕਿਲਾ ਛੱਡਣ ਦੀ ਬੇਨਤੀ ਕੀਤੀ ਅਤੇ ਇਵਜ ਵਿੱਚ ਜੰਗਬੰਦੀ ਤੇ ਸੁਰੱਖਿਅਤ ਜਾਣ ਦਾ ਭਰੋਸਾ ਜਿਤਾਇਆ । ਪਰੰਤੂ ਇਸ ਵਿਸਵਾਸਘਾਤੀ ਮਤੇ ਨੂੰ ਗੁਰੂ ਜੀ ਨੇ ਤਵੱਜੋ ਨਹੀ ਦਿੱਤੀ । ਅਖੀਰ ਮੁਗਲਾ ਨੇ ਸਿੱਖ ਫੋਜਾ ਦੀ ਪਕੜ ਨੂੰ ਤੋੜਨ ਅਤੇ ਗੁਰੂ ਦੇ ਪਰਿਵਾਰ ਨੂੰ ਖੇਰੂ-ਖੇਰੂ ਕਰਨ ਦੀ ਯੋਜਨਾ ਬਣਾਈ । 5, 6 ਦਸੰਬਰ (1705) ਦੀ ਰਾਤ ਨੂੰ ਸਰਸਾ ਨਦੀ ਨੇੜੇ ਹਮਲਾ ਕਰ ਦਿੱਤਾ । ਚਮਕੌਰ ਦੀ ਜੰਗ ਵਿੱਚ ਮੁਗਲਾ ਨਾਲ ਲੋਹਾ ਲੈਦਿਆ ਵੱਡੇ ਸਹਿਬਜਾਦੇ ਅਜੀਤ ਸਿੰਘ 7 ਦਸੰਬਰ ਤੇ ਜੁਝਾਰ ਸਿੰਘ 22 ਦਸੰਬਰ 1705 ਨੂੰ ਸਹੀਦ ਹੋ ਗਏ । ਛੋਟੇ ਸਹਿਬਜਾਦੇ ਜੋਰਾਵਰ ਸਿੰਘ (9) ਅਤੇ ਫਤਿਹ ਸਿੰਘ (7) ਨੂੰ ਮਾਤਾ ਗੁਜਰੀ ਜੀ ਸਮੇਤ ਗੰਗੂ ਰਸੋਈਆ ਦੇ ਪਿੰਡ ਸਹੇੜੀ (ਰੋਪੜ) ਪਹੁੰਚ ਗਏ । ਉਸ ਨੇ ਮੋਹਰਾ ਦੇ ਲਾਲਚ ਵਸ ਸਰਹਿੰਦ ਦੇ ਨਵਾਬ ਵਜੀਰ ਖਾਨ ਕੋਲ ਕੈਦ ਕਰਵਾ ਦਿੱਤਾ। 26 ਦਸੰਬਰ 1705 ਨੂੰ ਨਿੱਕੇ ਲਾਲਾ ਦੇ ਈਣ ਨਾ ਮੰਨਣ ਕਾਰਨ ਨੀਹਾਂ ਵਿੱਚ ਚਿਣਵਾ ਕੇ ਸਹੀਦ ਕਰ ਦਿੱਤਾ ।

ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਹਿਬ ਦੇ ਕਿਲਾ ਛੱਡਣ ਦਾ ਫੈਸਲਾ ਕਰ ਲਿਆ । ਰਾਤ ਨੂੰ ਫੋਜਾ ਦੇ ਨਾਲ ਗੜੀ (ਹਵੇਲੀ) ਵਿਖੇ ਆਰਾਮ ਕੀਤਾ । ਮਾਈ ਭਾਗੋ ਨੇ ਗੁਰ ਸਹਿਬ ਨੂੰ ਸੁਰੱਖਿਅਤ ਬਾਹਰ ਭੇਜਣ ਅਤੇ ਜੰਗ ਜਿੱਤਣ ਲਈ ਯੋਗ ਅਗਵਾਈ ਕੀਤੀ। ਨਬੀ ਤੇ ਗਨੀ ਖਾਨ ਦੀ ਸਹਾਇਤਾ ਨਾਲ ਗੜੀ 'ਚ ਦਸ਼ਵੇ ਪਾਤਸਾਹ ਬਾਹਰ ਭੇਜਣ ਵਿੱਚ ਸਫਲ ਰਹੇ । ਇਕ ਸੂਫੀ ਸੰਤ ਦੇ ਰੂਪ ਵਿੱਚ ਮਾਛੀਵਾੜੇ ਦੇ ਜੰਗਲਾ ਵੱਲ ਚਲੇ ਗਏ।

29 ਦਸੰਬਰ 1705 ਨੂੰ ਗੁਰੂ ਗੋਬਿੰਦ ਸਿੰਘ ਜੀ ਵਲੋ ਖਿਦਰਾਣੇ ਢਾਬ ਦੀ ਆਖਰੀ ਜੰਗ ਲੜੀ । ਮੁਗਲਾ ਨੇ ਗੁਰੂ ਜੀ ਨੂੰ ਜਾਨੋ ਮਾਰਨ ਲਈ ਜੀ ਤੋੜ ਮੇਹਨਤ ਕੀਤੀ । ਮਾਈ ਭਾਗੋ ਦੇ ਵਡਭਾਗੇ ਉਪਰਾਲੇ ਨੇ 40 ਮੁਕਤਿਆ ਨੂੰ ਜੰਗ ਲਈ ਪ੍ਰੇਰਿਆ। ਜੋ ਮੁਗਲਾ ਨੂੰ ਮੌਤ ਦੇ ਘਾਟ ਉਤਾਰਦਿਆ ਸਹੀਦ ਹੋ ਗਏ ,ਮੋਹਨ ਸਿੰਘ ਗੰਭੀਰ ਜਖਮੀ ਸੀ ਜਿਸ ਨੇ ਗੁਰਾ ਦੀ ਗੋਦ ਵਿੱਚ ਮਾਫੀ ਮੰਗਦਿਆ ਆਖਰੀ ਸਾਹ ਲਿਆ। ਗੁਰੂ ਜੀ ਨੇ ਬੇਦਾਵਾ ਪਾੜ ਕੇ ਮੁਕਤਿਆ ਨੂੰ ਸੱਚੇ ਸਿੱਖ ਹੋਣ ਦਾ ਮਾਣ ਬਖਸਿਆ। ਜਿਹਨਾ ਦੀ ਯਾਦ ਵਿੱਚ ਮੁਕਤਸਰ ਸਹਿਬ ਸਹਿਰ ਦਾ ਨਿਰਮਾਣ ਹੋਇਆ । ਮੁਗਲ ਹਾਰ ਨੂੰ ਦੇਖਦਿਆ ਮੈਦਾਨੇ ਜੰਗ ਛੱਡ ਭੱਜੇ ਤੇ ਗੁਰਾ ਨੇ ਫੋਜਾ ਨੂੰ ਪਿੱਛਾ ਕਰਨ ਤੋ ਵਰਜਿਆ । ਇਸ ਯੁੱਧ ਵਿੱਚ ਮਾਈ ਭਾਗੋ ਗੰਭੀਰ ਜਖਸੀ ਹੋਈ ਪਰ ਪਤੀ ਅਤੇ ਭਰਾ ਸਹੀਦ ਹੋ ਗਏ ।



ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ
91-78374 90309

ਲੰਮੇ ਸਮੇ ਯੁੱਧ ਤੇ ਪਰਿਵਾਰ ਵਿਛੋੜੇ ਪਿਛੋ ਫੋਜਾ ਨਾਲ ਕੁਝ ਸਮੇ ਤਲਵੰਡੀ ਸਾਬੋ ਵਿਚ ਜੁਗਾਰਿਆ । ਉਸੇ ਸਮੇ ਗੁਰ ਜੀ ਦੇ ਹੁਕਮਾ ਸਦਕੇ ਮਾਤਾ ਭਾਗ ਕੌਰ ਨੇ ਨਿਹੰਗ ਬਾਣਾ ਧਾਰਨ ਕਰ ਲਿਆ ਤੇ ਆਪਣਾ ਜੀਵਨ ਸਿੱਖੀ ਪ੍ਰਚਾਰ ਨੂੰ ਸਮਰਪਤ ਕਰ ਦਿੱਤਾ ।ਗੁਰੂ ਗੋਬਿੰਦ ਸਿੰਘ ਦੇ ਹਜੂਰ ਸਹਿਬ ਜਾਣ ਸਮੇ ਮਾਤਾ ਭਾਗ ਕੌਰ ਦਸ ਖਾਸ ਸਿੰਘਾ ਵਿੱਚੋ ਇਕ ਅਹਿਮ ਮੈਬਰ ਸੀ ।

7 ਅਕਤੂਬਰ 1708 ਨੂੰ ਦਸ਼ਵੇ ਪਾਤਸਾਹ ਦੇ ਅਕਾਲ ਚਲਾਣੇ ਪਿਛੋ ਨਦੇੜ ਛੱਡ ਦੱਖਣ ਵੱਲ ਚਾਲੇ ਪਾ ਦਿੱਤੇ । ਨਾਨਕ ਝੀਰਾ ਬਿਦਰ ( ਕਰਨਾਟਕ ) ਤੋ 11 ਕਿ:ਮੀ ਦੂਰ ਜਨਵਾੜਾ ਵਿੱਚ ਡੇਰਾ ਸ਼ਥਾਪਤ ਕਰ ਲਿਆ ਜਿਥੇ ਗੁਰਮੱਤ ਦਾ ਗਿਆਨ ਤੇ ਧਿਆਨ ਕੇਂਦਰ ਸੁਰੂ ਕੀਤਾ। ਜਪ ਤਪ ਅਤੇ ਆਖਰੀ ਸ਼ੁਵਾਸ ਨਾਲ ਜੁੜੇ ਹੋਣ ਕਾਰਨ ਇਥੇ ਗੁਰਦੁਵਾਰਾ ਤਪ ਸਥਾਨ ਮਾਈ ਭਾਗੋ ਉਸਾਰ ਦਿੱਤਾ । 1788 ਵਿੱਚ ਜਥੇਦਾਰ ਮੋਹਨ ਸਿੰਘ ਨੇ ਹਜੂਰ ਸਹਿਬ ਦੀ ਰਹਾਇਸ ਨੂੰ ਬੁੰਗਾ (ਜੰਗੀ ਬੁਰਜ) ਮਾਈ ਭਾਗੋ ਦਾ ਗੁਰਦੁਵਾਰਾ ਸਥਾਪਤ ਕੀਤਾ। ਕੁਲ ਆਲਮ ਲਈ ਮਾਈ ਭਾਗੋ, ਦ੍ਰਿੜਤਾ, ਬੁਲੰਦ ਹੋਸਲੇ, ਸਹਾਦਤ ਅਤੇ ਨਿਰਸੁਵਾਰਥ ਸੇਵਾ ਭਾਵਨਾ ਕਰਕੇ ਮਾਣਯੋਗ ਤੇ ਪ੍ਰੇਰਨਾ ਸ੍ਰੋਤ ਹੈ।

## ਗਜ਼ਲ

ਡੱਡੂ ਬੋਲਦਾ ਨਾ ਥੱਕੇ ਖੜੇ ਪਾਣੀ ਵਿੱਚ ।
ਖੋਰੇ ਹਾਣ ਨੂੰ ਕੀ ਦਿੱਖਦਾ ਹਾਣੀ ਵਿੱਚ ।

ਮਾਪੇ ਦੇਣ ਫੀਸਾਂ ਨਾਲੇ ਬਟੂਅਏ ਭਰਦੇ ,
ਪੁੱਤ ਬੈਠਦਾ ਵੈਲੀਆ ਦੀ ਢਾਣੀ ਵਿੱਚ ।

ਪੈਲਸਾ ਤੇ ਡੀ ਜੇ ਫਾਲਤੂ ਹੀ ਖਰਚੇ ਨੇ ,
ਵਿਆਹ ਹੁੰਦੇ ਨੇ ਬੱਸ ਚਾਹ ਪਾਣੀ ਵਿੱਚ ।

ਰੰਗ ਬਰੰਗੇ ਲਿਬਾਸਾ ਚ ਸ਼ੈਤਾਨ ਬੈਠੇ ,
ਗੁਰਸਿੱਖ ਤਾ ਸ਼ਰਧਾ ਰੱਖੇ ਬਾਣੀ ਵਿੱਚ ।

ਜੱਗ ਬੀਤੀ ਨਾਲ ਸ਼ੇਅਰ ਨਹੀ ਬਣਦੇ ,
ਲੇਖਕ ਆਪਣੇ ਦੁੱਖ ਦੱਸੇ ਕਹਾਣੀ ਵਿੱਚ ।

ਧੀਆ ਕੂੰਜਾਂ ਦੀ ਉਡਾਰੀ ਉੱਡ ਜਾਵਣ ,
ਸੱਸ ਅਕਸ ਨਾ ਦੇਖੇ ਨੂੰਹ ਰਾਣੀ ਵਿੱਚ ।

ਸੱਤੀ ਮੇਰੀ-ਮੇਰੀ ਕਰਦਾ ਬੰਦਾ ਤੁਰ ਜਾਦਾ ,
ਉਲਝਿਆ ਰਹੇ ਮੋਹ ਵਾਲੀ ਤਾਣੀ ਵਿੱਚ ।

- ਸੱਤੀ ਉਟਾਲਾਂ ਵਾਲਾ
91-99157-70356

## ਪੰਛੀਆਂ ਦੀ ਪੁਕਾਰ (ਕਵਿਤਾ)

ਐ ਮਨੁੱਖ !!!
ਵੱਧ ਤੋਂ ਵੱਧ ਲਗਾਓ ਰੁੱਖ ।
ਜੇ ਵਾਤਾਵਰਨ ਰਹੇਗਾ ਸਾਫ਼ ਤੇ ਸ਼ੁੱਧ ,
ਤਾਂ ਘਟਣਗੇ ਸਾਡੇ ਸਭ ਦੇ ਦੁੱਖ।
ਤੁਸੀਂ ਵੱਧ ਤੋਂ ਵੱਧ ਰੁੱਖ ਲਗਾਓਗੇ ,
ਤਾਂ ਅਸੀਂ ਵੀ ਸੁਖੀ ਰਹਿ ਪਾਵਾਂਗੇ ।
ਜੇ ਧੜਾਧੜ ਰੁੱਖ ਕੱਟਦੇ ਜਾਓਗੇ ,
ਤਾਂ ਅਸੀਂ ਵੀ ਕਿੱਧਰ ਨੂੰ ਜਾਵਾਂਗੇ ?
ਉਜਾੜ ਕੇ ਸਾਡੇ ਘਰ - ਠਿਕਾਣੇ ,
ਤੁਸੀਂ ਵੀ ਬਹੁਤ ਪਛਤਾਓਗੇ ।
ਆਵੇਗੀ ਦੁੱਖਾਂ - ਤਕਲੀਫ਼ਾਂ ਦੀ ਹਨ੍ਹੇਰੀ ,
ਫਿਰ ਤੁਸੀਂ ਵੀ ਸੁਖੀ ਨਾ ਰਹਿ ਪਾਓਗੇ।
ਬਿਨ ਰੁੱਖਾਂ , ਪੰਛੀਆਂ , ਫੁੱਲਾਂ ਤੋਂ ,
ਮਾਹੌਲ ਹੋਵੇਗਾ ਗੰਧਲਾ ....।
ਅਜਿਹੀ ਤਰੱਕੀ ਨੂੰ ਕੀ ਕਹਿ ਪਾਓਗੇ ?
ਜਿਊਣਾ ਹੋ ਜਾਵੇਗਾ ਮੁਸ਼ਕਿਲ ਸਭ ਦਾ ,
ਫਿਰ ਦੁੱਖਾਂ ਵਿੱਚ ਪਿਸਦੇ ਜਾਵੋਗੇ।
ਅਜੇ ਵੀ ਸਮਾਂ ਹੈ , ਸੰਭਲ ਜਾਣ ਦਾ ,
ਰੁੱਖਾਂ ਦੀ ਸੰਭਾਲ ਤੇ ਵੱਧ ਤੋਂ ਵੱਧ ਰੁੱਖ ਲਗਾਉਣ ਦਾ।
ਪੰਛੀਆਂ ਦੀ ਅੱਜ ਸੁਣ ਲਓ ਪੁਕਾਰ ,
ਐ ਮਨੁੱਖ ! ਕੁਝ ਤਾਂ ਵਿਚਾਰ !!!
ਧਰਤੀ ਬਣ ਜਾਵੇਗੀ ਫਿਰ ਮਾਰੂਥਲ - ਰੇਤ ,
ਹਰੇ - ਭਰੇ ਮੁੱਕ ਜਾਣਗੇ ਜਦ ਸਭ ਖੇਤ।
" ਜੀਓ ਅਤੇ ਜਿਊਣ ਦਿਓ " ਦੇ ਰਾਹ 'ਤੇ ,
ਹੁਣ ਤੁਸੀਂ ਚੱਲ ਪਓ ਸਾਰੇ।
ਵਾਤਾਵਰਨ , ਪਾਣੀ , ਰੁੱਖਾਂ ਦੀ ਸੰਭਾਲ ਕਰਕੇ ,
ਬਣ ਜਾਓ ਤੇ ਅਖਵਾਓ 'ਸਚਿਆਰੇ' ।
ਬੰਬ, ਪਟਾਖੇ ਤੇ ਚਾਈਨਾ ਡੋਰ ਤੋਂ ਤੌਬਾ ਕਰਕੇ ,
ਵਾਤਾਵਰਣ ਸ਼ੁੱਧਤਾ ਦੀ ਹਾਮੀ ਭਰ ਕੇ ,
ਤਾਂ ਹੀ ਤੁਸੀਂ ' ਸ੍ਰੇਸ਼ਟ ਪ੍ਰਾਣੀ' ਅਖਵਾਓਗੇ,
ਆਉਣ ਵਾਲੀਆਂ ਪੀੜ੍ਹੀਆਂ ਲਈ ,
ਜੇ ਰਹਿਣ ਯੋਗ ਧਰਤੀ ਦੇ ਜਾਓਗੇ।
ਵਾਤਾਵਰਣ ਨੂੰ ਬਚਾਓ, ਪਾਣੀ ਨੂੰ ਬਚਾਓ ,
ਵੱਧ ਤੋਂ ਵੱਧ ਰੁੱਖ ਲਗਾਓ, ਪ੍ਰਦੂਸ਼ਣ ਨੂੰ ਘਟਾਓ।
ਇਹ ਹੈ ਪੰਛੀਆਂ ਦੀ ਪੁਕਾਰ ,
ਸੁਣ ਲੈ! ਮਨੁੱਖ ਇੱਕ ਵਾਰ।
ਇਸ 'ਤੇ ਪਹਿਰਾ ਦੇ ਵਾਰ - ਵਾਰ,
ਇਹ ਹੈ ਸਭ ਦੇ " ਭਲੇ ਦਾ ਸਾਰ",
ਇਹ ਹੈ ਪੰਛੀਆਂ ਦੀ ਪੁਕਾਰ,
ਇਹ ਪੰਛੀਆਂ ਦੀ ਪੁਕਾਰ।

- ਮਾਸਟਰ ਸੰਜੀਵ ਧਰਮਾਣੀ
91-94785-61356.

# ਵਿਗਿਆਨ ਨੂੰ ਆਪਣੇ ਕੈਰੀਅਰ ਵਜੋਂ ਅਪਨਾਉਣ ਲਈ ਉਤਸ਼ਾਹਤ ਕਰਨਾ- ਵਿਜੈ ਗਰਗ



ਵਿਜੈ ਗਰਗ
{ਸਾਬਕਾ ਪ੍ਰਿੰਸੀਪਲ}

ਨੌਕਰੀਆਂ ਦੀਆਂ ਮੰਗਾਂ ਜਿਹਨਾਂ ਨੂੰ ਰੁਟੀਨ ਹੁਨਰਾਂ ਦੀ ਜ਼ਰੂਰਤ ਹੈ ਉਹ ਘਟੀ ਹੈ, ਜਦੋਂ ਕਿ ਵਧੇਰੇ ਤਕਨੀਕੀ ਕੁਸ਼ਲਤਾ ਦੀ ਲੋੜ ਰੱਖਣ ਵਾਲੇ ਵਧ ਗਏ ਹਨ. ਸਰਕਾਰ ਵਿਦਿਆਰਥੀਆਂ ਨੂੰ ਸਕੂਲ ਤੋਂ ਬਾਅਦ ਸਟੇਮ {ਸਾਇੰਸ, ਟੈਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ} ਖੇਤਰ ਚੁਣਨ ਲਈ ਉਤਸ਼ਾਹਿਤ ਕਰ। ਵਿਦਿਆਰਥੀਆਂ ਨੂੰ ਆਪਣੇ ਭਵਿੱਖ ਲਈ ਵਿਗਿਆਨ ਦੀ ਚੋਣ ਕਰਨ ਲਈ ਪ੍ਰੇਰਿਤ ਕਰਨ ਲਈ ਇਹ ਕੁਝ ਤਰੀਕੇ ਹਨ।

**ਵਿਗਿਆਨ ਦਾ ਚਿੱਤਰ ਸੁਧਾਰੋ**

ਬਹੁਤ ਸਾਰੇ ਲੋਕ ਵਿਗਿਆਨ ਨੂੰ ਕੁਝ ਸਖਤ ਅਤੇ ਨਕਾਰਾਤਮਕ ਸਮਝਦੇ ਹਨ. ਉਨ੍ਹਾਂ ਫਿਲਮਾਂ ਅਤੇ ਕਿਤਾਬਾਂ ਲਈ ਬਹੁਤ ਕੁਝ ਦੋਸ਼ ਲਗਾਇਆ ਜਾ ਰਿਹਾ ਹੈ ਜੋ ਵਿਗਿਆਨੀਆਂ ਨੂੰ ਘਬਰਾਹਟ ਵਜੋਂ ਦਰਸਾਉਂਦੀਆਂ ਹਨ. ਇਸ ਦ੍ਰਿਸ਼ਟੀਕੋਣ ਨੂੰ ਬਦਲਣ ਲਈ ਅਧਿਆਪਕ ਵੱਡੀ ਭੂਮਿਕਾ ਅਦਾ ਕਰ ਸਕਦੇ ਹਨ।

ਉਹ ਵਿਦਿਆਰਥੀਆਂ ਨੂੰ ਦੱਸ ਸਕਦੇ ਹਨ ਕਿ ਕਿਵੇਂ ਵਿਗਿਆਨ ਨੇ ਦੁਨੀਆਂ ਨੂੰ ਬਦਲਿਆ ਹੈ ਅਤੇ ਵਿਸ਼ੇ ਬਾਰੇ ਦਿਲਚਸਪ ਗੱਲਾਂ ਕਹਿ ਸਕਦਾ ਹੈ. ਉਹ ਵੱਖ ਵੱਖ ਵਿਗਿਆਨਕ ਪ੍ਰਯੋਗ ਦਿਖਾ ਕੇ ਵਿਦਿਆਰਥੀਆਂ ਨੂੰ ਉਤਸ਼ਾਹਤ ਕਰ ਸਕਦੇ ਹਨ.

**ਸਕਾਰਾਤਮਕ ਰੋਲ ਮਾਡਲ ਬਣੋ**

ਜੇ ਕੋਈ ਵਿਦਿਆਰਥੀ ਦੇਖਦਾ ਹੈ ਕਿ ਅਧਿਆਪਕ ਵਿਗਿਆਨ ਬਾਰੇ ਗਿਆਨਵਾਨ ਅਤੇ ਭਾਵੁਕ ਹੈ, ਤਾਂ ਉਹ ਉਨ੍ਹਾਂ ਦੇ ਨਕਸ਼ੇ ਕਦਮਾਂ 'ਤੇ ਚੱਲਣ ਦੀ ਕੋਸ਼ਿਸ਼ ਕਰਨਗੇ. ਇਸ ਲਈ, ਉਨ੍ਹਾਂ ਦੇ ਰੋਲ ਮਾਡਲ ਵਜੋਂ ਕੰਮ ਕਰਨ ਦੀ ਕੋਸ਼ਿਸ਼ ਕਰੋ।

**ਇਸ ਨੂੰ ਮਜ਼ੇਦਾਰ ਬਣਾਉ**

ਤੁਹਾਨੂੰ ਵਿਦਿਆਰਥੀਆਂ ਨੂੰ ਸ਼ੁਰੂਆਤੀ ਪੜਾਅ 'ਤੇ ਵਿਗਿਆਨ ਨਾਲ ਜੁੜਨਾ ਚਾਹੀਦਾ ਹੈ ਅਤੇ ਇਸ ਨੂੰ ਮਜ਼ੇਦਾਰ ਅਤੇ ਦਿਲਚਸਪ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ. ਉਨ੍ਹਾਂ ਵਿਚ ਦਿਲਚਸਪੀ ਵਧਾਉਣ ਲਈ ਤੁਸੀਂ ਹੱਥ-ਪ੍ਰਯੋਗ ਕਰ ਕੇ ਦਿਖਾ ਸਕਦੇ ਹੋ.

**ਇਸਨੂੰ ਰੋਜ਼ਾਨਾ ਜ਼ਿੰਦਗੀ ਨਾਲ ਜੋੜੋ**

ਤੁਹਾਨੂੰ ਵਿਦਿਆਰਥੀਆਂ ਨੂੰ ਦਿਖਾਉਣਾ ਚਾਹੀਦਾ ਹੈ ਕਿ ਰੋਜ਼ਾਨਾ ਜ਼ਿੰਦਗੀ ਵਿੱਚ ਵਿਗਿਆਨ ਦੀ ਕਿਵੇਂ ਵਰਤੋਂ ਕੀਤੀ ਜਾਂਦੀ ਹੈ। ਸਾਡੇ ਕੋਲ ਵਿਗਿਆਨ ਕਾਰਨ ਸੈੱਲ ਫੋਨ, ਵੀਡੀਓ ਗੇਮਜ਼, ਟੇਬਲੇਟਸ ਆਦਿ ਹਨ। ਤੁਹਾਨੂੰ ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਇਹ ਚੀਜ਼ਾਂ ਤੁਹਾਡੀ ਜ਼ਿੰਦਗੀ ਨੂੰ ਕਿਵੇਂ ਬਿਹਤਰ ਬਣਾ ਰਹੀਆਂ ਹਨ।

**ਉਨ੍ਹਾਂ ਨੂੰ ਮੌਕੇ ਦਿਓ**

ਤੁਸੀਂ ਮੁਕਾਬਲੇ ਬਣਾ ਸਕਦੇ ਹੋ ਅਤੇ ਵਿਦਿਆਰਥੀਆਂ ਨੂੰ ਵਿਗਿਆਨ ਦੀ ਵਰਤੋਂ ਕਰਨ ਲਈ ਨਵੇਂ ਵਿਚਾਰਾਂ, ਡਿਜ਼ਾਇਨ, ਆਦਿ ਦੀ ਵਰਤੋਂ ਕਰਨ ਲਈ ਕਹਿ ਸਕਦੇ ਹੋ ਉਦਾਹਰਣ ਲਈ, ਤੁਸੀਂ ਉਨ੍ਹਾਂ ਨੂੰ ਹਰ ਰੋਜ਼ ਦੀ ਵਰਤੋਂ ਲਈ ਇੱਕ ਐਪ ਵਿਕਸਤ ਕਰਨ ਲਈ ਕਹਿ ਸਕਦੇ ਹੋ. ਤੁਸੀਂ ਸਮੂਹ ਮੁਕਾਬਲੇ ਨੂੰ ਵੀ ਉਤਸ਼ਾਹਤ ਕਰ ਸਕਦੇ ਹੋ।

**ਇਸ ਨੂੰ ਜੀਵਤ ਬਣਾਓ**

ਤੁਹਾਨੂੰ ਵਿਦਿਆਰਥੀਆਂ ਦੇ ਮਨ ਵਿੱਚ ਵਿਗਿਆਨ ਬਾਰੇ ਕੁਦਰਤੀ ਉਤਸੁਕਤਾ ਪੈਦਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ. ਤੁਸੀਂ ਵਿਗਿਆਨ ਨੂੰ ਰੋਜ਼ਾਨਾ ਜ਼ਿੰਦਗੀ ਨਾਲ ਜੋੜ ਕੇ ਅਜਿਹਾ ਕਰ ਸਕਦੇ ਹੋ।

ਉਨ੍ਹਾਂ ਨੂੰ ਵਿਗਿਆਨ ਨੂੰ ਚੰਗੀ ਤਰ੍ਹਾਂ ਸਮਝਣ ਲਈ, ਤੁਸੀਂ ਸ਼ੋਸ਼ਣਸ਼ੀਲ ਅਤੇ ਸਿਰਜਣਾਤਮਕ ਅਵਸਰਾਂ ਦੇ ਨਾਲ ਆ ਸਕਦੇ ਹੋ।

ਬਹੁਤੇ ਸਕੂਲਾਂ ਵਿੱਚ, ਵਿਗਿਆਨ ਮੇਲੇ ਵਾਂਗ, ਸਮਾਗਮ ਆਯੋਜਿਤ ਕੀਤੇ ਜਾਂਦੇ ਹਨ. ਇਸ ਤਰਾਂ ਦੀਆਂ ਹੋਰ ਘਟਨਾਵਾਂ ਹੋਣ ਨਾਲ ਵਿਦਿਆਰਥੀ ਦਿਲਚਸਪ ਪ੍ਰਯੋਗ ਕਰਨ ਅਤੇ ਵਿਗਿਆਨ ਵਿੱਚ ਰੁਚੀ ਪੈਦਾ ਕਰਨ ਲਈ ਪ੍ਰੇਰਿਤ ਹੋਣਗੇ।

ਅੱਜ ਕੱਲ ਬਹੁਤ ਸਾਰੇ ਟੀਵੀ ਸ਼ੋਅ ਅਤੇ ਯੂਟਿ .ਬ ਚੈਨਲ ਹਨ ਜਿਥੇ ਤੁਸੀਂ ਵਿਗਿਆਨ ਨਾਲ ਜੁੜੇ ਵੱਖ-ਵੱਖ ਪ੍ਰੋਗਰਾਮਾਂ ਨੂੰ ਦੇਖ ਸਕਦੇ ਹੋ. ਤੁਹਾਨੂੰ ਵਿਦਿਆਰਥੀਆਂ ਨੂੰ ਉਨ੍ਹਾਂ ਪ੍ਰੋਗਰਾਮਾਂ ਨੂੰ ਵੇਖਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਇੱਥੋਂ ਤਕ ਕਿ ਕਲਾਸ ਵਿੱਚ ਉਨ੍ਹਾਂ ਪ੍ਰੋਗਰਾਮਾਂ ਬਾਰੇ ਵਿਚਾਰ ਵਟਾਂਦਰੇ ਵੀ ਕਰਨਾ ਚਾਹੀਦਾ ਹੈ। ਇੱਕ ਛੋਟੀ ਉਮਰ ਤੋਂ ਹੀ ਵਿਗਿਆਨ ਪ੍ਰਤੀ ਰੁਚੀ ਵਧਾਉਣ ਦੁਆਰਾ ਉਹਨਾਂ ਨੂੰ ਵਿਗਿਆਨ ਨੂੰ ਆਪਣੇ ਕੈਰੀਅਰ ਦੇ ਰਸਤੇ ਵਜੋਂ ਅਪਨਾਉਣ ਲਈ ਉਤਸ਼ਾਹਤ ਕਰਨਾ ਜ਼ਰੂਰੀ ਹੈ।

# ਵਰਚੂਅਲ ਕਲਾਸਰੂਮ 'ਚ ਨਵੀਆਂ ਚੁਣੌਤੀਆਂ, ਅਧਿਆਪਕ ਵਿਦਿਆਰਥੀਆਂ ਦੇ ਰਿਸ਼ਤੇ

ਚੰਗਾ ਅਧਿਆਪਕ ਉਹ ਹੈ ਜੋ ਕਲਾਸਰੂਮ ਦੇ ਸਿਲੇਬਸ ਤੋਂ ਇਲਾਵਾ ਤੁਹਾਡੇ ਨਾਲ ਇਕ ਭਾਵਨਾਤਮਕ ਰਿਸ਼ਤੇ ਚ ਬੱਝਾ ਹੋਵੇ, ਜਿਨ੍ਹਾਂ ਨੇ ਜੀਵਨ ਦੇ ਸਿਲੇਬਸ ਦੀ ਸੋਝੀ ਵੀ ਤੁਹਾਨੂੰ ਦਿੱਤੀ ਹੋਵੇ, ਜੀਵਨ ਵਿਚ ਉਹ ਤੁਹਾਡੇ ਲਈ ਪ੍ਰੇਰਨਾ ਸ੍ਰੋਤ ਰਹੇ ਹੋਣ,ਜਿਨ੍ਹਾਂ ਦੀਆਂ ਆਦਤਾਂ ਅਪਣਾਉਣ ਲਈ ਤੁਸੀਂ ਉਤਸੁਕ ਹੋਵੋ, ਜਿਹੜੇ ਤੁਹਾਡੇ ਲਈ ਮਾਡਲ ਹੋਣ, ਜਿਨ੍ਹਾਂ ਦੀਆਂ ਕਹੀਆਂ ਗੱਲਾਂ ਤੁਹਾਡੇ ਜੀਵਨ ਦੇ ਅੰਗ ਸੰਗ ਹੋਣ।

ਜੇਕਰ ਅਸੀਂ ਪੁਰਾਣੇ ਸਮੇਂ ਦੀ ਗੱਲ ਕਰੀਏ ਤਾਂ ਅਧਿਆਪਕ-ਸਿਖਿਆਰਥੀ ਦਾ ਰਿਸ਼ਤਾ ਆਸ਼ਰਮ ਪ੍ਰਬੰਧ ਅਧੀਨ ਵਿਚਰਦਾ ਸੀ,ਜਿੱਥੇ ਦੋਨੋਂ ਡੂੰਘੀ ਤਰ੍ਹਾਂ ਇੱਕ ਦੂਜੇ ਨੂੰ ਜਾਣਦੇ-ਪਛਾਣਦੇ ਸਨ। ਜਦੋਂ ਤੁਸੀਂ ਸ਼ਿੱਦਤ ਨਾਲ ਗੁਰੂ ਦੇ ਸਨਮੁੱਖ ਹੁੰਦੇ ਹੋ, ਗੁਰੂ ਨੂੰ ਸਿਜਦਾ ਕਰਦੇ ਹੋ ਤਾਂ ਉਹ ਸਿਜਦਾ ਤੁਹਾਡੀ ਕਾਮਯਾਬੀ ਦੇ ਰੂਪ ਵਿੱਚ ਤੁਹਾਨੂੰ ਵਾਪਸ ਜ਼ਰੂਰ ਮਿਲਦਾ ਹੈ। ਇਹ ਰਿਸ਼ਤਾ ਸਿੱਖਣ ਸਿਖਾਉਣ ਦਾ ਰਿਸ਼ਤਾ ਹੈ।ਜਿਸ ਕੋਲੋਂ ਵੀ ਤੁਹਾਨੂੰ ਕੁਝ ਸਿੱਖਣ ਨੂੰ ਮਿਲਿਆ, ਵਿਸ਼ੇਸ਼ ਅਨੁਭਵ ਗ੍ਰਹਿਣ ਕੀਤਾ, ਉਹ ਹੀ ਤੁਹਾਡਾ ਗੁਰੂ ਹੈ।ਗੁਰੂ ਦੇ ਕਹੇ ਲਫ਼ਜ਼ ਰੱਬੀ ਲਫ਼ਜ਼ ਵਾਂਗ ਜਾਦੂ ਕਰਦੇ ਹਨ। ਤੁਹਾਡੀ ਸ਼ਖ਼ਸੀਅਤ ਲਈ ਚੁੰ-ਬਕੀ ਆਕਰਸ਼ਣ ਹੁੰਦੇ ਹਨ। ਗੁਰੂ ਦਾ ਸਤਿਕਾਰ ਗੁਰੂ ਨੂੰ ਤਾਂ ਸਤਿਕਾਰਤ ਬਣਾਉਂਦਾ ਹੀ ਹੈ ਪਰ ਤੁਹਾਨੂੰ ਵੀ ਸਤਿਕਾਰਤ ਹਸਤੀ ਬਣਾ ਦਿੰਦਾ ਹੈ। ਪਰ ਅੱਜ ਅਧਿਆਪਕ-ਵਿਦਿਆਰਥੀ ਜਾਂ ਗੁਰੂ-ਚੇਲੇ ਦੇ ਰਿਸ਼ਤੇ ਵਿੱਚ ਬਦਲਾਅ ਆ ਚੁੱਕੇ ਹਨ। ਵਿਵਹਾਰਿਕ ਦੌਰ ਨੇ ਦੋਨਾਂ ਦੇ ਰਿਸ਼ਤੇ ਨੂੰ ਪ੍ਰਭਾਵਿਤ ਕੀਤਾ ਹੈ। ਭਾਵਨਾਤਮਕ ਅਮਲ ਗੁਆਚਦੇ ਜਾ ਰਹੇ ਹਨ। ਪਦਾਰਥਕ ਦੌਰ ਤੇ ਸਿਸਟਮ ਦੀਆਂ ਚੁਣੌਤੀਆਂ ਨੇ ਇਸ ਰਿਸ਼ਤੇ ਕੋਲੋਂ ਆ-ਦਰਸ਼ਕਤਾ ਖੋਹ ਲਈ ਹੈ। ਪੁਰਾਣੀਆਂ ਕਦਰਾਂ-ਕੀਮਤਾਂ ਆਪਣੇ ਅਰਥ ਗੁਆ ਰਹੀਆਂ ਹਨ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਦਿਖ-ਾਵਾ ਤੇ ਇਕ ਦੂਜੇ ਤੋਂ ਅੱਗੇ ਜਾਣ ਦੀ ਕਾਹਲੀ ਨੇ ਦੋਨਾਂ ਧਿਰਾਂ ਦੇ ਰਿਸ਼ਤੇ ਨੂੰ ਸਹਿਜ ਨਹੀਂ ਰਹਿਣ ਦਿੱਤਾ। ਕਿਸੇ ਵੇਲੇ ਗੁਰੂ ਦੀ ਪਹਿਚਾਣ ਇਹ ਸੀ-

ਪਰ ਅੱਜ ਉਹ ਅਧਿਆਪਕਾਂ ਦਾ ਘੂਰਨਾ ਤੇ ਵਿਦਿਆਰਥੀਆਂ ਦਾ ਸਹਿਣਾ ਦੋਨੋਂ ਪੱਖਾਂ ਤੋਂ ਤਬਦੀਲੀ ਵਾਪਰ ਚੁੱਕੀ ਹੈ। ਪਦਾਰਥਵਾਦ ਦੇ ਦੌਰ ਵਿੱਚ ਅਧਿਆਪਕ ਵਰਗ ਦਾ ਨੌਕਰੀ ਪੱਖੋਂ ਅਸੁਰੱਖਿਅਤਾ ਦੀ ਭਾਵਨਾ ਉਹਨਾਂ ਵਿੱਚ ਅਸੰਤੁਸ਼ਟਤਾ ਪੈਦਾ ਕਰਦੀ ਹੈ ਤੇ ਵਿਦਿਆਰਥੀਆਂ ਵਿੱਚ ਵੀ ਭਵਿੱਖ ਪ੍ਰਤੀ ਪੈਦਾ ਹੋਈ ਅਨਿਸਚਿਤਤਾ ਚਿੰਤਾ ਦਾ ਕਾਰਣ ਹੈ। ਜਿਸ ਕਰਕੇ ਦੋਨਾਂ ਪੱਖਾਂ ਤੋਂ ਇਹ ਰਿਸ਼ਤਾ ਪ੍ਰਭਾਵਿਤ ਹੁੰਦਾ ਹੈ।

ਅੱਜ ਕੋਰੋਨਾ ਲਾਗ ਦੀ ਬਿਮਾਰੀ ਦੇ ਸਮੇਂ ਨੇ ਇਸ ਰਿਸ਼ਤੇ ਨੂੰ ਵਰਚੁਅਲ ਸੰਸਾਰ ਦਾ ਵਾਸੀ ਬਣਾ ਕੇ ਅਸਹਿਜ ਕਰ ਦਿੱਤਾ ਹੈ।ਅੱਜ ਵਿਦਿਆਰਥੀ-ਅਧਿਆਪਕ ਦਾ ਰਿਸ਼ਤਾ ਸਿਲੇਬਸ ਦੀਆਂ ਹੱਦਬੰਦੀਆਂ ਤੱਕ ਸਿਮਟ ਕੇ ਰਹਿ ਗਿਆ ਹੈ। ਕਲਾਸਰੂਮ ਜਾਂ ਨੇੜਤਾ ਵਾਲਾ ਸਿਰਜਕ ਵਾਤਾਵਰਣ ਅਲੋਪ ਹੋ ਗਿਆ ਹੈ। ਸਿਲੇਬਸ ਹੋਣ ਤੇ ਵੀ ਵਿਦਿਆਰਥੀ ਸੰਤੁਸ਼ਟ ਨਹੀਂ। ਸਿਲੇਬਸ ਕਰਾ ਕੇ ਵੀ ਅਧਿਆਪਕ ਸੰਤੁਸ਼ਟ ਨਹੀਂ ਕਿਉਂਕਿ ਸਿੱਖਣ-ਸਿਖਾਉਣ ਦਾ ਅਮਲ, ਜਾਣਨ-ਪਛਾਣਨ ਦੀ ਪ੍ਰਕਿਰਿਆ, ਜੋ ਕਿ ਇੱਕ ਵਿਸ਼ੇਸ਼ ਮਾਹੌਲ ਦੀ ਮੰਗ ਕਰਦੀ ਹੈ, ਉਹ ਗਾਇਬ ਹੈ।ਬੇਸ਼ੱਕ ਇਹ ਸਭ ਸਮੇਂ ਦੀਆਂ ਮਜ਼ਬੂਰੀਆਂ ਹਨ, ਸਮਿਆਂ ਦੀ ਲੋੜ ਹੈ, ਸਮਿਆਂ ਦੀਆਂ ਚੁਣੌਤੀਆਂ ਹਨ ਪਰ ਸਮੇਂ ਦੀ ਨਬਜ਼ ਪਛਾਣ ਕੇ ਇਸ ਰਾਹੀਂ ਹੀ ਇਕ ਰਿਸ਼ਤਾ ਘੜਨਾ ਪੈਣਾ ਹੈ। ਜੋ ਵੀ ਹੋਵੇ ਪਰ ਗੁਰੂ-ਚੇਲੇ ਜਾਂ ਅਧਿਆਪਕ-ਵਿਦਿਆਰਥੀ ਦੇ ਰਿਸ਼ਤੇ ਦਾ ਅਹਿਸਾਸ ਬੜਾ ਖ਼ੂਬਸੂਰਤ ਤੇ ਪ੍ਰੇਰਣਾਮਈ ਹੈ। ਸਮਾਂ ਜਿਹੜਾ ਮਰਜ਼ੀ ਹੋਵੇ ਇਹ ਅਹਿਸਾਸ ਕਦੇ ਵੀ ਖ਼ਤਮ ਨਹੀਂ ਹੋ ਸਕਦਾ। **- ਵਿਜੈ ਗਰਗ**

# ਕੈਰੀਅਰ ਦੇ ਤੌਰ ਤੇ ਗਣਿਤ ਵਿੱਚ ਉੱਜਲ ਭਵਿੱਖ - ਵਿਜੈ ਗਰਗ

ਵਿਗਿਆਨ ਅਤੇ ਟੈਕਨੋਲੋਜੀ ਤੋਂ ਲੈ ਕੇ ਕਾਰੋਬਾਰ, ਪ੍ਰਚੂਨ, ਸਿਹਤ ਸੰਭਾਲ ਅਤੇ ਹੋਰ ਬਹੁਤ ਸਾਰੇ ਲਈ ਗਣਿਤ ਅੱਜ ਲਗਭਗ ਹਰ ਉਦਯੋਗ ਤੇ ਲਾਗੂ ਹੈ. ਨਕਲੀ ਬੁੱਧੀ ਅਤੇ ਵਿਸ਼ਲੇਸ਼ਣ ਵਿੱਚ ਉੱਤਰ-ਪੂਰਬੀ ਯੂਨੀਵਰਸਿਟੀ ਦੇ ਪ੍ਰੋਗਰਾਮਾਂ ਲਈ ਲੀਡ ਫੈਕਲਟੀ ਮੈਂਬਰ ਥੌਮਸ ਗੌਲਡਿੰਗ ਦਾ ਕਹਿਣਾ ਹੈ ਕਿ ਗਣਿਤ ਵਿੱਚ ਐਡਵਾਂਸਡ ਡਿਗਰੀਆਂ ਵਾਲੇ ਪੇਸ਼ੇਵਰ ਕੁਝ ਖਾਸ ਹੁਨਰ ਦੀ ਮੁਹਾਰਤ ਲਈ ਖਾਸ ਤੌਰ ਤੇ ਉਹਨਾਂ ਦੀ ਆਲੋਚਨਾਤਮਕ ਸੋਚ ਅਤੇ ਸਮੱਸਿਆ ਹੱਲ ਕਰਨ ਦੀ ਮੁਹਾਰਤ ਲਈ ਬਹੁਤ ਫਾਇਦੇਮੰਦ ਹੁੰਦੇ ਹਨ। ਗੋਲਡਿੰਗ ਕਹਿੰਦਾ ਹੈ, "ਤੁਸੀਂ ਸਿਧਾਂਤਕ ਗਣਿਤ ਵਿਗਿਆਨੀਆਂ ਲਈ ਬਹੁਤ ਸਾਰੀਆਂ ਨੌਕਰੀਆਂ ਪੋਸਟਿੰਗ ਨਹੀਂ ਵੇਖ ਸਕੋਗੇ, ਪਰ ਜਿੱਥੇ ਅਧਿਐਨ ਦਾ ਖੇਤਰ ਵਿਸ਼ੇਸ਼ ਤੌਰ 'ਤੇ ਮਹੱਤਵਪੂਰਣ ਬਣ ਜਾਂਦਾ ਹੈ, ਉਹ ਗ੍ਰੈਜੂਏਟ ਦੀ ਕਿਸੇ ਵੀ ਸਮੱਸਿਆ ਨੂੰ ਹੱਲ ਕਰਨ ਲਈ ਗਣਿਤ ਦੀਆਂ ਧਾਰਨਾਵਾਂ ਨੂੰ ਲਾਗੂ ਕਰਨ ਦੀ ਯੋਗਤਾ ਵਿੱਚ ਹੁੰਦਾ ਹੈ ਜਿਸ' ਤੇ ਉਹ ਆਪਣਾ ਮਨ ਰੱਖਦੇ ਹਨ," ਗੋਲਡਿੰਗ ਕਹਿੰਦਾ ਹੈ. "ਗਣਿਤ ਵਿਗਿਆਨੀਆਂ ਨੇ ਤਰਕਸ਼ੀਲ ਹੁਨਰ ਅਤੇ ਵਿਘਨ ਦੇ ਹੁਨਰ ਨੂੰ ਜ਼ੋਰ ਨਾਲ ਵਿਕਸਤ ਕੀਤਾ ਹੈ, ਉਹ ਬਹੁਤ ਸੰਗਠਿਤ ਹਨ, ਅਤੇ ਉਹ ਵਧੇਰੇ ਆਸਾਨੀ ਨਾਲ ਵੱਡੀਆਂ-ਤਸਵੀਰਾਂ ਦੀਆਂ ਮੁਸ਼ਕਲਾਂ 'ਤੇ ਹਮਲਾ ਕਰ ਸਕਦੇ ਹਨ."

ਗਣਿਤ ਦੇ ਵੱਡੇ ਵੱਡੇ ਕੈਰੀਅਰ ਦੇ ਦੋ ਰਸਤੇ ਬਦਲ ਜਾਂਦੇ ਹਨ: ਹਾਲਾਂਕਿ ਕੁਝ ਗਣਿਤ ਦੇ ਖੋਜਕਰਤਾ ਵਜੋਂ ਅਕਾਦਮਿਕਤਾ ਵਿੱਚ ਕੰਮ ਕਰ ਸਕਦੇ ਹਨ, ਦੂਸਰੇ ਵਿਭਿੰਨ ਉਦਯੋਗ ਦੀਆਂ ਭੂਮਿਕਾਵਾਂ ਵਿੱਚ ਕੰਮ ਕਰਦੇ ਹਨ. ਗੋਲਡਿੰਗ ਕਹਿੰਦਾ ਹੈ ਕਿ ਉਦਯੋਗਿਕ ਮਾਰਗ ਅਕਾਦਮਿਕ ਖੋਜਾਂ ਨਾਲੋਂ ਕਿਤੇ ਵਧੇਰੇ ਆਮ ਹੈ। ਉਦਯੋਗ ਦੀਆਂ ਭੂਮਿਕਾਵਾਂ ਬਹੁਤ ਭਿੰਨ ਹੁੰਦੀਆਂ ਹਨ ਅਤੇ ਤੁਹਾਡੀਆਂ ਰੁਚੀਆਂ ਦੇ ਅਧਾਰ ਤੇ ਅਵਸਰ ਬੇਅੰਤ ਹੁੰਦੇ ਹਨ. ਗਣਿਤ ਵਿੱਚ ਤਕਨੀਕੀ ਡਿਗਰੀ ਵਾਲੇ ਅਤੇ ਟੈਕਨੋਲੋਜੀ ਵਿੱਚ ਰੁਚੀ ਰੱਖਣ ਵਾਲੇ ਲੋਕ ਉਦਾਹਰਣ ਵਜੋਂ ਕੰਪਿਊਟਰ ਪ੍ਰੋਗਰਾਮਰ, ਸੌਫਟਵੇਅਰ ਡਿਵੈਲਪਰ, ਜਾਂ ਡਾਟਾ ਵਿਗਿਆਨੀ ਵਜੋਂ ਕੰਮ ਕਰ ਸਕਦੇ ਹਨ. ਕਾਰੋਬਾਰੀ ਰੁਚੀਆਂ ਵਾਲੇ ਦੂਸਰੇ ਲੋਕ ਆਡੀਟਰਾਂ ਜਾਂ ਵਿੱਤੀ ਵਿਸ਼ਲੇਸ਼ਕ ਵਜੋਂ ਕੰਮ ਕਰਨ ਵਾਲੀਆਂ ਨੌਕਰੀਆਂ ਲੈ ਸਕਦੇ ਹਨ, ਜਾਂ ਜੇ ਉਹ ਸਿਹਤ ਸੰਭਾਲ ਉਦਯੋਗ ਵਿੱਚ ਆਪਣਾ ਕਰੀਅਰ ਬਣਾ ਰਹੇ ਹਨ ਤਾਂ ਡਾਕਟਰੀ ਵਿਗਿਆਨੀਆਂ ਵਜੋਂ ਕੰਮ ਕਰ ਸਕਦੇ ਹਨ।

ਗੋਲਡਿੰਗ ਕਹਿੰਦਾ ਹੈ, "ਤੁਹਾਨੂੰ ਆਪਣੀ ਗਣਿਤ ਦੇ ਹੁਨਰ ਨੂੰ ਕਿਸੇ ਚੀਜ਼ ਵਿਚ ਤਬਦੀਲ ਕਰਨਾ ਪਏਗਾ ਜੋ ਤੁਹਾਡੇ ਲਈ ਦਿਲਚਸਪ ਅਤੇ ਲਾਭਦਾਇਕ ਹੋਵੇ. "ਆਪਣੇ ਆਪ ਨੂੰ ਪੁੱਛੋ ਕਿ ਤੁਹਾਡੀ ਰੁਚੀ ਕਿੱਥੇ ਹੈ ਅਤੇ ਕਿਸ ਤਰ੍ਹਾਂ ਦੇ ਉਦਯੋਗ ਆਪਣੇ ਵਰਗੇ ਤਕਨੀਕੀ ਲੋਕਾਂ ਦੀ ਵਰਤੋਂ ਕਰ ਸਕਦੇ ਹਨ।" **- ਵਿਜੈ ਗਰਗ**

# ਉਦਯੋਗ ਦੀਆਂ ਸਭ ਤੋਂ ਮਸ਼ਹੂਰ ਅਹੁਦਿਆਂ ਤੋਂ ਲੈ ਕੇ ਅੱਜ ਦੇ ਡੇਟਾ ਹੁਨਰ ਦੀ ਮੰਗ ਕਰਨ ਲਈ, ਜਿਸ ਬਾਰੇ ਤੁਹਾਨੂੰ ਜਾਣਨ ਦੀ ਜ਼ਰੂਰਤ ਹੈ

ਗਣਿਤ-ਪ੍ਰੇਮੀਆਂ ਲਈ ਕਰੀਅਰ ਦੇ ਰਸਤੇ

1. ਆਡੀਟਰ- ਆਡੀਟਰ ਵਿੱਤੀ ਰਿਕਾਰਡਾਂ ਦੀ ਪੜਤਾਲ ਕਰਦੇ ਹਨ ਅਤੇ ਉਨ੍ਹਾਂ ਦੀ ਸ਼ੁੱਧਤਾ ਦੀ ਜਾਂਚ ਕਰਦੇ ਸਮੇਂ ਤਿਆਰ ਕਰਦੇ ਹਨ, ਫਿਰ ਉਨ੍ਹਾਂ ਦੇ ਨਤੀਜਿਆਂ ਨੂੰ ਮੁੱਖ ਹਿੱਸੇਦਾਰਾਂ ਨੂੰ ਸਮਝਾਉਂਦੇ ਹਨ. ਅੰਦਰੂਨੀ ਆਡੀਟਰ ਕਿਸੇ ਸੰਗਠਨ ਦੇ ਫੰਡਾਂ ਦੇ ਪ੍ਰਬੰਧਨ ਦੀ ਜਾਂਚ ਕਰਦੇ ਹਨ ਅਤੇ ਕੂੜੇਦਾਨ ਅਤੇ ਧੋਖਾਧੜੀ ਨੂੰ ਖਤਮ ਕਰਨ ਦੀਆਂ ਪ੍ਰਕਿਰਿਆਵਾਂ ਨੂੰ ਬਿਹਤਰ ਬਣਾਉਣ ਦੇ ਤਰੀਕਿਆਂ ਦੀ ਪਛਾਣ ਕਰਦੇ ਹਨ. ਬਾਹਰੀ ਆਡੀਟਰ ਕਿਸੇ ਬਾਹਰੀ ਸੰਸਥਾ ਦੁਆਰਾ ਉਹੀ ਕੰਮ ਕਰਨ ਲਈ ਲਗਾਏ ਜਾਂਦੇ ਹਨ, ਜਦੋਂ ਕਿ ਸੂਚਨਾ ਤਕਨਾਲੋਜੀ ਆਡੀਟਰ ਆਪਣੀਆਂ ਸੰਸਥਾਵਾਂ ਦੇ ਕੰਪਿਊਟਰ ਪ੍ਰਣਾਲੀਆਂ ਲਈ ਨਿਯੰਤਰਣ ਦੀ ਸਮੀਖਿਆ ਕਰਦੇ ਹਨ.

2. ਡਾਟਾ ਜਾਂ ਖੋਜ ਵਿਸ਼ਲੇਸ਼ਕ-

ਡਾਟਾ ਵਿਸ਼ਲੇਸ਼ਕ ਕਾਰੋਬਾਰਾਂ ਨੂੰ ਗੁੰਝਲਦਾਰ ਮਸਲਿਆਂ ਦੀ ਪੜਤਾਲ ਕਰਨ, ਅਯੋਗਤਾਵਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਹੱਲ ਕਰਨ ਅਤੇ ਰਣਨੀਤਕ, ਡਾਟਾ-ਅਧਾਰਤ ਕਾਰੋਬਾਰੀ ਫੈਸਲਿਆਂ ਵਿਚ ਮਦਦ ਕਰਨ ਲਈ ਤਕਨੀਕੀ ਗਣਿਤ ਅਤੇ ਵਿਸ਼ਲੇਸ਼ਣ ਦੇ ਤਰੀਕਿਆਂ ਦੀ ਵਰਤੋਂ ਕਰਦੇ ਹਨ. ਉਹ ਅੰਕੜੇ ਸੈਟ ਦੀ ਵਿਆਖਿਆ ਕਰਨ ਅਤੇ ਕਾਰਜਕਾਰੀ ਲੀਡਰਸ਼ਿਪ ਲਈ ਰਿਪੋਰਟਾਂ ਤਿਆਰ ਕਰਨ ਲਈ ਅੰਕੜਿਆਂ ਦੇ ਸੰਦਾਂ ਦੀ ਅਕਸਰ ਵਰਤੋਂ ਕਰਦੇ ਹਨ ਜੋ ਕਾਰੋਬਾਰ ਦੇ ਰੁ-ਝਾਨਾਂ, ਪੈਟਰਨਾਂ ਅਤੇ ਭਵਿੱਖਬਾਣੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਦੇ ਹਨ.

3. ਕੰਪਿਊਟਰ ਪ੍ਰੋਗਰਾਮਰ-

ਕੰਪਿਊਟਰ ਪ੍ਰੋਗਰਾਮਰ ਕੰਪਿਊਟਰ ਐਪਲੀਕੇਸ਼ਨ ਅਤੇ ਸੌਫਟਵੇਅਰ ਪ੍ਰੋਗਰਾਮ ਕੋਡ ਲਿਖਦੇ ਹਨ ਅਤੇ ਟੈਸਟ ਕਰਦੇ ਹਨ। ਇਹ ਪੇਸ਼ੇਵਰ ਮੌਜੂਦਾ ਪ੍ਰੋਗਰਾਮਾਂ ਨੂੰ ਅਪਡੇਟ ਅਤੇ ਵਿਸਥਾਰ ਕਰਦੇ ਹਨ, ਗਲਤੀਆਂ ਲਈ ਪ੍ਰੋਗਰਾਮਾਂ ਦੀ ਜਾਂਚ ਕਰਦੇ ਹਨ ਅਤੇ ਕੋਡ ਦੀਆਂ ਗਲਤੀਆਂ ਵਾਲੀਆਂ ਗਲਤੀਆਂ ਨੂੰ ਠੀਕ ਕਰਦੇ ਹਨ. ਕੰਪਿਊਟਰ ਪ੍ਰੋਗਰਾਮਰ ਕਈ ਤਰ੍ਹਾਂ ਦੀਆਂ ਕੰਪਿਊਟਰ ਭਾਸ਼ਾਵਾਂ ਵਿੱਚ ਚੰਗੀ ਤਰ੍ਹਾਂ ਜਾਣਦੇ ਹਨ, ਜਿਸ ਵਿੱਚ ਸੀ ++ ਅਤੇ ਜਾਵਾ ਸ਼ਾਮਲ ਹਨ, ਅਤੇ ਨੌਕਰੀਆਂ ਲਈ ਕਈ ਤਰ੍ਹਾਂ ਦੇ ਗਣਿਤ ਵਿਸ਼ਿਆਂ ਦੀ ਪਿਛੋਕੜ ਦੀ ਲੋੜ ਹੁੰਦੀ ਹੈ.

4. ਡਾਕਟਰੀ ਵਿਗਿਆਨੀ-

ਮੈਡੀਕਲ ਵਿਗਿਆਨੀ ਕਲਪਨਾਵਾਂ ਬਣਾਉਂਦੇ ਹਨ ਅਤੇ ਪ੍ਰਯੋਗਾਂ ਦਾ ਵਿਕਾਸ ਕਰਦੇ ਹਨ, ਅਕਸਰ ਉਨ੍ਹਾਂ ਦੀਆਂ ਖੋਜਾਂ ਦੀ ਖੋਜ ਕਰਨ ਲਈ ਕਲੀਨਿਕਲ ਅਜ਼ਮਾਇਸ਼ਾਂ ਅਤੇ ਹੋਰ ਖੋਜ ਮਣਟਹੋਦਸੰਗਾਂ ਦੀ ਵਰਤੋਂ ਕਰਦੇ ਹਨ. ਇੱਕ ਮੈਡੀਕਲ ਵਿਗਿਆਨੀ ਜੋ ਕੈਂਸਰ ਦੀ ਖੋਜ ਕਰਦਾ ਹੈ, ਉਹ ਦਵਾਈਆਂ ਦੇ ਸੁਮੇਲ ਨਾਲ ਪ੍ਰਯੋਗ ਕਰ ਸਕਦਾ ਹੈ ਜੋ ਕੈਂਸਰ ਦੀ ਪ੍ਰਗਤੀ ਨੂੰ ਹੌਲੀ ਕਰ ਸਕਦੀਆਂ ਹਨ, ਉਦਾਹਰਣ ਵਜੋਂ. ਮੈਡੀਕਲ ਵਿਗਿਆਨੀ ਜੀਵਨ ਜੀਵ ਵਿਗਿਆਨ, ਭੌਤਿਕ ਵਿਗਿਆਨ ਅਤੇ ਗਣਿਤ ਵਿੱਚ ਇੱਕ ਮਜ਼ਬੂਤ ਪਿਛੋਕੜ ਹੋਣੇ ਚਾਹੀਦੇ ਹਨ.

5. ਵਿੱਤੀ ਵਿਸ਼ਲੇਸ਼ਕ-

ਵਿੱਤੀ ਵਿਸ਼ਲੇਸ਼ਕ ਬੈਂਕਾਂ, ਪੈਨਸ਼ਨ ਫੰਡਾਂ, ਮਿ ਮੁਟੁਅਲਚੁਅਲ ਫੰਡਾਂ, ਪ੍ਰਤੀਭੂਤੀਆਂ ਫਰਮਾਂ, ਬੀਮਾ ਕੰਪਨੀਆਂ ਅਤੇ ਹੋਰ ਕਾਰੋਬਾਰਾਂ ਵਿੱਚ ਨਿਵੇਸ਼ ਦੇ ਮੌਕਿਆਂ ਦਾ ਮੁਲਾਂਕਣ ਕਰਦੇ ਹਨ. ਉਹ ਮੌਜੂਦਾ ਅਤੇ ਇਤਿਹਾਸਕ ਵਿੱਤੀ ਅੰਕੜਿਆਂ ਦਾ ਮੁਲਾਂਕਣ ਕਰਨ, ਆਰਥਿਕ ਅਤੇ ਕਾਰੋਬਾਰੀ ਰੁਝਾਨਾਂ ਦਾ ਅਧਿਐਨ ਕਰਨ ਅਤੇ ਕੰਪਨੀ ਦੀਆਂ ਸੰਭਾਵਨਾਵਾਂ ਬਾਰੇ ਬਿਹਤਰ ਗਿਆਨ ਪ੍ਰਾਪਤ ਕਰਨ ਲਈ ਕੰਪਨੀ ਅਧਿਕਾਰੀਆਂ ਨਾਲ ਮੁਲਾਕਾਤ ਲਈ ਜ਼ਿੰਮੇਵਾਰ ਹਨ. ਇੱਥੇ ਕਈ ਕਿਸਮਾਂ ਦੇ ਵਿੱਤੀ ਵਿਸ਼ਲੇਸ਼ਕ ਹਨ, ਜਿਨ੍ਹਾਂ ਵਿੱਚ ਪੋਰਟਫੋਲੀਓ ਮੈਨੇਜਰ, ਫੰਡ ਮੈਨੇਜਰ, ਰੇਟਿੰਗ ਵਿਸ਼ਲੇਸ਼ਕ ਅਤੇ ਜੋਖਮ ਵਿਸ਼ਲੇਸ਼ਕ ਸ਼ਾਮਲ ਹਨ.

6. ਅੰਕੜੇ-

ਅੰਕੜੇ ਵਿਗਿਆਨੀ ਕਈ ਤਰ੍ਹਾਂ ਦੇ ਖੇਤਰਾਂ ਵਿੱਚ ਕੰਮ ਕਰਦੇ ਹਨ- ਜਿਸ ਵਿੱਚ ਕਾਰੋਬਾਰ, ਇੰਜੀਨੀਅਰਿੰਗ ਅਤੇ ਵਿਗਿਆਨ ਸ਼ਾਮਲ ਹਨ- ਅਤੇ ਸਮੱਸਿਆਵਾਂ ਨੂੰ ਹੱਲ ਕਰਨ ਲਈ ਗਣਿਤ ਦੇ ਨਵੇਂ ਸਿਧਾਂਤ ਅਤੇ ਤਕਨੀਕਾਂ ਨੂੰ ਲਾਗੂ ਕਰਦੇ ਹਨ ਅਤੇ ਵਿਕਸਤ ਕਰਦੇ ਹਨ. ਇਹ ਪੇਸ਼ੇਵਰ ਡਾਟੇ ਨੂੰ ਇਕੱਤਰ ਕਰਨ ਲਈ ਸਰਵੇਖਣ, ਪ੍ਰਯੋਗਾਂ ਅਤੇ ਰਾਏ ਪੋਲਾਂ ਨੂੰ ਡਿਜ਼ਾਈਨ ਕਰਦੇ ਹਨ, ਫਿਰ ਡੇਟਾ ਦੀ ਵਿਆਖਿਆ ਕਰਦੇ ਹਨ ਅਤੇ ਸਿੱਟੇ ਕੱਢ ਦਿੰਦੇ ਹਨ. ਅੰਕੜੇ ਵਿਗਿਆਨੀ ਨਵੀਆਂ ਦਵਾਈਆਂ ਦੀ ਪ੍ਰਭਾਵਸ਼ੀਲਤਾ ਦਾ ਵਿਸ਼ਲੇਸ਼ਣ ਕਰਨ ਲਈ ਕੈਮਿਸਟ, ਪਦਾਰਥ ਵਿਗਿਆਨੀ, ਜਾਂ ਰਸਾਇਣਕ ਇੰਜੀਨੀਅਰਾਂ ਦੇ ਨਾਲ ਕੰਮ ਕਰ ਸਕਦੇ ਹਨ.

7. ਅਦਾਕਾਰੀ-

ਅਭਿਨੇਤਾ ਗਣਿਤ, ਅੰਕੜੇ ਅਤੇ ਵਿੱਤੀ ਸਿਧਾਂਤ ਦੀ ਵਰਤੋਂ ਕਰਦਿਆਂ ਜੋਖਮ ਅਤੇ ਅਨਿਸ਼ਚਿਤਤਾ ਦੀਆਂ ਵਿੱਤੀ ਕੀਮਤਾਂ ਦਾ ਵਿਸ਼ਲੇਸ਼ਣ ਕਰਦੇ ਹਨ।

ਉਹ ਕਾਰੋਬਾਰਾਂ ਅਤੇ ਗਾਹਕਾਂ ਨੂੰ ਉਨ੍ਹਾਂ ਜੋਖਮਾਂ ਦੀ ਕੀਮਤ ਨੂੰ ਘਟਾਉਣ ਲਈ ਨੀਤੀਆਂ ਵਿਕਸਤ ਕਰਨ ਵਿੱਚ ਸਹਾਇਤਾ ਕਰਦੇ ਹਨ। ਅਦਾਕਾਰੀ ਬੀਮਾ ਉਦਯੋਗ ਲਈ ਜ਼ਰੂਰੀ ਹਨ ਅਤੇ ਤਕਨੀਕੀ ਅੰਕੜੇ ਅਤੇ ਮਾਡਲਿੰਗ ਸੌਫਟਵੇਅਰ, ਗਣਿਤ ਅਤੇ ਕਾਰੋਬਾਰ ਦੇ ਮਾਹਰ ਹੋਣੇ ਚਾਹੀਦੇ ਹਨ.

8. ਅਰਥ ਸ਼ਾਸਤਰੀ-

ਅਰਥ ਸ਼ਾਸਤਰੀ ਅੰਕੜੇ ਇਕੱਤਰ ਕਰਨ ਅਤੇ ਵਿਸ਼ਲੇਸ਼ਣ ਕਰਨ, ਰੁਝਾਨਾਂ ਦੀ ਖੋਜ ਕਰਨ, ਅਤੇ ਆਰਥਿਕ ਮੁੱਦਿਆਂ ਦਾ ਮੁਲਾਂਕਣ ਕਰਕੇ ਚੀਜ਼ਾਂ, ਸਰੋਤਾਂ ਅਤੇ ਸੇਵਾਵਾਂ ਦੇ ਉਤਪਾਦਨ ਅਤੇ ਵੰਡ ਦਾ ਅਧਿਐਨ ਕਰਦੇ ਹਨ. ਇਹ ਪੇਸ਼ੇਵਰ ਸਿਹਤ, ਵਿਕਾਸ, ਸਿੱਖਿਆ ਅਤੇ ਵਾਤਾਵਰਣ ਸਮੇਤ ਕਈ ਖੇਤਰਾਂ ਦਾ ਅਧਿਐਨ ਕਰਦੇ ਹਨ, ਜਦਕਿ ਦੂਸਰੇ ਰੁਜ਼ਗਾਰ ਦੇ ਪੱਧਰਾਂ, ਵਟਾਂਦਰੇ ਦੀਆਂ ਦਰਾਂ, ਜਾਂ ਵਪਾਰਕ ਚੱਕਰ ਬਾਰੇ ਅਧਿਐਨ ਕਰਦੇ ਹਨ.

9. ਸੌਫਟਵੇਅਰ ਡਿਵੈਲਪਰ-

ਸੌਫਟਵੇਅਰ ਡਿਵੈਲਪਰ ਸੌਫਟਵੇਅਰ ਪ੍ਰੋਗਰਾਮ ਦੇ ਵਿਕਾਸ ਕਾਰਜ ਲਈ ਜ਼ਿੰਮੇਵਾਰ ਹੁੰਦੇ ਹਨ. ਉਹ ਉਪਭੋਗਤਾਵਾਂ ਦੀਆਂ ਜ਼ਰੂਰਤਾਂ ਦਾ ਵਿਸ਼ਲੇਸ਼ਣ ਕਰਦੇ ਹਨ, ਫਿਰ ਡਿਜ਼ਾਇਨ ਕਰਦੇ ਹਨ, ਟੈਸਟ ਕਰਦੇ ਹਨ, ਅਤੇ ਸੌਫਟਵੇਅਰ ਦਾ ਵਿਕਾਸ ਕਰਦੇ ਹਨ ਜੋ ਉਨ੍ਹਾਂ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ. ਇੱਥੇ ਕਈ ਤਰ੍ਹਾਂ ਦੇ ਸੌਫਟਵੇਅਰ ਡਿਵੈਲਪਰ ਹੁੰਦੇ ਹਨ, ਜਿਵੇਂ ਐਪਲੀਕੇਸ਼ਨ ਸੌਫਟਵੇਅਰ ਡਿਵੈਲਪਰ, ਕੰਪਿਊਟਰ ਐਪਲੀਕੇਸ਼ਨ ਡਿਜ਼ਾਈਨ ਕਰਨ ਵਾਲੇ, ਅਤੇ ਸਿਸਟਮ ਸੌਫਟਵੇਅਰ ਡਿਵੈਲਪਰ, ਜੋ ਸਿਸਟਮ ਬਣਾਉਂਦੇ ਹਨ ਜੋ ਕੰਪਿ ਚੋਮਪੁਟਿਰਸਟਰਾਂ ਨੂੰ ਕੰਮ ਕਰਦੇ ਰਹਿੰਦੇ ਹਨ.

10. ਡਾਟਾ ਸਾਇੰਟਿਸਟ-

ਡੇਟਾ ਵਿਗਿਆਨੀ ਮਾਡਲਿੰਗ, ਡੇਟਾ ਮਾਈਨਿੰਗ, ਅਤੇ ਉਤਪਾਦਨ ਲਈ ਨਵੇਂ ਡੇਟਾ ਸੈਟ ਪ੍ਰਕਿਰਿਆਵਾਂ ਦਾ ਡਿਜ਼ਾਈਨ ਅਤੇ ਬਿਲਡਿੰਗ ਕਰਦੇ ਹਨ. ਵੱਖੋ ਵੱਖਰੇ ਡੇਟਾ ਸਰੋਤਾਂ ਨਾਲ ਡਾਟਾ ਅਧਿਐਨ ਅਤੇ ਉਤਪਾਦਾਂ ਦੇ ਪ੍ਰਯੋਗਾਂ ਨੂੰ ਪ੍ਰਦਰਸ਼ਨ ਅਤੇ ਵਿਆਖਿਆ ਕਰਨ ਤੋਂ ਇਲਾਵਾ, ਇਨ੍ਹਾਂ ਪੇਸ਼ੇਵਰਾਂ ਨੂੰ ਵਿਕਾਸਸ਼ੀਲ ਪ੍ਰੋਟੋਟਾਈਪ, ਐਲਗੋਰਿਦਮ, ਭਵਿੱਖਬਾਣੀ ਕਰਨ ਵਾਲੇ ਮਾਡਲਾਂ ਅਤੇ ਕਸਟਮ ਵਿਸ਼ਲੇਸ਼ਣ ਦਾ ਕੰਮ ਸੌਂਪਿਆ ਜਾਂਦਾ ਹੈ। **- ਵਿਜੈ ਗਰਗ**

# ਅਧਿਐਨ ਸਥਿਰ ਅਤੇ ਸ਼ਾਂਤ ਵਾਤਾਵਰਣ ਬਣਾਓ

ਇੱਕ ਸਥਿਰ ਅਧਿਐਨ ਦੀ ਜਗ੍ਹਾ ਨੂੰ ਯਕੀਨੀ ਬਣਾਉਣਾ ਨਿਸ਼ਚਤ ਤੌਰ ਤੇ ਮਹੱਤਵਪੂਰਣ ਹੈ, ਕਿਉਂਕਿ ਇਹ ਵਿਦਿਆਰਥੀ ਨੂੰ ਆਪਣੇ-ਆਪ ਨੂੰ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਦਾ ਹੈ. ਕੁੰਜੀ ਸਪੇਸ ਤੋਂ ਰੁਕਾਵਟਾਂ ਨੂੰ ਘੱਟ ਕਰ ਰਹੀ ਹੈ, ਉਹ ਆਵਾਜ਼ ਅਤੇ ਵਿਜ਼ੂਅਲ ਦੇ ਰੂਪ ਵਿੱਚ ਹੋ ਸਕਦੇ ਹਨ. ਆਪਣੇ ਅਧਿਐਨ ਖੇਤਰ ਨੂੰ ਟੀਵੀ K ਸੰਗੀਤ ਪ੍ਰਣਾਲੀ ਆਦਿ ਦੀ ਪਿਛੋਕੜ ਵਾਲੀ ਆਵਾਜ਼ ਦੇ ਨੇੜੇ ਹੋਣ ਤੋਂ ਪ੍ਰਹੇਜ ਕਰੋ। ਇੱਕ ਚੀਜ਼ ਨੂੰ ਹੁਣੇ ਯਾਦ ਰੱਖੋ ਜਦੋਂ ਆਨਲਾਈਨ ਅਧਐਨ ਸਮੱਗਰੀ ਆਫਲਾਈਨ ਜਿੰਨੀ ਮਹੱਤਵਪੂਰਣ ਹੈ, ਤੁਹਾਡੇ ਵਾਈ-ਫਾਈ ਕਨੈਕਸ਼ਨ ਦੇ ਨੇੜੇ ਅਧਿਐਨ ਖੇਤਰ ਹੋਣਾ ਸਭ ਤੋਂ ਵਧੀਆ ਵਿਕਲਪ ਹੈ. ਉਤਸ਼ਾਹਜਨਕ ਹਵਾਲਿਆਂ, ਪ੍ਰੇਰਕ ਸ਼ਖਸੀਅਤਾਂ ਦੇ ਪੋਸਟਰ ਵੀ ਚਿਪਕਾਏ ਜਾ ਸਕਦੇ ਹਨ।

**ਮਹੱਤਵਪੂਰਣ ਵਿਸ਼ਿਆਂ ਨਾਲ ਜਾਣੂ ਹੋਣਾ**

ਪੂਰੇ ਅਧਿਆਇ ਵਿਚ ਵਾਪਸ ਜਾਣ ਦੀ ਸੋਚ ਵਿਦਿਆਰਥੀਆਂ ਲਈ ਚਿੰਤਾ ਵਾਲੀ ਹੋ ਸਕਦੀ ਹੈ। ਇਸ ਲਈ, ਪ੍ਰਮੁੱਖ ਮੁੱਦਿਆਂ ਨੂੰ ਉਜਾਗਰ ਕਰਨਾ ਸਿੱਖਣ ਅਤੇ ਦੁਬਾਰਾ ਵਿਚਾਰ ਕਰਨ ਵਿਚ ਮਦਦਗਾਰ ਹੋ ਸਕਦਾ ਹੈ।

ਪਰ ਇਹ ਕਿਵੇਂ ਜਾਣਨਾ ਹੈ ਕਿ ਕਿਹੜੇ ਵਿਸ਼ੇ ਮਹੱਤਵਪੂਰਣ ਹਨ? ਮਾਰਕੀਟ ਵਿੱਚ ਉਪਲਬਧ ਕਈ ਕਿਸਮਾਂ ਦੀਆਂ ਕਿਤਾਬਾਂ 10 ਵੀਂ ਕਲਾਸ ਲਈ 'ਸਭ ਲਈ ਇੱਕ ਲਈ' ਪੇਸ਼ ਕਰਦੀਆਂ ਹਨ ਤਾਂ ਜੋ ਬੋਰਡ ਪ੍ਰੀਖਿਆਵਾਂ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਬਾਰੇ ਵਧੇਰੇ ਡੂੰਘੀ ਲੈਨਜ ਪ੍ਰਦਾਨ ਕੀਤੀ ਜਾ ਸਕੇ। ਮਹੱਤਵਪੂਰਣ ਧਾਰਨਾ ਦੀ ਡੂੰਘੀ ਸਮਝ ਲਈ ਤੁਸੀਂ ਇਹਨਾਂ ਵਿੱਚੋਂ ਕੋਈ ਵੀ ਕਿਤਾਬ ਖਰੀਦ ਸਕਦੇ ਹੋ।

**ਨਮੂਨੇ ਦੇ ਕਾਗਜ਼ਾਤ ਹੱਲ ਕਰੋ**

ਇਹ ਅਕਸਰ ਕਿਹਾ ਜਾਂਦਾ ਹੈ ਕਿ ਅਭਿਆਸ ਤੋਂ ਬਿਹਤਰ ਕੁਝ ਵੀ ਨਹੀਂ ਹੁੰਦਾ. ਹਰ ਰੋਜ਼ ਸਵੇਰੇ 10 ਵਜੇ ਤੋਂ 1 ਵਜੇ ਤੱਕ ਇਕ ਸੀਬੀਐਸਈ ਦਾ ਨਮੂਨਾ ਪ੍ਰਸ਼ਨ ਪੱਤਰ ਹੱਲ ਕਰਨ ਦੀ ਕੋਸ਼ਿਸ਼ ਕਰੋ ਜਿਸ ਦੇ ਤੁਸੀਂ ਆਪਣੇ ਪ੍ਰੀਖਿਆ ਕੇਂਦਰ ਵਿਚ ਉਮੀਦ ਕਰ ਰਹੇ ਹੋ. ਹਰ ਪੰਜ K ਛੇ ਦਿਨਾਂ ਲਈ ਵੱਖਰਾ ਵਿਸ਼ਾ ਚੁਣੋ. ਹਫ਼ਤੇ ਦੇ ਅੰਤ ਵਿੱਚ ਹੱਥੀਂ ਮੁਲਾਂਕਣ ਕਰੋ, ਆਪਣੇ ਮਜ਼ਬੂਤ ਅਤੇ ਕਮਜ਼ੋਰ ਖੇਤਰਾਂ ਨੂੰ ਵੇਖੋ ਅਤੇ ਉਨ੍ਹਾਂ ਨੂੰ ਅਗਲੇ ਹਫ਼ਤਿਆਂ ਵਿੱਚ ਹੱਲ ਕਰਨ ਦੀ ਕੋਸ਼ਿਸ਼ ਕਰੋ।

**ਆਮ ਤੌਰ ਤੇ ਵਚਨਬੱਧ ਗਲਤੀਆਂ ਤੇ ਕੰਮ ਕਰੋ**

ਕਈ ਵਾਰ, ਵਿਦਿਆਰਥੀ ਆਪਣਾ ਉੱਤਮ ਪ੍ਰਦਰਸ਼ਨ ਨਹੀਂ ਕਰ ਪਾਉਂਦੇ ਭਾਵੇਂ ਉਹ ਸਾਰੇ ਜਵਾਬ ਜਾਣਦੇ ਹੋਣ. ਵਿਦਿਆਰਥੀਆਂ ਦੁਆਰਾ ਬਣਾਏ ਗਏ ਵਿਆਕਰਣ ਸੰਬੰਧੀ ਜਾਂ ਲਿਖਣ ਦੀਆਂ ਬਹੁਤ ਸਾਰੀਆਂ ਗਲਤੀਆਂ ਹਨ. ਇਸ ਲਈ, ਪ੍ਰੀਖਿਆਵਾਂ ਦੀ ਤਿਆਰੀ ਕਰਦੇ ਸਮੇਂ, ਵਿਦਿਆਰਥੀਆਂ ਨੂੰ ਅਜਿਹੀਆਂ ਆਮ ਗਲਤੀਆਂ ਪ੍ਰਤੀ ਚੇਤੰਨ ਹੋਣਾ ਚਾਹੀਦਾ ਹੈ।

**ਇੱਕ ਉਚਿਤ ਕਾਰਜਕ੍ਰਮ ਦੀ ਪਾਲਣਾ ਕਰੋ**

ਸਵੇਰੇ ਉੱਠੋ, ਸਵੇਰੇ ਉੱਠੋ, ਸਵੇਰ ਦਾ ਨਾਸ਼ਤਾ ਕਰੋ ਅਤੇ ਫਿਰ ਅਧਿਐਨ ਕਰੋ। ਬਹੁਤ ਦੇਰ ਹੋਣ ਦੀ ਕੋਸ਼ਿਸ਼ ਨਾ ਕਰੋ ਅਤੇ ਕਿਸੇ ਵੀ ਵਿਰੋਧੀ ਲਾਭਕਾਰੀ ਪਲਾਂ ਬਾਰੇ ਚਿੰਤਾ ਕਰਨ ਤੋਂ ਬਚੋ, ਧਿਆਨ ਕੇਂਦਰਤ ਕਰੋ ਅਤੇ ਮਹੱਤਵਪੂਰਣ ਦਿਨ ਦੀ ਤਿਆਰੀ ਕਰਦੇ ਰਹੋ. ਆਰਾਮ ਕਰਨ ਲਈ ਇਕ ਜਾਂ ਦੋ ਘੰਟੇ ਲਓ ਅਤੇ ਪ੍ਰੀਖਿਆਵਾਂ ਦੀ ਚਿੰਤਾ ਨਾ ਕਰੋ। ਪੜ੍ਹੋ, ਨੀਂਦ ਕਰੋ, ਖੇਡੋ ਜਾਂ ਜੋ ਵੀ ਤੁਸੀਂ ਮਹਿਸੂਸ ਕਰੋ ਜੋ ਤੁਹਾਡੀਆਂ ਅੱਖਾਂ ਨੂੰ ਪ੍ਰੀਖਿਆਵਾਂ ਤੋਂ ਬਾਹਰ ਲੈ ਜਾਂਦਾ ਹੈ।

**ਚੰਗੀ ਸਿਹਤ ਅਤੇ ਕਸਰਤ ਬਹੁਤ ਜ਼ਰੂਰੀ ਹੈ**

ਸਮਾਜਿਕ ਚੱਕਰ ਤੋਂ ਦੂਰ ਰਹਿਣਾ ਭਾਵਨਾਤਮਕ ਤੌਰ ਤੇ ਥਕਾ ਦੇਣਹਅ ਹੈ. ਖੁਸ਼ ਰਹਿਣ ਅਤੇ ਸਥਿਰ ਮਾਨਸਿਕਤਾ ਲਈ ਸਹੀ ਕਸਰਤ ਕਰਨਾ ਮਹੱਤਵਪੂਰਣ ਹੈ. ਕਸਰਤ ਸ਼ੁਰੂ ਵਿੱਚ ਬੋਰਿੰਗ ਜਾਪਦੀ ਹੈ, ਪਰ ਇਹ ਕਿਰਿਆਸ਼ੀਲ ਰਹਿਣ ਅਤੇ ਵਧੇਰੇ ਤਵੱਜੋ ਰੱਖਣ ਵਿੱਚ ਸਹਾਇਤਾ ਕਰਦੀ ਹੈ।

ਪੌਸ਼ਟਿਕ ਭੋਜਨ ਲੈਣਾ ਵੀ ਮਹੱਤਵਪੂਰਨ ਹੈ. ਇਹ ਜੰਕ ਫੂਡ ਜਿੰਨਾ ਆਕਰਸ਼ਕ ਅਤੇ ਸੁਵਿਧਾਜਨਕ ਨਹੀਂ ਹੋ ਸਕਦਾ, ਪਰ ਇਹ ਟਹਇਰਜਾ ਅਤੇ ਸਥਿਰਤਾ ਪ੍ਰਦਾਨ ਕਰ ਸਕਦਾ ਹੈ ਜਿਸਦੀ ਕਠੋਰ ਅਧਿਐਨ ਦੌਰਾਨ ਸਰੀਰ ਨੂੰ ਜ਼ਰੂਰਤ ਹੁੰਦੀ ਹੈ. ਹਰੀਆਂ ਸਬਜ਼ੀਆਂ, ਫਲ, ਸੁੱਕੇ ਫਲ ਅਤੇ ਡੇਅਰੀ ਉਤਪਾਦ ਤੁਹਾਡੀ ਮਦਦ ਕਰ ਸਕਦੇ ਹਨ।

**ਸਹਾਇਤਾ ਲੈਣ ਤੋਂ ਨਾ ਡਰੋ**

ਅਜੋਕੀ ਸਥਿਤੀ ਆਸ ਪਾਸ ਦੇ ਹਰੇਕ ਲਈ ਮੁਸ਼ਕਲ ਹੈ; ਸਾਰੇ ਨਵੇਂ ਆਮ ਵਿਚ ਫਿੱਟ ਪੈਣ ਦੀ ਕੋਸ਼ਿਸ਼ ਕਰ ਰਹੇ ਹਨ. ਨੌਜਵਾਨ ਵਿਦਿਆਰਥੀਆਂ ਲਈ ਉਨ੍ਹਾਂ ਦੇ ਅਨੁਮਾਨਾਂ ਨੂੰ ਨਜ਼ਰ ਅੰਦਾਜ਼ ਕਰਨਾ ਅਤੇ ਆਪਣੇ ਆਪ 'ਤੇ ਸ਼ੱਕ ਕਰਨਾ ਆਮ ਗੱਲ ਹੈ। ਅਜਿਹੀਆਂ ਅਤਿ ਸਥਿਤੀਆਂ ਵਿੱਚ, ਕਿਸੇ ਬਾਲਗ ਜਾਂ ਦੋਸਤ ਦਾ ਸਮਰਥਨ ਲੈਣਾ ਬਹੁਤ ਜ਼ਰੂਰੀ ਹੁੰਦਾ ਹੈ। ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਤੁਹਾਡੇ ਮਨ ਦੀ ਸਥਿਤੀ ਬਾਰੇ ਖੋਲ੍ਹਣਾ; ਕੋਈ ਚੰਗੀਆਂ ਭਾਵਨਾਵਾਂ ਪੈਦਾ ਨਹੀਂ ਹੁੰਦੀਆਂ। ਅਜਿਹੇ ਸਮੇਂ ਦੌਰਾਨ ਭਾਵਨਾਤਮਕ ਸਹਾਇਤਾ ਦੀ ਮੰਗ ਕਰਨ ਲਈ ਮਾਪੇ ਅਤੇ ਦੋਸਤ ਸਭ ਤੋਂ ਵਧੀਆ ਵਿਕਲਪ ਹੁੰਦੇ ਹਨ।

**ਆਰਾਮ ਦੀ ਕਲਾ ਦਾ ਅਭਿਆਸ ਕਰੋ**

ਕਸਰਤ ਅਤੇ ਮਨ ਧਿਆਨ ਵਧਾਉਣ ਵਿਚ ਸਹਾਇਤਾ ਕਰ ਸਕਦਾ ਹੈ. ਨਿਯਮਤ ਅਧਾਰ 'ਤੇ ਬਹੁਤ ਸਾਰੇ ਖਿਡਾਰੀ ਅਤੇ ਖੇਡ ਪੇਸ਼ੇਵਰ ਧਿਆਨ ਦੇ ਵਰਤਦੇ ਹਨ. ਅਧਐਨ ਨੇ ਇਕਾਗਰਤਾ ਅਭਿਆਸ (ਧਿਆਨ) ਅਤੇ ਖੇਡ ਪੇਸ਼ੇਵਰਾਂ ਦੇ ਪ੍ਰਦਰਸ਼ਨ ਦੇ ਪੱਧਰ ਦੇ ਵਿਚਕਾਰ ਇੱਕ ਸਿੱਧਾ ਸਬੰਧ ਪਾਇਆ ਹੈ। ਧਿਆਨ ਮਨ ਨੂੰ ਮਜਬੂਤ ਬਣਾਉਂਦਾ ਹੈ, ਇਹ ਨਿਯੰਤਰਣ ਵਿਚ ਆਉਂਦਾ ਹੈ ਅਤੇ ਸਰੀਰਕ ਸਰੀਰ ਨੂੰ ਆਪਣੇ ਸਾਰੇ ਕਾਰਜਾਂ ਨੂੰ ਕੁਸ਼ਲਤਾ ਨਾਲ ਕਰਨ ਲਈ ਅਸਲ ਮਾਰਗ ਦਰਸ਼ਨ ਪ੍ਰਦਾਨ ਕਰਨ ਦੇ ਯੋਗ ਹੁੰਦਾ ਹੈ. ਮਨੋਵਿਗਿਆਨਕ ਅਭਿਆਸ ਧਿਆਨ ਵਧਾਉਣ ਅਤੇ ਮਾਨਸਿਕ ਸ਼ਕਤੀ ਨੂੰ ਚਾਨਣਾ ਪਾਉਣ ਦਾ ਇੱਕ ਵਧੀਆ ਢੰਗ ਹੈ।

ਬੋਰਡ ਪ੍ਰੀਖਿਆ ਦੀਆਂ ਤਿਆਰੀਆਂ ਬਹੁਤ ਸਾਰੇ ਵਿਦਿਆਰਥੀਆਂ ਲਈ ਚਿੰਤਾਜਨਕ ਹੋ ਸਕਦੀਆਂ ਹਨ, ਪਰ ਇੱਕ ਚੰਗੀ ਯੋਜਨਾ ਇਸ ਨੂੰ ਬਦਲ ਸਕਦੀ ਹੈ। ਸਫਲਤਾ ਦੇ ਦਰਵਾਜ਼ੇ ਨੂੰ ਸੁਲਝਾਉਣ ਦੀ ਕੁੰਜੀ ਸਿਰਫ ਮਿਹਨਤ ਅਤੇ ਪ੍ਰੀ-ਬੋਰਡ ਮਹੀਨਿਆਂ ਦੌਰਾਨ ਬਹੁਤ ਸਾਰਾ ਅਭਿਆਸ ਹੈ। ਇਸ ਲਈ, ਆਉਣ ਵਾਲੀ ਬੋਰਡ ਪ੍ਰੀਖਿਆ 2021 ਵਿਚ ਸਫਲ ਹੋਣ ਲਈ ਅਭਿਆਸ ਕਰਨਾ, ਤਿਆਰ ਕਰਨਾ ਅਤੇ ਸੋਧਣਾ ਜਾਰੀ ਰੱਖੋ।

**– ਵਿਜੈ ਗਰਗ**

# ਕਲਾਸਰੂਮ ਵਿਚ ਪੜ੍ਹਾਈ ਦੀ ਅਣਹੋਂਦ ਦੇ ਨਾਲ ਬੋਰਡ ਦੀਆਂ ਪ੍ਰੀਖਿਆਵਾਂ 2021 ਦੀ ਤਿਆਰੀ ਕਿਵੇਂ ਕਰੀਏ

ਕੋਵਿਡ -19 ਮਹਾਂਮਾਰੀ ਹੁਣ ਆਪਣੇ ਨੌਵੇਂ ਮਹੀਨੇ ਵਿੱਚ ਹੈ ਅਤੇ ਕਲਾਸਰੂਮ ਦੀ ਸਿਖਲਾਈ ਦੀ ਗੈਰ-ਹਾਜ਼ਰੀ ਨੇ ਬੋਰਡ ਦੀਆਂ ਪ੍ਰੀਖਿਆਵਾਂ 2021 ਦੀ ਤਿਆਰੀ ਕਰਨ ਵਾਲੇ ਵਿਦਿਆਰਥੀਆਂ ਦੇ ਤਣਾਅ ਵਿੱਚ ਵਾਧਾ ਕੀਤਾ ਹੈ।

10 ਵੀਂ ਅਤੇ 12 ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਨੂੰ ਵਿਦਿਆਰਥੀ ਦੇ ਭਵਿੱਖ ਦੇ ਗਠਨ ਲਈ ਮੁਢਲੇ ਬਿਲਡਿੰਗ ਬਲਾਕ ਮੰਨਿਆ ਜਾਂਦਾ ਹੈ. ਵਿਦਿਆਰਥੀਆਂ ਨੂੰ ਵਿਆਪਕ ਉੱਚ ਸਿੱਖਿਆ ਲਈ ਤਿਆਰ ਕਰਨ ਲਈ ਇਨ੍ਹਾਂ ਪ੍ਰੀਖਿਆਵਾਂ ਦੇ ਨਮੂਨੇ ਅਤੇ ਮੁਲਾਂਕਣ ਮਾਪਦੰਡ ਅਕਸਰ ਬਦਲੇ ਜਾ ਰਹੇ ਹਨ।

ਘਰ ਤੋਂ ਤਿਆਰੀ ਕਰਦਿਆਂ ਵਿਦਿਆਰਥੀਆਂ ਨੂੰ ਆਉਣ ਵਾਲੀ ਬੋਰਡ ਦੀ ਪ੍ਰੀਖਿਆ ਵਿਚ ਵਧੀਆ ਅੰਕ ਦੇਣ ਵਿਚ ਸਹਾਇਤਾ ਲਈ ਮਹੱਤਵਪੂਰਣ ਸੁਝਾਅ ਇਹ ਹਨ।

**ਤੇਜ਼ ਸਿਖਲਾਈ ਦੀਆਂ ਨੀਤੀਆਂ ਨੂੰ ਲਾਗੂ ਕਰੋ**

ਕੋਰਸ ਦੀ ਰੂਪ ਰੇਖਾ ਕਿੰਨੀ ਘੱਟ ਕੀਤੀ ਗਈ ਹੈ, ਇਹ ਅਜੇ ਵੀ ਬਹੁਤ ਸਾਰੇ ਲੋਕਾਂ ਦੇ ਮਨ ਵਿਚ ਡਰ ਨੂੰ ਸੰਪੂਰਨ ਪਾਠ ਵਿਚ ਲਿਆਉਣ ਲਈ ਪ੍ਰੇਰਿਤ ਕਰਦਾ ਹੈ. ਇਸ ਲਈ, ਨਮੋਨਿਕਸ ਵਰਗੀਆਂ ਤਕਨੀਕੀ ਸਿਖਲਾਈ ਤਕਨੀਕਾਂ ਤੋਂ ਸਿੱਖਣਾ, ਜੋ ਕਿ ਕੀਵਰਡਸ ਅਤੇ ਇਕਰੌਨਮ ਦੇ ਜ਼ਰੀਏ ਵਿਦਿਆਰਥੀਆਂ ਨੂੰ ਜਲਦੀ ਯਾਦ ਰੱਖਣ ਵਿਚ ਸਹਾਇਤਾ ਕਰਦਾ ਹੈ, ਬਹੁਤ ਸਾਰਾ ਸਮਾਂ ਬਚਾ ਸਕਦਾ ਹੈ ਅਤੇ ਵਿਦਿਆਰਥੀਆਂ ਨੂੰ ਇਕ ਝਲਕ ਵਿਚ ਪੂਰੇ ਭਾਗ ਨੂੰ ਸੋਧਣ ਵਿਚ ਸਹਾਇਤਾ ਕਰ ਸਕਦਾ ਹੈ।

**ਆਪਣੀ ਪਲੇਟ ਤੇ ਬਹੁਤ ਜ਼ਿਆਦਾ ਨਾ ਕਰੋ**

ਆਪਣੇ ਦਿਮਾਗ ਨੂੰ ਸਕਾਰਾਤਮਕ ਢੰਗ ਨਾਲ ਸਿਖਲਾਈ ਦਿਓ, ਅਤੇ ਇਸ ਨੂੰ ਬਹੁਤ ਸਾਰੇ ਰਾਇ ਨਾਲ ਲੋਡ ਨਾ ਕਰੋ. ਆਪਣੇ ਦਿਮਾਗ ਵਿਚ ਸਾਫ ਹੋਵੋ ਅਤੇ ਆਪਣੇ ਆਪ ਨੂੰ ਉਨ੍ਹਾਂ ਚੀਜ਼ਾਂ ਨੂੰ ਢੁੱਕਣ ਲਈ ਜੋਰ ਨਹੀਂ ਦਿੰਦੇ ਜੋ ਤੁਹਾਡੀ ਪਹੁੰਚ ਤੋਂ ਬਾਹਰ ਹਨ. ਇੱਕ ਦਿਨ ਲਈ ਯੋਗ ਟੀਚੇ ਬਣਾਓ. ਇਕੋ ਦਿਨ ਵਿਚ ਸਾਰਿਆਂ ਦਾ ਅਧਿਐਨ ਕਰਨ ਦੀ ਕੋਸ਼ਿਸ਼ ਨਾ ਕਰੋ. ਇਸ ਨੂੰ ਹੌਲੀ ਕਰਨ ਦੀ ਕੋਸ਼ਿਸ਼ ਕਰੋ ਅਤੇ ਨਤੀਜੇ ਵਜੋਂ ਆਪਣੀ ਸੁਧਾਈ ਨਿਰਧਾਰਤ ਕਰੋ. ਸਾਰੇ ਵਿਸ਼ਿਆਂ ਵਿਚੋਂ 2 ਜਾਂ 3 ਵਿਸ਼ਿਆਂ ਨੂੰ ਚੁੱਕਣ ਦੀ ਕੋਸ਼ਿਸ਼ ਕਰੋ ਅਤੇ ਹਰ ਵਿਸ਼ੇ ਵਿਚੋਂ ਦੋ ਵਿਸ਼ਿਆਂ ਦੀ ਚੋਣ ਕਰੋ ਅਤੇ ਇਸੇ ਤਰ੍ਹਾਂ ਸਾਰੇ ਵਿਸ਼ਿਆਂ ਨੂੰ ਇਕੋ ਸਮੇਂ ਵੇਖਣ ਦੀ ਬਜਾਏ, ਵਿਸ਼ਿਆਂ ਦੀ ਡੂੰਘਾਈ ਵਿਚ ਜਾਓ।

**– ਵਿਜੈ ਗਰਗ**

## ਮੈਦਾਨ ਮਗਰੋਂ ਮੇਜ !



ਫਾਸ਼ੀਵਾਦ ਨੇ ਪਹਿਲਾਂ ਜੋ ਕਰੇ ਕਾਰੇ
ਭਾਵੇਂ ਦੇਸ ਖਾਮੋਸ਼ ਹੋ ਸਹਿ ਗਿਆ ਏ।
ਕੋਨੇ ਕੋਨੇ 'ਚੋਂ ਆ ਗਿਆ ਅੰਨਦਾਤਾ
ਪਾਏ ਦਿੱਲੀ ਨੂੰ ਘੇਰੇ ਵਿਚ ਬਹਿ ਗਿਆ ਏ
ਦੇਖ ਪੰਜਾਂ ਦਰਿਆਵਾਂ ਦੇ ਸ਼ੇਰ ਬਾਂਕੇ
'ਜੇਤੂ' ਹਾਕਮ ਦਾ ਭਰਮ ਵੀ ਲਹਿ ਗਿਆ ਏ।
ਦੁੱਖਾਂ ਭੁੱਖਾਂ ਮੁਸੀਬਤਾਂ ਵਿਚ ਬਾਬਾ
ਚੜ੍ਹਦੀ ਕਲਾ 'ਚ ਰਹਿਣ ਲਈ ਕਹਿ ਗਿਆ ਏ।
ਗੋਦੀ ਮੀਡ੍ਹੀਆ ਓਸਦੇ 'ਮਾਲਕਾਂ' ਦਾ
ਬਣਿਆਂ ਕਿਲਾ ਹੰਕਾਰ ਦਾ ਢਹਿ ਗਿਆ ਏ।
ਸਮਝੋ ਮਾਰ ਲਈ ਮੱਲ ਮੈਦਾਨ ਵਾਲ਼ੀ
ਬਾਕੀ ਮੇਜ 'ਤੇ ਜਿੱਤਣਾ ਰਹਿ ਗਿਆ ਏ !

**– ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268

## ਗ਼ਜ਼ਲ

ਮੌਸਮ ਖੁਸ਼ਗਵਾਰ ਤੇਰੇ ਸ਼ਹਿਰ ਦਾ।
ਹਰ ਸਖਸ਼ ਲਾਚਾਰ ਤੇਰੇ ਸ਼ਹਿਰ ਦਾ।

ਸੁਪਨਿਆਂ ਤੇ ਸਖਤ ਪਹਿਰੇਦਾਰੀਆਂ
ਬਾਜ ਅੱਖ ਰਾਡਾਰ ਤੇਰੇ ਸ਼ਹਿਰ ਦਾ।

ਹਰ ਚੀਜ ਮਹਿੰਗੀ , ਸਸਤਾ ਆਦਮੀ
ਸੱਜ ਗਿਆ ਬਾਜ਼ਾਰ ਤੇਰੇ ਸ਼ਹਿਰ ਦਾ।

ਉਮੰਗਾਂ- ਉਮੀਦਾਂ ਜਗਾ ਕੇ ਲੁੱਟਦੈ,
ਚੰਗਾ ਪਹਿਰੇਦਾਰ ਤੇਰੇ ਸ਼ਹਿਰ ਦਾ।

ਜ਼ਹਿਰ ਪੀ, ਸਲਫਾਸ ਖਾਂਦੈ ਮਿਹਨਤੀ,
ਕਿੰਨਾ ਸ਼ੁਧ ਆਹਾਰ ਤੇਰੇ ਸ਼ਹਿਰ ਦਾ।

ਰੱਤ ਭਿੱਜੀਆਂ ਸੁਰਖੀਆਂ ਲੈ ਟਪਕਦਾ,
ਸਰਦਲੀ ਅਖਬਾਰ ਤੇਰੇ ਸ਼ਹਿਰ ਦਾ।

ਦੇਸ਼ ਭਗਤੀ ਦੀਆਂ ਸਨਦਾਂ ਵੰਡਦੈ,
ਜੋ ਸੀ ਕਲ ਗੱਦਾਰ ਤੇਰੇ ਸ਼ਹਿਰ ਦਾ।

ਚਮਕਦੀ ਹਰ ਚੀਜ ਹੁੰਦੀ 'ਲਾਲ' ਨ੍ਹੀਂ
ਦੱਸਦੈ ਸੁਨਿਆਰ ਤੇਰੇ ਸ਼ਹਿਰ ਦਾ।

**ਲਾਲ ਸਿੰਘ 'ਸੁਲਹਾਣੀ'**
91-98721-55120

# ਓ ਮੈਂ ਸੌ ਸਾਲ ਦਾ ਆਂ..



**ਗੁਰਜੀਤ ਕੌਰ ਬਡਾਲੀ**
**91-98141-68716**

ਪੜ੍ਹ ਪੜ੍ਹ ਕੇ ਅੱਕੇ ਮਨ ਨਾਲ ਇੱਕ ਘੰਟੇ ਦਾ ਬੱਸ ਦਾ ਸਫ਼ਰ ਕਰ ਕੇ ਘਰੇ ਮੁੜਨ ਦਾ ਕੋਈ ਜ਼ਿਆਦਾ ਚਾਅ ਨਹੀਂ ਹੁੰਦਾ ਕਿਉਂਕਿ ਜੇ ਸੀਟ ਮਿਲਜੇ ਤਾਂ ਵਧੀਆ ਨਹੀ ਤਾਂ ਸਾਹ ਘੁੱਟਦੀ ਬੱਸ ਜੇਲ੍ਹ ਹੀ ਜਾਪਦੀ ਤੇ ਨਿਗ੍ਹਾ ਅੱਗੇ ਵੱਲ ਹੀ ਰਹਿੰਦੀ ਕਿ ਪਿੰਡ ਦੀ ਜੂਹ ਦਿਖੇ ਤੇ ਰੂਹ ਨੂੰ ਕੁਝ ਸਕੂਨ ਮਿਲੇ । ਮੈਨੂੰ ਅੱਜ ਸੀਟ ਤਾਂ ਮਿਲ ਗਈ ਸੀ ਪਰ ਬਹੁਤ ਥੋੜਾ ਕਿਨਾਰਾ ਜਿਹਾ ਤੇ ਅੱਗੇ ਵਾਲੀ ਸੀਟ ਨਾਲ ਗੋਡੇ ਅਟਕਾ ਕੇ ਮੈਂ ਜਿਵੇਂ ਤਿਵੇਂ ਸੀਟ ਤੇ ਕਬਜ਼ਾ ਕੀਤਾ । ਬੱਸ ਚੱਲੀ ਫੇਰ ਕੁੱਝ ਸਾਹ ਆਇਆ। ਅੱਜ ਦੇ ਟਾਈਮ ਇਨਸਾਨ ਕਦੇ ਇਕੱਲਾ ਨਹੀਂ ਹਰ ਸਮੇਂ ਇਕ ਸਾਥੀ ਜੇਬ ਵਿੱਚ ਨਾਲ ਨਾਲ ਚੱਲਦਾ ਜੀਹਦੇ ਨਾਲ ਇੱਕ ਵਾਰੀ ਜੁੜੀਏ ਤਾਂ ਮੁੜ ਨਿਗ੍ਹਾ ਹਟਾਈ ਨੀ ਜਾਂਦੀ । ਮੈਂ ਮੋਬਾਈਲ ਨੂੰ ਕੱਢਿਆ ਇੰਟਰਨੈੱਟ ਤੇ ਹਰ ਜਗ੍ਹਾ ਕਿਸਾਨ, ਮੋਰਚਾ, ਅੰਦੋਲਨ, ਦਿੱਲੀ, ਬਿੱਲ, ਸਰਕਾਰਾਂ, ਰੌਲਾ .... ਕੀ ਆ ...ਸਿਰਫ ਆਹੀ ਕੁਸ਼ ... ਗੁੱਸਾ ਆਇਆ ਫੋਨ ਬੰਦ ਕੀਤਾ ਅਤੇ ਬੈਗ ਵਿੱਚ ਪਾ ਕੇ ਬੈਠ ਗਈ। ਮੇਰੇ ਸਿਰ ਉੱਪਰੋਂ ਦੀ ਇਕ ਬਾਂਹ ਅੱਗੇ ਆਈ। ਉਸ ਹੱਥ ਵਿੱਚ ਵੀਹਾਂ ਦਾ ਨੋਟ ਸੀ । ਜੋ ਮੇਰੇ ਪਿੱਛੇ ਬੈਠੀ ਕਿਸੇ ਸਵਾਰੀ ਨੇ ਟਿਕਟ ਲਈ ਕੰਡਕਟਰ ਵੱਲ ਵਧਾਇਆ ਸੀ। ਕੰਡਕਟਰ ਟਿਕਟ ਕੱਟ ਕੇ ਫੜਾਉਣ ਲੱਗਾ ਤਾਂ ਸਵਾਰੀ ਦਾ ਧਿਆਨ ਨਹੀਂ ਸੀ । ਉਹ ਵਾਰ ਵਾਰ ਕਹਿ ਜਾਵੇ ਬਾਬਾ ਫੜਲਾ ਟਿਕਟ...... ਮੈਂ ਪਿਛੇ ਮੁੜ ਕੇ ਵੇਖਿਆ ਤਾਂ ਬਾਬਾ ਲੋਈ ਲਪੇਟ ਰਿਹਾ ਸੀ। ਚੰਗੀ ਤਰ੍ਹਾਂ ਨਾਲ ਬੁੱਕਲ ਮਾਰ ਕੇ ਟਿਕਟ ਫੜਦਾ ਕਹਿੰਦਾ," ਇਹਦੀ ਕੀ ਲੋੜ ਹੈ ਇਹ ਪਰਚੀ ਦੇਖਣ ਲਈ ਚੈਕਰ ਤਾਂ ਕਦੇ ਚੜਿਆ ਨੀ ਬਸ ਚ ਏਨੀ ਉਮਰ ਹੋਗੀ ਮੇਰੀ ਮੈਂ ਨੀ ਕਦੇ ਦੇਖਿਆ"। ਕੰਡਕਟਰ ਕਹਿੰਦਾ " ਕੇ ਚੜ੍ਹ ਗਿਆ ਤਾਂ ਤੂੰ ਤੇ ਮੈਨੂੰ ਈ ਕਹਿਣਾ ਵੀ ਇਹਨੇ ਨੀ ਦਿੱਤੀ"। ਬਾਬਾ ਜਾਂ ਤਾਂ ਤਕੜੇ ਘਰ ਦਾ ਹੋਣਾ ਜਾ ਫੇਰ ਤਕੜੇ ਦਿਲ ਦਾ, ਕਹਿੰਦਾ, "ਫੇਰ ਮੈ ਓਹਨੂੰ ਦੁਬਾਰਾ ਟਿਕਟ ਕੱਟਵਾਦੂੰ, ਨਾਲੇ ਸੋ ਰੁਪਇਆ ਵੱਧ ਦੇਦੂੰ" । ਕੰਡਕਟਰ ਕਹਿੰਦਾ ਬਾਬਾ ਫੇਰ ਤੂੰ ਮੈਨੂੰ ਹੀ ਦੇਦੇ ਵੱਧ। ਮੇਰਾ ਹਾਸਾ ਆਇਆ ਬਾਬਾ ਕਹਿੰਦਾ ਕਿ ਤੈਨੂੰ ਦੇ ਕੇ ਭਾਰ ਕਰਨਾ ਤੇਰਾ ਝੋਲਾ ਪਹਿਲਾ ਹੀ ਭਰਿਆ ਫੇਰ ਤਾਂ ਤੈਨੂੰ ਜਮਾਂ ਭੁੱਖ ਨੀ ਲੱਗਣੀ।

ਬਾਬੇ ਦੇ ਬੋਲ ਕੰਬਦੇ ਸੀ ਪਰ ਅਵਾਜ਼ ਕੜਕਵੀਂ ਸੀ। ਮੇਰੇ ਪਿੱਛੇ ਵਾਲੀ ਸੀਟ ਤੇ ਬੈਠੇ ਹੋਣ ਕਰਕੇ ਮੈਂ ਬਾਬੇ ਦੀਆਂ ਗੱਲਾਂ ਆਰਾਮ ਨਾਲ ਸੁਣ ਸਕਦੀ ਸੀ। ਨਾਲ ਵਾਲੀ ਸੀਟ ਤੇ ਇਕ ਹੋਰ ਬਜੁਰਗ ਬੈਠੇ ਸਨ ਉਹ ਬਾਬੇ ਦੇ ਜਾਣੀ ਪਹਿਚਾਣੀ ਨਹੀਂ ਸੀ ਪਰ ਹਾਣ ਨੂੰ ਹਾਣ ਪਿਆਰਾ ਵਾਲੀ ਕਹਾਵਤ ਸੱਚ ਹੋਈ ਤੇ ਉਹਨਾਂ ਨਾਲ ਆਪਸ ਵਿਚ ਪਿੰਡ ਪੁੱਛਦੇ ਦਸਦੇ ਗੱਲਾਂ ਬਾਤਾਂ ਦਾ ਸਿਲਸਲਾ ਜਰੂਰ ਕਰ ਲਿਆ ਸੀ ਬਾਬੇ ਨੇ। ਸਰਦੀਆ ਦੇ ਮੌਸਮ ਤੋਂ ਗੱਲ ਤੁਰੀ ਤੇ ਬਾਬਾ ਵੀ ਸ਼ੁਰੂ ਹੋ ਗਿਆ ਮਾਲਵਾ, ਪੁਆਧ, ਹਿਮਾਚਲ, ਹਰਿਆਣਾ, ਮਹਾਰਾਜਾ ਰਣਜੀਤ ਸਿੰਘ ਦੀਆਂ ਗੱਲਾਂ ਸੁਣਾਉਂਦਾ ਆਜਾਦ ਹਿੰਦ ਫੌਜ ਤੇ ਸੁਭਾਸ਼ ਚੰਦਰ ਬੋਸ ਤਕ ਪਹੁੰਚ ਗਿਆ। ਮੈਨੂੰ ਬਾਬਾ ਚੰਗਾ ਪੜਿਆ ਲਿਖਿਆ ਜਾਪਿਆ ਏਨਾ ਗਿਆਨ ਆਮ ਬੰਦੇ ਨੂੰ ਨਹੀਂ ਹੋ ਸਕਦਾ ਲਗਦਾ ਕੋਈ ਅਫ਼ਸਰ ਹੋਣਾ ਦੁਬਾਰਾ ਮੁੜ ਕਿ ਵੇਖਿਆ ਕੱਪੜੇ ਜਮਾਂ ਸਾਧਾਰਣ ਸਨ। ਮੇਰੀ ਦਾਦੀ ਅਕਸਰ ਕਹਿੰਦੀ ਹੁੰਦੀ ਆ ਕਿ ਪਹਿਲੀਆਂ ਤਾਂ ਪੰਜ ਜਮਾਤਾਂ ਵੀ ਬਹੁਤ ਸੀ ਸਾਰੀ ਪੜਾਈ ਆ ਜਾਂਦੀ ਸੀ ਇਹ ਹੁਣ ਦੀਆਂ ਦਾ ਈ ਥਹੁ ਪਤਾ ਨੀ ਲੱਗਦਾ ਜਿਹੜੀਆਂ ਮੁੱਕਦੀਆਂ ਈ ਨੀ । ਮੈਂ ਸੋਚਿਆ ਬਾਬਾ ਪੱਕਾ ਪੰਜ ਤਾਂ ਪੜਿਆ ਹੋਣਾ। ਅੰਗਰੇਜਾਂ ਦੀਆਂ ਗੱਲਾਂ ਤੋਂ ਬਾਅਦ ਬਾਬਾ ਹੁਣ ਸਰਕਾਰਾਂ ਤੇ ਆ ਗਿਆ ਸੀ ਅਖੇ ਪਰਜਾ ਕਦੇ ਰਾਜੇ ਤੋਂ ਮੁੱਕਰਦੀ ਨੀ ਹੁੰਦੀ ਜੇਕਰ ਰਾਜਾ ਸਹੀ ਚੱਲੇ... ਨਾਲ ਬੈਠਾ ਬਜੁਰਗ ਵੀ ਆਪਣੀ ਜਿੰਮੇਵਾਰੀ ਨਿਭਾਉਂਦਾ ਹਾਮੀਆਂ ਭਰਦਾ ਜਾ ਰਿਹਾ ਸੀ ਤੇ ਬਾਬੇ ਦੀਆਂ ਗੱਲਾਂ ਤਾਂ ਬਿਨਾਂ ਸਟੇਸ਼ਨ ਦੀ ਗੱਡੀ ਵਾਂਗ ਚਲਦੀਆ ਜਾ ਰਹੀਆਂ ਸਨ ਮੈਂ ਸੁਣੀ ਜਾ ਰਹੀ ਸੀ। ਆਖਿਰ ਗੱਲ ਪਤਾ ਲੱਗੀ ਕੇ ਬਾਬਾ ਅਨਪੜ ਹੈ ਤੇ ਕਿਸਾਨਾਂ ਦੇ ਦਿੱਲ੍ਹੀ ਧਰਨੇ ਤੋਂ ਮੁੜਿਆ ਅਖੇ ਮੈਂ ਦੁਬਾਰਾ ਜਾਣਾ ਹੁਣ ਇਹ ਸਰਕਾਰਾਂ ਲੁੱਟ ਕੇ ਖਾ ਜਾਣਗੀਆਂ।

ਮੈਂ ਕਿਰਸਾਨ ਪਰਿਵਾਰ ਤੋਂ ਨਹੀਂ ਹਾਂ ਮੈਨੂੰ ਸੱਚੀ ਸਮਝ ਨਹੀਂ ਆ ਰਿਹਾ ਸੀ ਕਿ ਅਸਲ ਦੁੱਖ ਕੀ ਸੀ । ਬਾਬਾ ਬੋਲੀ ਜਾ ਰਿਹਾ ਸੀ ਕਿ ਆੜਤੀਆਂ ਦਾ ਤਾਂ ਆਪਾ ਨੂੰ ਭਰੋਸਾ ਹੁੰਦਾ ਵੀ ਘੱਟੋ ਘੱਟ ਏਨੇ ਰੇਟ ਤੇ ਚੱਕ ਲੈਣਗੇ । ਇਹ ਪ੍ਰਾਈਵੇਟ ਕੰਪਨੀਆਂ ਸਾਡੀਆਂ ਕਾਹਦੀਆਂ ਮਿੱਤ ਹੋਣਗੀਆਂ। ਕਿ ਜੇ ਚੰਗੀ ਲੱਗੀ ਤਾਂ ਚੱਕ ਲਈ...... ਨਹੀਂ ਅਸੀਂ ਰੁਲੀ ਜਾਵਾਂਗੇ। ਸਾਡੀ ਮੱਕੀ ਸਸਤੀ ਚੱਕ ਕੇ ਸਟੋਰਾਂ 'ਚ ਏਨੀ ਮਹਿੰਗੀ ਵੇਚਦੇ ਇਹੀ ਹਾਲ ਕਣਕ ਝੋਨੇ ਦਾ ਹੋਊ। ਅਸੀ ਤਾਂ ਬਰਬਾਦ ਹੋਵਾਂਗੇ ਹੀ ਸਾਡੇ ਨਾਲ ਸਾਰੇ ਈ ਮਾਰੇ ਜਾਣਗੇ। ਸਰਕਾਰ ਕਹਿੰਦੀ ਸਟੋਰ ਕਰਲਿਓ ਨਾ ਜੇ ਕੋਈ ਪੁੱਛੇ ਫੜਕੇ ਵੀ ਘਰੇ ਜਗ੍ਹਾ ਤਾਂ ਆਪਣੇ ਲਈ ਪੂਰੀ ਨੀ ਪੈਂਦੀ ਅਸੀਂ ਕਿਹੜੇ ਗੋਦਾਮਾਂ ਚ ਬੰਦ ਕਰਾਂਗੇ ।ਇਹ ਤਾਂ ਕੰਪਨੀਆਂ ਕਰਨਗੀਆਂ ਤੇ ਆਲੂ ਪਿਆਜ਼ ਤਾਂ ਪਹਿਲਾਂ ਲੱਭਿਆ ਹੀ ਨਹੀਂ ਕਰਨੇ ਜਦ ਰੇਟ ਵੱਧ ਗੇ ਓਦੋਂ ਵੇਚਣਗੀਆਂ ਕੰਪਨੀਆਂ।

ਨਾਲ ਵਾਲੇ ਬਜੁਰਗ ਬਾਬਾ ਜੀ ਵੀ ਕਿਸਾਨ ਹੋਣੇ ਔਖਾ ਹੋ ਕੇ ਬੋਲੇ ਕਿ ਸਰਕਾਰ ਕਹਿੰਦੀ ਜਿੱਥੇ ਮਰਜੀ ਵੇਚ ਸਕਦੇ । ਬਾਬਾ ਕਹਿੰਦਾ ਜਿੱਥੇ ਮਰਜੀ ਨੂੰ ਕੀ ਜੀਹਦੇ ਕੋਲ ਹੈਗੇ ਈ ਦੋ ਕਿੱਲੇ ਨੇ, ਨਾ ਉਹ ਕਿਤੇ ਬੰਗਾਲ ਜਾਊ ਵੇਚਣ ਤੇਲ ਫੂਕ ਕੇ । ਬਾਬੇ ਦੀ ਅਵਾਜ਼ ਪਹਿਲਾ ਤੋਂ ਵੱਧ ਉੱਚੀ ਤੇ ਗੜਕਵੀ ਹੁੰਦੀ ਜਾ ਰਹੀ ਸੀ । ਨਾਲ ਵਾਲੀ ਸੀਟ ਤੋਂ ਸਵਾਰੀ ਉੱਤਰੀ ਤਾਂ ਮੈਂ ਉਸ ਸੀਟ ਤੇ ਘੁੰਮ ਕੇ ਬੈਠ ਗਈ ਹੁਣ ਮੈਂ ਬਾਬੇ ਦਾ ਚੇਹਰਾ ਵੇਖ ਸਕਦੀ ਸੀ ਬਾਬੇ ਦੀ ਅਵਾਜ਼ ਚ ਗੁੱਸਾ ਸੀ ਪਰ ਚੇਹਰਾ ਸਿਰਫ਼ ਦਰਦ ਵਿਖਾ ਰਿਹਾ ਸੀ। ਨਿਰੀ ਚਿੱਟੀ ਦਾੜ੍ਹੀ ਅਤੇ ਚਿਹਰੇ ਤੇ ਡੂੰਘੀਆਂ ਡੂੰਘੀਆਂ ਝੁਰੜੀਆਂ ਬਾਬੇ ਦੇ ਸੱਚੀ ਕਾਫੀ ਉਮਰ ਦੇ ਹੋਣ ਦਾ ਸਬੂਤ ਦੇ ਰਹੀਆਂ ਸਨ ।

ਬਾਬਾ ਅਜੇ ਵੀ ਗੱਲਾਂ ਸੁਣਾ ਰਿਹਾ ਸੀ ਮੇਰਾ ਪਿੰਡ ਆਇਆ ਤੇ ਮੈਂ ਉਤਰ ਗਈ । ਤੁਰਦੀ ਤੁਰਦੀ ਉੱਖੜੀ ਸੜਕ ਦੀਆਂ ਰੋੜੀਆਂ ਤੇ ਪੈਰ ਘਸਰਾਉਂਦੀ ਬਾਬੇ ਦੀਆ ਗੱਲਾਂ ਸੋਚ ਰਹੀ ਸੀ ਕਿ ਏਨਾ ਮੈਨੂੰ ਵੀ ਨਹੀਂ ਗਿਆਨ ਹੋਣਾ ਜਿੰਨਾ ਬਾਬੇ ਨੂੰ ਸੀ।

ਕਿੰਨੇ ਸਾਲਾਂ ਤੋਂ ਪੜਾਈ ਕਰ ਕਰ ਕਿ ਕੁਸ਼ ਗਿਆਨ ਇਕੱਠਾ ਕੀਤਾ ਸੀ ਤੇ ਬਾਬੇ ਨੇ ਕਿਤੇ ਜਿਆਦਾ ਗਿਆਨ ਜਿੰਦਗੀ ਨੂੰ ਹੰਢਾਉਂਦਿਆਂ ਖੱਟ ਲਿਆ ਸੀ ।ਬਾਬੇ ਨੇ ਗੱਲਾਂ ਸਹੀ ਹੀ ਤਾਂ ਕੀਤੀਆ ਸੀ ਪਰ ਮੇਰੇ ਵਰਗੇ ਕਈ ਨਦਾਨ ਇਹਨਾਂ ਨੂੰ ਸਮਝ ਨਹੀਂ ਸਕਦੇ ਨਹੀਂ ਤਾਂ ਇੰਨੇ ਦਿਨਾਂ ਤੋਂ ਹੁਣ ਤਕ ਜਰੂਰ ਅਰਦਾਸ ਵਿਚ ਇਹ ਸ਼ਬਦ ਵੀ ਸ਼ਾਮਿਲ ਕੀਤੇ ਹੁੰਦੇ ਕੇ ਰੱਬਾ ਕਿਸਾਨਾਂ ਦੀ ਦੁਆ ਕਬੂਲ ਹੋ ਜਾਵੇ ਸਭ ਪਾਸੇ ਅਮਨ ਸਾਂਤੀ ਹੋਵੇ। ਬੱਸ ਭਾਵੇਂ ਕਦੋਂ ਦੀ ਲੰਘ ਗਈ ਸੀ ਪਰ ਮੈਨੂੰ ਹਜੇ ਵੀ ਲੱਗ ਰਿਹਾ ਸੀ ਕੇ ਬਾਬਾ ਫੇਰ ਕੋਈ ਗੱਲ ਸੁਣਾ ਰਿਹਾ ਹੋਣਾ ਤੇ ਕਹਿ ਰਿਹਾ ਹੋਣਾ ਕਿ ਓ ਮੈਂ ਸੌ ਸਾਲ ਦਾ ਆਂ ।

# ਜੇ ਸਰਕਾਰ ਨੇ ਕਿਸਾਨਾਂ ਦੇ ਸੰਘਰਸ਼ ਨੂੰ ਫੌਜ ਨਾਲ ਕੁਚਲਿਆ ਤਾਂ ਦੇਸ਼ ਵਿੱਚ ਖਾਨਾ ਜੰਗੀ ਹੋਣ ਦਾ ਖਦਸ਼ਾ!

ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਕਾਲੇ ਕਾਨੂੰਨਾਂ ਸਬੰਧੀ ਸੰਘਰਸ਼ ਦੀ ਜਿਹੜੀ ਅੰਗਿਆਰੀ 12 ਸਤੰਬਰ 2020 ਨੂੰ ਰੇਲਾਂ ਰੋਕ ਕੇ ਲਾਈ ਸੀ।ਅੱਜ ਇਹ ਸਿਰਫ਼ ਸ਼ੋਲਾ ਨਾ ਹੋ ਕੇ ਇਕ ਵੱਡਾ ਭਾਂਬੜ ਬਣ ਚੁੱਕਿਆ ਹੈ। ਜਿਸ ਨੇ ਸਾਰੇ ਸੰਸਾਰ ਦੇ ਕਿਸਾਨਾਂ ਨੂੰ ਹੀ ਆਪਣੀ ਵਲਗਣ ਵਿੱਚ ਨਹੀਂ ਲਿਆ ਸਗੋਂ ਹਰ ਵਰਗ ਦੇ ਲੋਕਾਂ ਨੂੰ ਜਜ਼ਬ ਕਰਕੇ ਇਸ ਧਰਤੀ ਦਾ ਮਹਾਨ ਅੰਦੋਲਨ ਵੀ ਬਣਾ ਦਿੱਤਾ ਹੈ।ਸਾਰੀ ਦੁਨੀਆ ਦੇ ਦੇਸ਼ਾਂ ਜਿਥੇ ਵੀ ਪੰਜਾਬੀ ਵਸਦੇ ਹਨ, ਉਥੇ ਹੀ ਨਹੀਂ ਬਲਕਿ ਜਿਥੇ ਵੀ ਇਨਸਾਨੀਅਤ ਵਸਦੀ ਹੈ। ਉਨ੍ਹਾਂ ਸਭ ਨੇ ਵੀ ਭਾਰਤ ਦੇ ਕਿਸਾਨਾਂ ਦੀਆਂ ਮੰਗਾਂ ਨੂੰ ਜਾਇਜ਼ ਕਰਾਰ ਦੇ ਕੇ ਉਥੋਂ ਦੀ ਮੋਦੀ ਸਰਕਾਰ ਨੂੰ ਇਹ ਆਖਿਆ ਜਾ ਰਿਹਾ ਹੈ ਕਿ ਉਹ ਆਪਣਾ ਅੜੀਅਲ ਵਤੀਰਾ ਛੱਡ ਕੇ ਕਿਸਾਨਾਂ ਦੀਆਂ ਮੰਗਾਂ ਤੁਰੰਤ ਪ੍ਰਵਾਨ ਕਰਕੇ ਉਨ੍ਹਾਂ ਦੇ ਸੰਘਰਸ਼ ਨੂੰ ਖਤਮ ਕਰਾਵੇ। ਅਮਰੀਕਾ, ਇੰਗਲੈਂਡ, ਇਟਲੀ, ਆਸਟਰੇਲੀਆ, ਨਿਊਜੀਲੈਂਡ ਆਦਿ ਬਹੁਤ ਸਾਰੇ ਦੇਸ਼ਾਂ ਦੇ ਵਾਸੀ ਕਿਸਾਨਾਂ ਦੇ ਹੱਕ ਵਿੱਚ ਆਪਣੇ ਆਪਣੇ ਦੇਸ਼ਾਂ ਵਿੱਚ ਸਥਾਪਤ ਭਾਰਤੀ ਸਫਾਰਤੀਖਾਨਿਆਂ ਅੱਗੇ ਆਏ ਦਿਨ ਕਾਰਾਂ, ਟਰੈਕਟਰਾਂ, ਟਰੱਕਾਂ, ਟਰਾਲਿਆਂ ਨਾਲ ਰੋਸ ਮੁਜ਼ਾਹਰੇ ਕਰਕੇ ਮੋਦੀ ਸਰਕਾਰ ਦਾ ਪਿੱਟ ਸਿਆਪਾ ਕਰ ਰਹੇ ਹਨ। ਕਈ ਦੇਸ਼ਾਂ ਦੇ ਰਾਸ਼ਟਰਪਤੀਆਂ ,ਪ੍ਰਧਾਨ ਮੰਤਰੀਆਂ, ਵੱਡੀ ਗਿਣਤੀ ਵਿੱਚ ਪਾਰਲੀਮੈਂਟ ਮੈਂਬਰਾਂ ਵਲੋਂ ਭਾਰਤ ਦੀ ਸਰਕਾਰ ਤੇ ਲੋਕਤੰਤਰੀ ਢੰਗ ਨਾਲ ਪੂਰੀ ਤਰਾਂ ਦਬਾਅ ਬਣਾਇਆ ਹੋਇਆ ਹੈ ਕਿ ਉਹ ਕਿਸਾਨਾਂ ਦੀਆਂ ਮੰਗਾਂ ਨੂੰ ਬਿਨਾ ਦੇਰੀ ਪ੍ਰਵਾਨ ਕਰੇ। ਪਰ ਭਾਰਤ ਦੀ ਸਰਕਾਰ ਦੇ ਕਈ ਭਾਜਪਾ ਆਗੂ ਇਹ ਕਹਿ ਕੇ ਕਿ "ਉਹ ਭਾਰਤ ਦੇ ਅੰਦਰੂਨੀ ਮਸਲਿਆਂ ਵਿੱਚ ਦਖਲ ਅੰਦਾਜੀ ਨਾ ਕਰਨ" ਆਪਣੀ ਹਉਮੈਂ ਨੂੰ ਪੱਠੇ ਪਾ ਕੇ ਮੂਰਖਮੱਤੀ ਸੋਚ ਦਾ ਪ੍ਰਗਟਾਵਾ ਕਦੇ ਆ ਰਹੇ ਹਨ। ਇਹ ਵੀ ਸੂਚਨਾ ਹੈ ਕਿ ਭਾਰਤ ਦੀ ਸਰਕਾਰ ਵਿਰੁੱਧ ਅੰਤਰਰਾਸ਼ਟਰੀ ਹਿਊਮਨ ਰਾਇਟਸ ਤੇ ਯੂ. ਐਨ.ੳ, ਵਿੱਚ ਵੀ ਅਰਜੀਆਂ ਦਾਖਲ ਹੋ ਗਈਆਂ ਹਨ। ਕਈ ਵਿਦੇਸ਼ਾਂ ਦੀਆਂ ਸਮਾਜਿਕ ਜਥੇਬੰਦੀਆਂ ਵਲੋਂ ਕਈ ਹੋਰ ਰਿੱਟ ਪਟੀਸ਼ਨਾਂ ਭਾਰਤ ਸਰਕਾਰ ਵਿਰੁੱਧ ਪਾਈਆਂ ਜਾ ਰਹੀਆਂ ਹਨ ਇਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਹੈਰਾਨ ਵੀ ਹਨ ਕਿ ਆਖਰ ਭਾਰਤ ਦੀ ਸਰਕਾਰ ਕਿਸ ਸੋਚ ਦੀ ਮਾਲਕ ਹੈ, ਜਿਹੜੀ ਕਿਸਾਨਾਂ ਦੀ ਹੱਕੀ ਤੇ ਜਾਇਜ਼ ਮੰਗ ਮੰਨਣ ਦੀ ਬਜਾਏ ਉਨ੍ਹਾਂ ਨੂੰ ਦਬਾਉਣ ਤੇ ਲਗੀ ਹੋਈ ਹੈ।ਜਿੰਨੀ ਬੇਕਿਰਕੀ ਭਾਰਤ ਦੀ ਇਸ ਭਾਜਪਾ ਸਰਕਾਰ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹੋ ਰਹੀ ਹੈ।ਇੰਨੀ ਸ਼ਾਇਦ ਸੰਸਾਰ ਦੇ ਕਿਸੇ ਵੀ ਆਗੂ ਦੀ ਹੁਣ ਤਕ ਨਹੀਂ ਹੋਈ ਹੋਵੇਗੀ। ਇਥੋਂ ਤਕ ਕਿ ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਤਾਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਥੋਂ ਤਕ ਇਹ ਆਖ ਦਿੱਤਾ ਹੈ ਕਿ ਜੇਕਰ ਉਨ੍ਹਾਂ ਨੇ ਲੋਕ ਤੰਤਰਿਕ ਢੰਗ ਨਾਲ ਕਿਸਾਨਾਂ ਦੇ ਚੱਲ ਰਹੇ ਅੰਦੋਲਨ ਨੂੰ ਸਖ਼ਤੀ ਨਾਲ ਦਬਾਇਆ ਤਾਂ ਉਹ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲੋਕ ਤੰਤਰ ਦਾ ਕਾਤਲ ਤੇ ਤਾਨਾਸ਼ਾਹ ਸਮਝ ਕੇ ਉਸ ਦੀ ਕਨੇਡਾ ਦੇਸ਼ ਵਿੱਚ ਆਉਣ ਦੀ ਸਦਾ ਲਈ ਪਾਬੰਦੀ ਲਗਾ ਦੇਣਗੇ। ਕਿਸਾਨ ਸਪਸ਼ਟ ਕਰ ਚੁੱਕੇ ਹਨ ਕਿ ਉਹ ਇਸ ਸੰਘਰਸ਼ ਨੂੰ ਸ਼ਾਂਤਮਈ ਢੰਗ ਨਾਲ ਲੜ ਰਹੇ ਹਨ। ਇਹ ਗੱਲ ਭਾਰਤ ਦੀ ਸਰਕਾਰ ਨੂੰ ਪਤਾ ਲਗ ਗਈ ਹੋਵੇਗੀ ਕਿ ਜਿਥੇ ਜਿਥੇ ਵੀ ਕਿਸਾਨ ਮੋਰਚੇ ਮੱਲੀ ਬੈਠੇ ਹਨ। ਉਥੇ ਉਨ੍ਹਾਂ ਨੇ ਭਿੰਨ ਭਿੰਨ ਪਰਕਾਰ ਦੇ ਪਦਾਰਥਾਂ ਦੇ ਲੰਗਰ ਲਗਾ ਦਿੱਤੇ ਹਨ,ਜਿਹੜੇ ਵਿਆਹ, ਸ਼ਾਦੀਆਂ ਅਤੇ ਹੋਰ ਖੁਸ਼ੀ ਦੇ ਸਮਾਗਮਾਂ ਨੂੰ ਵੀ ਮਾਤ ਪਾ ਰਹੇ ਹਨ। ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਨੇ ਤਾਂ ਕਿਸਾਨਾਂ ਲਈ ਲਈ ਸੁੱਕੇ ਮੇਵਿਆਂ ਤਕ ਦੇ ਲੰਗਰ ਵੀ ਲਗਾਏ ਹੋਏ ਹਨ।ਇਨ੍ਹਾਂ ਲੰਗਰਾਂ ਦਾ ਅਨੰਦ ਕਿਸਾਨਾਂ ਤੋਂ ਇਲਾਵਾ ਇਲਾਕੇ ਦੇ ਕਈ ਹੋਰ ਲੋਕ ਤੇ ਗਰੀਬ ਗੁਰਬੇ ਵੀ ਲੈ ਰਹੇ ਹਨ। ਇਥੇ ਹੀ ਬਸ ਨਹੀਂ ਬਲਕਿ ਖਾਲਸਾ ਏਡ ਦੇ ਸ੍ਰ ਰਵੀ ਸਿੰਘ ਨੇ ਥੱਕੇ, ਟੁੱਟੇ ਬਜ਼ੁਰਗ ਕਿਸਾਨਾਂ ਦੀਆਂ ਲੱਤਾਂ ਘੁੱਟਣ ਲਈ ਇਲੈਕਟਰੋਨਿਕ ਮਸ਼ੀਨਾਂ ਤਕ ਲੁਆ ਦਿੱਤੀਆਂ ਹਨ। ਇਸ ਲਈ ਮੋਦੀ ਸਰਕਾਰ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਦੇਸ਼ ਦੇ ਕਿਸਾਨ ਮੰਗਾਂ ਮਨਵਾਏ ਬਿਨਾ ਇਸ ਥਾਂ ਤੋਂ ਹਿੱਲਣ ਵਾਲੇ ਨਹੀਂ। ਉਹੋ ਸਰਕਾਰ ਜਿਹੜੀ ਕਿਸਾਨਾਂ ਨਾਲ ਮੰਗਾਂ ਸਬੰਧੀ ਗਲ ਨਹੀਂ ਸੀ ਕਰਨਾ ਚਾਹੁੰਦੀ ਅੱਜ ਹਾਲਾਤ ਇਥੋਂ ਤਕ ਪੁੱਜ ਗਏ ਹਨ ਕਿ ਇਸੇ ਸਰਕਾਰ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੂੰ ਕਿਸਾਨਾਂ ਨਾਲ ਮੀਟਿੰਗ ਕਰਨ ਲਈ ਲਗ ਭਗ ਇਕ ਘੰਟਾ ਆਪਣੇ ਦਫ਼ਤਰ ਵਿੱਚ ਬੈਠ ਕੇ ਉਡੀਕ ਕਰਨੀ ਪਈ। ਸਰਕਾਰ ਦੀ ਸਮਝ ਵਿੱਚ ਆ ਜਾਣਾ ਚਾਹੀਦਾ ਹੈ ਕਿ ਸਮਾ ਬੜਾ ਬਲਵਾਨ ਹੁੰਦਾ ਹੈ ਕਿ ਸਿਖਰਾਂ ਦੀ ਚੁੱਕੀ ਅਤਿ ਦਾ ਹਸ਼ਰ ਵੀ ਬਹੁਤ ਮਾੜਾ ਹੀ ਹੁੰਦਾ ਹੈ।ਬਸ ਉਹੋ ਕੁਝ ਲਗਦਾ ਹੁਣ ਭਵਿੱਖ ਵਿੱਚ ਮੋਦੀ ਸਰਕਾਰ ਨਾਲ ਹੋਣ ਵਾਲਾ ਹੈ। ਸਰਕਾਰ ਉਹ ਗੱਲਾਂ ਅੱਜ ਮੀਟਿੰਗਾਂ ਵਿੱਚ ਪ੍ਰਵਾਨ ਕਰਨ ਲਈ ਕਿਸਾਨਾਂ ਨੂੰ ਕਹਿ ਰਹੀ ਹੈ ਜਿਹੜੀ ਗੱਲ ਕਿਸਾਨ ਅੱਜ ਤੋਂ ਦੋ ਮਹੀਨੇ ਪਹਿਲਾਂ ਸਰਕਾਰ ਨੂੰ ਮੰਨਣ ਲਈ ਕਹਿੰਦੇ ਆ ਰਹੇ ਸਨ। ਭਾਰਤ ਦੀ ਸਰਕਾਰ ਦੇ ਇਸ਼ਾਰੇ ਤੇ ਜੋ ਜ਼ੁਲਮ ਹਰਿਆਣੇ ਦੀ ਭਾਜਪਾ ਖੱਟੜ ਸਰਕਾਰ ਵਲੋਂ ਸ਼ਾਂਤਮਈ ਢੰਗ ਨਾਲ ਦਿੱਲੀ ਆ ਰਹੇ ਕਿਸਾਨਾਂ ਤੇ ਢਾਹਿਆ ਗਿਆ। ਉਸ ਨੇ ਹੁਣ ਹਾਲਾਤ ਇਥੋਂ ਤਕ ਬਦਲ ਦਿੱਤੇ ਹਨ। ਕਿਸਾਨ ਜਥੇਬੰਦੀਆਂ ਨੇ ਸਰਕਾਰ ਵਲੋਂ ਕਿਸਾਨਾਂ ਨਾਲ ਪੰਜ ਛੇ ਮੀਟਿੰਗਾਂ ਕਰਨ ਮਗਰੋਂ ਜਿਹੜਾ ਪ੍ਰਸਤਾਵ ਕਿਸਾਨਾਂ ਨੂੰ ਲਿਖ ਕੇ ਭੇਜਿਆ ਸੀ ਉਸ ਨੂੰ ਕਿਸਾਨਾਂ ਨੇ ਇਕੋ ਵੱਢੇ ਬੇਤੁਕਾ ਜਾਣ ਕੇ ਰੱਦ ਕਰ ਦਿੱਤਾ ਹੈ ਤੇ ਸਰਕਾਰ ਵਲੋਂ ਰੱਖੀ ਮੀਟਿੰਗ ਵਿੱਚ ਜਾਣ ਤੋਂ ਵੀ ਵਕਤੀ ਤੌਰ ਤੇ ਕੋਰੀ ਨਾਂਹ ਕਰ ਦਿੱਤੀ ਹੈ। ਕਿਸਾਨ ਮੰਗ ਕਰ ਰਹੇ ਹਨ ਕਿ ਤਿੰਨ ਕਿਸਾਨ ਵਿਰੋਧੀ ਬਿੱਲਾਂ ਨੂੰ ਵਿਸ਼ੇਸ਼ ਸੈਸ਼ਨ ਬੁਲਾ ਕੇ ਰੱਦ ਕੀਤਾ ਜਾਵੇ। ਇਸ ਦੇ ਨਾਲ ਹੀ ਜਿਹੜਾ ਮੰਗ ਪੱਤਰ ਕਿਸਾਨਾਂ ਨੇ ਸਰਕਾਰ ਨੂੰ ਦਿੱਤਾ ਹੈ ਉਸ ਨੂੰ ਵੀ ਪ੍ਰਵਾਨ ਕੀਤਾ ਜਾਵੇ। ਕਿਸਾਨ ਜਥੇਬੰਦੀਆਂ ਆਪਣੇ ਸੰਘਰਸ਼ ਨੂੰ ਹੁਣ ਹੋਰ ਤੇਜ ਕਰ ਰਹੀਆਂ ਹਨ ਜਿਸ ਤਹਿਤ ਦਿੱਲੀ- ਜੈ ਪੁਰ ਕੌਮੀ ਰਾਜ ਮਾਰਗ, ਦਿੱਲੀ- ਉੱਤਰ ਪਰਦੇਸ਼ ਕੌਮੀ ਮਾਰਗ ਮੁਕੰਮਲ ਤੌਰ ਤੇ ਸੀਲ ਕਰਕੇ ਦਿੱਲੀ ਦੀ ਪੂਰੀ ਤਰਾਂ ਘੇਰਾ ਬੰਦੀ ਕੀਤੀ ਜਾਵੇਗੀ।ਇਸ ਦੇ ਨਾਲ ਹੀ ਦੇ ਦੇਸ਼ ਦੇ ਸਾਰੇ ਟੋਲ ਪਲਾਜੇ, ਅੰਬਾਨੀਆ, ਅਡਾਨੀਆ ਦੇ ਮੌਲ ਘੇਰਨ, ਰੀਲਾਇੰਸ ਦੇ ਸਾਰੇ ਸਿੰਮਾਂ ਦਾ ਬਾਈਕਾਟ ਕਰਨ, ਰੇਲਾਂ ਰੋਕਣ ਦੇ ਨਾਲ ਨਾਲ ਦੇਸ਼ ਦੇ ਸਾਰੇ ਭਾਜਪਾ ਲੀਡਰਾਂ ਦਾ ਘਿਰਾਓ ਕਰਨ ਬਾਰੇ ਵੀ ਵਿਚਾਰਾਂ ਕਰ ਰਹੀ ਹੈ।ਪਰ ਹੁਣ ਕਿਸਾਨ ਜਥੇਬੰਦੀਆਂ ਵਲੋਂ 13 ਦਸੰਬਰ ਨੂੰ ਦਿੱਲੀ -ਜੈਪੁਰ ਕੌਮੀ ਮਾਰਗ ਨੂੰ ਜਾਮ ਕੀਤਾ ਜਾਵੇਗਾ, 14 ਦਸੰਬਰ ਨੂੰ ਸਾਰੇ ਦੇਸ਼ ਵਿੱਚ ਜਿਲ੍ਹਾ ਹੈਡ- ਕੁਆਰਟਰਾਂ ਭਾਵ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਅੱਗੇ ਧਰਨੇ ਦਿੱਤੇ ਜਾਣਗੇ। ਸਰਕਾਰ ਜਾਣ ਬੁਝ ਕੇ ਪਿਛਲੇ ਸਮੇਂ ਤੋਂ ਸਬਕ ਨਾ ਲੈ ਕੇ ਦੇਸ਼ ਦੇ ਮਾਹੌਲ ਨੂੰ ਹੋਰ ਖਰਾਬ ਕਰਨ ਵੱਲ ਲੱਗੀ ਹੋਈ ਹੈ।ਇਹ ਵੀ ਕੰਨਸੋਆਂ ਮਿਲ ਰਹੀਆਂ ਹਨ ਕਿ ਦਿੱਲੀ ਦੇ ਸਾਰੇ ਬਾਰਡਰਾਂ ਜਿਹੜੀਆਂ ਥਾਂਵਾਂ ਤੋਂ ਕਿਸਾਨਾਂ ਨੇ ਦਿੱਲੀ ਨੂੰ ਘੇਰਿਆ ਹੋਇਆ ਹੈ ਉਨ੍ਹਾਂ ਥਾਂਵਾਂ ਤੇ ਫੌਜ, ਅਰਧ ਸੈਨਿਕ ਬਲਾਂ ਤੇ ਪੁਲੀਸ ਨੂੰ ਤਿਆਰ ਬਰ ਤਿਆਰ ਕਰਕੇ ਤਾਇਨਾਤ ਕਰ ਦਿੱਤਾ ਗਿਆ ਹੈ ਤਾਂ ਕਿ ਦਹਿਸ਼ਤ ਦਾ ਮਾਹੌਲ ਬਣਾਇਆ ਜਾ ਸਕੇ। ਕਿਸਾਨ ਚਿੰਤਕਾਂ ਦਾ ਕਹਿਣਾ ਹੈ ਕਿ ਦੇਸ਼ ਦੀ ਕਾਂਗਰਸ ਸਰਕਾਰ ਨੇ ਜੂਨ 1984 ਵਿੱਚ ਪੰਜਾਬ ਵਿੱਚ ਫੌਜ ਚਾੜ੍ਹ ਕੇ ਜਿਹੜੀ ਇਕ ਵੱਡੀ ਭੁੱਲ ਕੀਤੀ ਸੀ ਉਸ ਦਾ ਉਹ ਹੁਣ ਤਕ ਧੋਣਾ ਨਹੀਂ ਧੋ ਸਕੀ ਤੇ ਉਦੋਂ ਤੋਂ ਖਮਿਆਜ਼ਾ ਭੁਗਤਦੀ ਆ ਰਹੀ ਹੈ। ਜੇ ਕਰ ਭਾਜਪਾ ਸਰਕਾਰ ਨੇ ਮੁੜ ਉਹੋ ਗਲਤੀ ਦੁਹਰਾਈ ਤਾਂ ਇਸ ਦੇ ਨਤੀਜੇ ਦੇਸ਼ ਲਈ ਬੜੇ ਭਿਆਨਕ ਤੇ ਮਾਰੂ ਸਾਬਤ ਹੋ ਸਕਦੇ ਹਨ। ਚਿੰਤਕਾਂ ਦਾ ਇਹ ਵੀ ਕਹਿਣਾ ਹੈ ਕਿ ਫੌਜ, ਪੁਲੀਸ, ਅਰਧ ਸੈਨਿਕ ਬਲਾਂ ਵਿੱਚ ਕਿਸਾਨਾਂ ਦੇ ਹੀ ਵੱਡੀ ਪੱਧਰ ਤੇ ਪੁੱਤਰ, ਪੋਤਰੇ ਤੇ ਹੋਰ ਸਾਕ ਸਬੰਧੀ ਕੰਮ ਕਰਦੇ ਹਨ। ਜੇਕਰ ਸਰਕਾਰ ਨੇ ਇਸ ਸ਼ਾਂਤਮਈ ਅੰਦੋਲਨ ਨੂੰ ਸਖ਼ਤੀ ਨਾਲ ਕੁਚਲਣ ਦਾ ਯਤਨ ਕੀਤਾ ਤਾਂ ਇਸ ਗੱਲ ਤੋਂ ਵੀ ਇਨਕਾਰਿਆ ਨਹੀਂ ਜਾ ਸਕਦਾ ਕਿ ਮੋਦੀ ਸਰਕਾਰ ਦੀ ਇਸ ਕਾਰਵਾਈ ਨਾਲ ਦੇਸ਼ ਵਿੱਚ ਕਿਧਰੇ ਖਾਨਾ ਜੰਗੀ ਨਾ ਸ਼ੁਰੂ ਹੋ ਜਾਵੇ। ਇਹ ਵੀ ਚਰਚਾ ਜ਼ੋਰਾਂ ਤੇ ਹੈ ਕਿ ਜੇ ਕਰ ਇਨ੍ਹਾਂ ਸਭ ਨੇ ਕਿਸਾਨਾਂ ਵਿਰੁੱਧ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਭਾਜਪਾ ਸਰਕਾਰ ਇਥੋਂ ਤਕ ਵੀ ਮਾੜੀ ਸੋਚ ਰੱਖਦੀ ਹੈ ਕਿ ਉਹ ਆਪਣੇ ਰ ਸ ਸ ਦੇ ਕੇਡਰ ਜਿਸ ਨੂੰ ਉਹ ਰੋਜ਼ਾਨਾ ਆਪਣੀਆਂ ਸ਼ਾਖਾਵਾਂ ਵਿੱਚ ਫੌਜੀ ਟਰੇਨਿੰਗਾਂ ਦੇਂਦੀ ਆ ਰਹੀ ਹੈ। ਉਨ੍ਹਾਂ ਨੂੰ ਫੋਜ , ਅਰਧ ਸੈਨਿਕ ਬਲਾਂ ਵਰਗੀਆਂ ਰਲਦੀਆਂ ਮਿਲਦੀਆਂ ਵਰਦੀਆਂ ਪੁਆ ਕੇ ਕਿਸਾਨਾਂ ਵਿਰੁਧ ਘਾਤਕ ਕਾਰਵਾਈ ਕਰਵਾ ਸਕਦੀ ਹੈ। ਇਹੋ ਜਿਹੀ ਨੀਵੀਂ ਤੋਂ ਨੀਵੀਂ ਹਰਕਤ ਕਰਵਾ ਕੇ ਉਹ ਦੇਸ਼ ਵਿਚ ਬਦਅਮਨੀ ਫੈਲਾਉਣ ਵਲ ਲਗੀ ਹੋਈ ਪਰਤੀਤ ਹੋ ਰਹੀ ਹੈ। ਜੇ ਸਰਕਾਰ ਨੇ ਇਹ ਅਤਿ ਭਿਆਨਕ ਗਲਤੀ ਕਰ ਲਈ ਤਾਂ ਉਸ ਕੋਲੋਂ ਇਹ ਬਗਾਵਤ ਸਾਂਭਣੀ ਬੜੀ ਔਖੀ ਹੋ ਜਾਵੇਗੀ।ਕੇਂਦਰ ਦੀ ਸਰਕਾਰ ਕਿਸਾਨਾਂ ਦੀਆਂ ਮੰਗਾਂ ਮੰਨਣ ਵਿੱਚ ਜਿਨੀ ਦੇਰ ਕਰਦੀ ਰਹੇਗੀ, ਉਸ ਦੀਆਂ ਮੁਸ਼ਕਲਾਂ ਹੋਰ ਵਧਦੀਆਂ ਹੀ ਜਾਣਗੀਆਂ। ਲਗਦਾ ਹੈ ਕਿ ਮੋਦੀ ਸਰਕਾਰ ਨੇ ਹਿਟਲਰ , ਟੋਜੋ , ਨਾਜੀ, ਨਿਪੋਲੀਅਨ ਤੇ ਮਸੋਲਿਨੀ ਵਾਲਾ ਤਾਨਾਸ਼ਾਹੀ ਰੂਪ ਧਾਰਨ ਕਰ ਲਿਆ ਹੈ। ਉਸ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਅੱਜ ਦਾ ਯੁੱਗ ਲੋਕਤੰਤਰ ਦਾ ਹੈ ਨਾਂ ਕਿ ਤਾਨਾਸ਼ਾਹੀ ਦਾ! ਜਿਨ੍ਹਾ ਵੀ ਸਰਕਾਰਾਂ ਨੇ ਅਜਿਹਾ ਰੂਪ ਧਾਰਿਆ, ਉਨ੍ਹਾਂ ਦਾ ਹਸ਼ਰ ਅੰਤ ਵਿੱਚ ਮਾੜਾ ਹੀ ਹੋਇਆ ਹੈ। ਦੇਸ਼ ਵਿੱਚ ਇਕ ਉਹ ਵੀ ਸਮਾਂ ਸੀ ਜਦੋਂ ਇਨ੍ਹਾਂ ਕਟੱੜ ਪ੍ਰਸਤਾਂ ਤੇ ਰ ਸ ਸ ਦੀ ਭਾਜਪਾ ਸਰਕਾਰ ਨੇ ਕਿਧਰੇ ਹਿੰਦੂਆਂ ਨੂੰ ਮੁਸਲਮਾਨਾਂ ਨਾਲ ਗਊ ਮਾਸ ਦੇ ਨਾਂ ਤੇ ਵੰਡਿਆ ਸੀ, ਕਿਧਰੇ ਸਿੱਖਾਂ ਨੂੰ ਖਾਲਿਸਤਾਨੀ ਕਹਿ ਕੇ ਆਪਸ ਵਿੱਚ ਲੜਾਇਆ ਸੀ। ਅੱਜ ਉਸੇ ਭਾਜਪਾ ਨੂੰ ਅੱਖਾਂ ਖੋਹਲ ਕੇ ਵੇਖ ਲੈਣਾ ਚਾਹੀਦਾ ਹੈ ਕਿ ਇਸੇ ਕਿਸਾਨ ਸੰਘਰਸ਼ ਵਿੱਚ ਸਾਰੇ ਧਰਮਾਂ ਦੇ ਲੋਕ ਚਾਹੇ ਉਹ ਹਿੰਦੂ ਹਨ, ਮੁਸਲਮਾਨ ਹਨ ਜਾਂ ਫਿਰ ਸਿੱਖ , ਈਸਾਈ ਹਨ। ਜਿਹਨਾਂ ਨੂੰ ਭਾਜਪਾ ਵਾਲਿਆਂ ਨੇ ਗੁੰਮਰਾਹ ਕਰਕੇ ਵੱਖ ਵੱਖ ਗੁੱਟਾਂ ਵਿੱਚ ਵੰਡਿਆ ਹੋਇਆ ਸੀ। ਅੱਜ ਉਨ੍ਹਾਂ ਸਾਰੀਆਂ ਉਂਗਲੀਆਂ ਨੇ ਇਕੱਠੇ ਹੋ ਕੇ ਇੰਝ ਆਪਣਾ ਘਸੁੰਨ ਬਣਾ ਲਿਆ ਹੈ ਕਿ ਉਹ ਹਰ ਜਾਬਰ ਦਾ ਬੁਥਾੜ੍ਹਾ ਭੰਨਣ ਦੇ ਸਮਰੱਥ ਹੋ ਗਏ ਹਨ।ਸੰਘਰਸ਼ ਵਿੱਚ ਸ਼ਾਮਲ ਸਾਰੇ ਧਰਮਾਂ ਦੇ ਕਿਸਾਨ ਹੁਣ ਭਾਜਪਾ ਦੀ ਇਸ ਚਾਲ ਨੂੰ ਸਮਝਦੇ ਹੋਏ ਬੜੇ ਜੋਰ ਸ਼ੋਰ ਨਾਲ ਕਹਿ ਰਹੇ ਹਨ ਕਿ ਜੇ ਕਰ ਹੱਕ ਮੰਗਣ ਵਾਲੇ ਖਾਲਿਸਤਾਨੀ ਜਾਂ ਪਾਕਿਸਤਾਨੀ ਜਾਂ ਫਿਰ ਅਤਿਵਾਦੀ ਹਨ ਤਾਂ ਫਿਰ ਅਸੀਂ ਵੱਖ ਵੱਖ ਪ੍ਰਾਂਤਾਂ ਦੇ ਕਿਸਾਨ ਸਾਰੇ ਉਹੋ ਕੁਝ ਹਾਂ, ਇਸ ਤੋਂ ਵਡੀ ਚਪੇੜ੍ਹ ਇਸ ਫਿਰਕੂ ਤੇ ਭਾਜਪਾ ਸਰਕਾਰ ਤੇ ਹੋਰ ਕੀ ਹੋ ਸਕਦੀ ਹੈ? ਦੇਸ਼ ਦੀ ਸਰਕਾਰ ਨੂੰ ਹੁਣ ਅੱਖਾਂ ਖੋਹਲ ਕੇ ਲੋਕਾਂ ਦੀ ਰਮਜ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਹ ਹੁਣ ਲੋਕਾਂ ਨੂੰ ਹੋਰ ਨਹੀਂ ਵੰਡ ਸਕਦੀ। ਇਸ ਲਈ ਉਸ ਦੀ ਇਸ ਵਿੱਚ ਬਿਹੱਤਰੀ ਹੈ ਕਿ ਉਹ ਆਪਣਾ ਤਾਨਾਸ਼ਾਹੀ ਵਤੀਰਾ ਛੱਡ ਕੇ ਬਿਨਾ ਦੇਰੀ ਕਿਸਾਨਾਂ ਦੀਆਂ ਮੰਗਾਂ ਪਰਵਾਨ ਕਰੇ। ਉਸ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਹ ਦੇਸ ਵੱਡੇ ਘਰਾਣਿਆਂ ਦਾ ਨਹੀਂ ਬਲਕਿ ਲੋਕਾਂ ਦਾ ਆਪਣਾ ਹੈ। ਇਸ ਸਮੇਂ ਕਿਸਾਨਾਂ ਦਾ ਘੋਲ ਆਰ ਪਾਰ ਦੀ ਦਿਸ਼ਾ ਅਖਤਿਆਰ ਕਰ ਚੁੱਕਾ ਹੈ। ਦੇਸ਼ ਦੀ ਇਹ ਘਾਤਕ ਸਰਕਾਰ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਤੇ ਖੇਰੂੰ ਖੇਰੂੰ ਕਰਨ ਲਈ ਕੋਈ ਵੀ ਹੱਥ ਕੰਡਾ ਵਰਤ ਸਕਦੀ ਹੈ। ਉਹ ਆਪਣੇ ਬੰਦੇ ਭੇਜ ਕੇ ਕੋਈ ਅਤਿਵਾਦੀ ਕਾਰਵਾਈ ਵੀ ਕਰਾ ਕੇ ਸ਼ਾਂਤਮਈ ਸੰਘਰਸ਼ ਨੂੰ ਬਦਨਾਮ ਵੀ ਕਰ ਸਕਦੀ ਹੈ। ਪਿਛਲੇ ਕਈ ਦਿਨਾ ਤੋਂ ਕਈ ਸ਼ਕੀ ਬੰਦੇ ਕਿਸਾਨਾਂ ਨੇ ਫੜ੍ਹ ਕੇ ਪੁਲੀਸ ਦੇ ਹਵਾਲੇ ਵੀ ਕੀਤੇ ਹਨ ਪਰ ਹਾਲੇ ਵੀ ਇਹ ਘਟਨਾਵਾਂ ਰੁਕ ਨਹੀਂ ਰਹੀਆਂ।



ਜੰਗ ਸਿੰਘ
91-94170-95965

ਕਿਸਾਨ ਜਥੇਬੰਦੀਆਂ ਕਈ ਵਾਰ ਸਪਸ਼ਟ ਕਰ ਚੁੱਕੀਆਂ ਹਨ ਕਿ ਉਨ੍ਹਾਂ ਦਾ ਘੋਲ ਸ਼ਾਂਤਮਈ ਹੈ ਤੇ ਅਖੀਰ ਤਕ ਸ਼ਾਂਤਮਈ ਰਹੇਗਾ।ਜੇ ਕਰ ਸੰਘਰਸ਼ ਵਿੱਚ ਮੰਦਭਾਗੀ ਘਟਨਾ ਵਾਪਰੀ ਤਾਂ ਇਸ ਦੀ ਜਿੰਮੇਵਾਰ ਸਿਰਫ ਤੇ ਸਿਰਫ ਭਾਰਤੀ ਜੰਨਤਾ ਪਾਰਟੀ ਦੀ ਸਰਕਾਰ ਤੇ ਇਨ੍ਹਾਂ ਦੇ ਆਗੂਆਂ ਦੀ ਹੋਵੇਗੀ।ਭਾਵੇਂ ਕਿਸਾਨਾਂ ਨੇ ਸਾਰੇ ਸੰਘਰਸ਼ ਵਿੱਚ ਚੌਕਸੀ ਰੱਖਣ ਲਈ "ਪਹਿਰੇਦਾਰ" ਲਗਾ ਦਿੱਤੇ ਹਨ ਪਰ ਇਸ ਦੇ ਬਾਵਜੂਦ ਕਿਸਾਨ ਜਥੇਬੰਦੀਆ ਨੂੰ ਹੋਰ ਵਧੇਰੇ ਚੌਕਸ ਰਹਿਣ ਦੀ ਜਰੂਰਤ ਹੈ। ਦੇਸ਼ ਦੇ ਲੋਕ ਭਲੀਭਾਂਤ ਜਾਣ ਚੁੱਕੇ ਹਨ ਕਿ ਦੇਸ਼ ਦੀ ਸਰਕਾਰ ਲੋਕਾਂ ਦੀ ਨਾ ਹੋ ਕੇ ਅਜਾਰੇਦਾਰਾਂ ਦੀ ਬਣ ਚੁੱਕੀ ਹੈ। ਉਸ ਨੇ ਦੇਸ਼ ਦੀਆਂ ਸਾਰੀਆਂ ਰੇਲਾਂ, ਰੇਲਵੇ ਸਟੇਸ਼ਨ, ਰੇਲ ਰੂਟ, ਹਵਾਈ ਅੱਡੇ, ਹਵਾਈ ਜਹਾਜ ,ਬੈਂਕ , ਬੀਮਾ ਬੰਦਰਗਾਹਾਂ, ਬੀ ਐਸ ਐਨ. ਐਲ ਆਦਿ ਬਹੁਤ ਸਾਰੇ ਸਰਕਾਰੀ ਅਦਾਰੇ ਸਭ ਕੁਝ ਅੰਬਾਨੀਆਂ ਅਡਾਨੀਆ ਦੇ ਸਪੁੱਰਦ ਕਰਕੇ ਉਨ੍ਹਾਂ ਦਾ ਨਿੱਜੀ-ਕਰਨ ਕਰ ਰਹੀ ਹੈ ਤੇ ਦੇਸ ਦੀਆਂ ਕਈ ਹੋਰ ਸੰਪਤੀਆਂ ਵੀ ਕੌਡੀਆਂ ਦੇ ਭਾਅ ਉਨ੍ਹਾਂ ਦੇ ਹਵਾਲੇ ਕਰਨ ਦਾ ਵੀ ਠਾਣ ਚੁੱਕੀ ਹੈ। ਅੱਜ ਦੇਸ਼ ਦਾ ਕਿਸਾਨ ਇਕ ਗੰਭੀਰ ਸੰਕਟ ਵਿੱਚ ਹੈ ਇਸ ਨਾਜੁਕ ਮੌਕੇ ਦੇਸ਼ ਦੇ ਹਰੇਕ ਵਾਸੀ ਦੀ ਪਹਿਲੀ ਤੇ ਸਿਰਮੌਰ ਜਿੰਮੇਵਾਰੀ ਬਣਦੀ ਹੈ ਕਿ ਉਹ ਅੰਨਦਾਤਾ ਕਿਸਾਨ ਜਿਹੜਾ ਸਾਡਾ ਸਾਰਿਆਂ ਦਾ ਢਿੱਡ ਭਰਦਾ ਹੈ। ਉਨ੍ਹਾਂ ਦੇ ਸੰਘਰਸ਼ ਵਿੱਚ ਮੋਢੇ ਨਾਲ ਮੋਢਾ ਜੋੜ੍ਹ ਕੇ ਉਨ੍ਹਾਂ ਦੇ ਨਾਲ ਉਨ੍ਹਾਂ ਚਿਰ ਖੜਾ ਰਹੇ।ਜਿਨਾਂ ਚਿਰ ਮੋਦੀ ਸਰਕਾਰ ਉਨ੍ਹਾਂ ਦੀਆਂ ਸਾਰੀਆਂ ਦੀਆਂ ਸਾਰੀਆਂ ਮੰਗਾਂ ਪ੍ਰਵਾਨ ਨਹੀਂ ਕਰ ਲੈਂਦੀ।

ਜਿਸ ਤਰਾਂ ਦਾ ਕਿਸਾਨਾਂ ਤੇ ਲੋਕਾਂ ਵਿੱਚ ਮੰਗਾਂ ਪ੍ਰਤੀ ਉਭਾਰ ਬਣ ਚੁੱਕਾ ਹੈ। ਉਸ ਵਿੱਚ ਭਾਰਤ ਸਰਕਾਰ ਨੂੰ ਅੰਤ ਵਿੱਚ ਨਮੋਸ਼ੀ ਹੀ ਝੱਲਣੀ ਪੈਣੀ ਹੈ। ਇਸ ਸੰਘਰਸ਼ ਵਿੱਚ ਕਿਸਾਨਾਂ ਦੀ ਹੀ ਫਤਹਿ ਅਵਸ਼ ਹੋਵੇਗੀ। ਇਹ ਹੁਣ ਭਾਰਤ ਦੀ ਸਰਕਾਰ ਨੇ ਵੇਖਣਾ ਹੈ ਕਿ ਉਸ ਨੇ ਨਮੋਸ਼ੀ ਖੱਟਣੀ ਹੈ ਜਾਂ ਵਾਹਵਾ! ਇਸ ਦਾ ਫੈਸਲਾ ਕੇਂਦਰ ਦੀ ਭਾਜਪਾ ਸਰਕਾਰ ਉਤੇ ਨਿਰਭਰ ਕਰਦਾ ਹੈ।

# ਕੀ ਕਿਸਾਨ ਅੰਦੋਲਨ ਵਿੱਚੋਂ ਪੰਜਾਬ ਨੂੰ ਕੋਈ ਨਵੀ ਰਾਜਨੀਤਕ ਲੀਡਰਸ਼ਿਪ ਮਿਲੇਗੀ?

ਲੋਕ ਹੱਕਾਂ ਲਈ ਸਮੇਂ ਸਮੇਂ ਦੀਆਂ ਸਰਕਾਰਾਂ ਵਿਰੁੱਧ ਵਿੱਢੇ ਅੰਦੋਲਨ ਸੰਘਰਸ਼ ਜਾਂ ਲੋਕ ਲਹਿਰ ਭਾਵੇਂ ਕਾਮਯਾਬ ਹੋਣ ਜਾਂ ਨਾ ਹੋਣ ਪਰ ਉਨ੍ਹਾਂ ਵਿੱਚੋਂ ਇਖ਼ਲਾਕੀ ਤੌਰ ਤੇ ਆਰਥਿਕ ਤੌਰ ਤੇ ਸਮਾਜਿਕ ਤੌਰ ਤੇ ਸੱਭਿਆਚਾਰਕ ਤੌਰ ਤੇ ਅਤੇ ਧਾਰਮਿਕ ਤੌਰ ਤੇ ਕੁਝ ਨਾ ਕੁਝ ਜ਼ਰੂਰ ਆਉਣ ਵਾਲੀ ਪੀੜ੍ਹੀ ਨੂੰ ਮਿਲਦਾ ਹੈ ਪੰਜਾਬ ਚ ਸ਼ੁਰੂ ਹੋਇਆ ਕਿਸਾਨ ਅੰਦੋਲਨ ਅੱਜ ਜਨ ਹਿੱਤ ਲੋਕ ਅੰਦੋਲਨ ਬਣ ਗਿਆ ਹੈ ਭਾਰਤ ਦੀ ਹਰ ਸਟੇਟ ਦਾ ਕਿਸਾਨ, ਦੇਸ਼ ਵਿਦੇਸ਼ ਦੇ ਵਿੱਚ ਬੈਠਾ ਕਿਸਾਨ ਅਤੇ ਦੇਸ਼ ਵਾਸੀ ਕਿਸਾਨ ਅੰਦੋਲਨ ਦੀ ਹਮਾਇਤ ਕਰ ਰਿਹਾ ਹੈ ਇਸ ਅੰਦੋਲਨ ਨੂੰ ਦੁਨੀਆਂ ਭਰ ਦਾ ਇਕ ਇਲੈਕਟ੍ਰੋਨਿਕ ਅਤੇ ਪ੍ਰਿੰਟ ਮੀਡੀਆ ਕਵਰੇਜ ਦੇ ਰਿਹਾ ਹੈ ਅੰਦੋਲਨ ਭਾਵੇਂ ਕਾਮਯਾਬ ਹੋਵੇ ਜਾਂ ਨਾ ਪਰ ਇੱਕ ਇਤਿਹਾਸ ਦੇ ਪੰਨੇ ਵਜੋਂ ਹਮੇਸ਼ਾਂ ਇਸ ਅੰਦੋਲਨ ਨੂੰ ਯਾਦ ਰੱਖਿਆ ਜਾਵੇਗਾ।

ਇਤਿਹਾਸ ਗਵਾਹ ਹੈ ਕਿ ਜਦੋਂ ਦੇਸ਼ ਦੀ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ 1975 ਵਿਚ ਐਮਰਜੈਂਸੀ ਲਗਾਈ ਗਈ ਸੀ ਉਸ ਅੰਦੋਲਨ ਦੀ ਚਿਣਗ ਵੀ ਪੰਜਾਬ ਤੇ ਵਿੱਚੋਂ ਹੀ ਉੱਠੀ ਸੀ ਅਤੇ ਪੂਰੇ ਦੇਸ਼ ਦੇ ਵਿੱਚ ਭਾਂਬੜ ਬਣ ਕੇ ਬਲੀ ਸੀ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਇੰਦਰਾ ਗਾਂਧੀ ਦੇ ਤਾਨਾਸ਼ਾਹੀ ਅਤੇ ਹੰਕਾਰੀ ਸ਼ਾਸਨ ਦਾ ਅੰਤ ਹੋ ਗਿਆ ਸੀ ਅਤੇ ਪੰਜਾਬ ਦੀ ਰਾਜਨੀਤੀ ਨੂੰ ਨੌਜਵਾਨ ਲੀਡਰਾਂ ਦੇ ਰੂਪ ਵਿਚ ਇਕ ਨਵੀਂ ਲੀਡਰਸ਼ਿੱਪ ਮਿਲੀ ਸੀ ਉਹ ਵੱਖਰੀ ਗੱਲ ਹੈ ਕਿ ਉਨ੍ਹਾਂ ਵਿੱਚੋਂ ਬਹੁਤੇ ਲੀਡਰ ਕੌਡੀਆਂ ਦੇ ਭਾਅ ਵਿਕ ਗਏ ਅਤੇ ਪੰਜਾਬ ਦੇ ਰਾਜਨੀਤਕ ਦ੍ਰਿਸ਼ ਨੂੰ ਸਹੀ ਸੇਧ ਨਹੀਂ ਦੇ ਸਕੇ ਉਸ ਤੋਂ ਬਾਅਦ 1982 ਵਿੱਚ ਧਰਮ ਯੁੱਧ ਮੋਰਚੇ ਦੀ ਸ਼ੁਰੂਆਤ ਹੋਈ ਧਰਮ ਯੁੱਧ ਮੋਰਚੇ ਵਿੱਚੋਂ ਸਾਨੂੰ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਾ ਵਰਗਾ ਧੜੱਲੇਦਾਰ ਕੌਮ ਦੀ ਕਮਾਂਡ ਕਰਨ ਵਾਲਾ ਲੀਡਰ ਮਿਲਿਆ ਜਨਰਲ ਸੁਬੇਗ ਸਿੰਘ ਵਰਗਾ ਉਹ ਜਰਨੈਲ ਮਿਲਿਆ ਜਿਸ ਨੇ ਦੱਸਿਆ ਕਿ ਸਰਕਾਰਾਂ ਦੀ ਬੇਇਨਸਾਫ਼ੀ ਅਤੇ ਤਾਨਾਸ਼ਾਹੀ ਦਾ ਜਵਾਬ ਕਿਵੇਂ ਦੇਈਦਾ, ਪਰ




ਸਾਡੀ ਕੌਮ ਦੇ ਰਾਜਨੀਤਕ ਲੀਡਰਾਂ ਦੀ ਆਪਣੀ ਰਾਜਨੀਤਿਕ ਲਾਲਸਾ ਖ਼ਾਤਰ ਦਿਨ ਦਿਹਾੜੇ ਕੀਤੀ ਗ਼ੱਦਾਰੀ ਕਾਰਨ ਅਸੀਂ ਇਕ ਕੌਮ ਦੇ ਇਹ ਹੀਰੇ ਗਵਾ ਲਏ ਇਸ ਤੋਂ ਬਾਅਦ 10 ਸਾਲ ਦੇ ਕਰੀਬ ਚੱਲੀ ਖਾੜਕੂ ਸਿੱਖ ਲਹਿਰ ਦੇ ਵਿੱਚ ਅਸੀਂ ਬਹੁਤ ਸਾਰੇ ਕੀਮਤੀ ਹੀਰਿਆਂ ਵਰਗੇ ਹੁਨਰਮੰਦ ਨੌਜਵਾਨ ਮਰਵਾ ਲਏ ਜਿਨ੍ਹਾਂ ਨੇ ਭਵਿੱਖ ਵਿਚ ਇਸ ਪੰਜਾਬ ਦੀ ਇਸ ਕੌਮ ਦੀ ਰਾਜਨੀਤਕ ਤੌਰ ਤੇ ਅਗਵਾਈ ਕਰਨੀ ਸੀ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਸਾਨੂੰ ਮੁੜ ਮੁੜ ਘਿਸੇ ਪਿਟੇ ਪੁਰਾਣੇ ਲੀਡਰਾਂ ਤੇ ਮੁੜ ਵਿਸ਼ਵਾਸ ਕਰਨਾ ਪਿਆ ਜਿਨ੍ਹਾਂ ਨੇ ਪੰਜਾਬ ਨੂੰ ਆਰਥਿਕ ਤੌਰ ਤੇ ਡੋਬਿਆ ਕੌਮ ਨੂੰ ਧਾਰਮਿਕ ਤੌਰ ਤੇ ਮਾਰਿਆ ,ਪੰਥ ਨੂੰ ਲੁੱਟ ਕੇ ਆਪਣੇ ਘਰ ਭਰੇ, ਸਿੱਖੀ ਸਿਧਾਂਤਾਂ ਦਾ ਘਾਣ ਕੀਤਾ, ਇਨ੍ਹਾਂ ਲੀਡਰਾਂ ਦੀਆਂ ਕੁਰਸੀਆਂ ਦੀ ਲਾਲਸਾ ਦੀ ਮਿਹਰਬਾਨੀ ਸਦਕਾ ਅੱਜ ਦੇਸ਼ ਦਾ ਅੰਨਦਾਤਾ ਆਪਣੇ ਹੱਕ ਅਤੇ ਇਨਸਾਫ ਲਈ ਸੜਕਾਂ ਤੇ ਰੁਲ ਰਿਹਾ ਹੈ ਇਹ ਲੋਕ ਅਜੇ ਵੀ ਆਪਣੀਆਂ ਰਾਜਨੀਤਕ ਤਿਕੜਮਬਾਜ਼ੀਆਂ ਨਾਲ ਰਾਜਭਾਗ ਤੇ ਕਾਬਜ਼ ਹਨ ਜਾਂ ਕਈ ਹੋਰ ਮੁੜ ਕਾਬਜ਼ ਹੋਣ ਨੂੰ ਫਿਰਦੇ ਹਨ ਪਰ ਪੰਜਾਬ ਦੇ ਲੋਕ ਰਾਜਨੀਤਕ ਤੌਰ ਤੇ ਹੁਣ ਜਾਗ ਚੁੱਕੇ ਹਨ ਉਹ ਹੋਣ 1984 ਤੋਂ ਬਾਅਦ ਰਾਜਨੀਤੀ ਤੇ ਕਾਬਜ਼ ਹੋਣ ਦੇ ਮਿਲੇ ਮੌਕੇ ਦੀ ਸਿਮਰਨਜੀਤ ਸਿੰਘ ਮਾਨ ਵਾਲੀ ਗਲਤੀ ਮੁੜ ਨਹੀਂ ਦੁਹਰਾਉਣਗੇ।

ਜੇਕਰ ਵਾਕਿਆ ਹੀ ਲੋਕਾਂ ਨੂੰ ਕੋਈ ਰਾਜਨੀਤਕ

ਖੇਡ ਮੈਦਾਨ ਬੋਲਦਾ ਹੈ

ਜਗਰੂਪ ਸਿੰਘ ਜਰਖੜ
98143-00722



ਸੂਝ ਬੂਝ ਹੈ ਤਾਂ ਇਸ ਕਿਸਾਨ ਅੰਦੋਲਨ ਦੇ ਵਿੱਚੋਂ ਪਹਿਲੇ ਅੰਦੋਲਨਾਂ ਦੀ ਤਰ੍ਹਾਂ ਪੰਜਾਬ ਨੂੰ ਇਕ ਨਵੀਂ ਰਾਜਨੀਤਿਕ ਲੀਡਰਸ਼ਿਪ ਨੌਜਵਾਨਾਂ ਦੇ ਰੂਪ ਵਿੱਚ ਮਿਲੇਗੀ ਜੋ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਰਾਜਨੀਤਕ ਅਗਵਾਈ ਕਰੇਗੀ। ਕਿਸਾਨ ਅੰਦੋਲਨ ਦੀ ਅਗਵਾਈ ਕਰ ਰਹੀਆਂ ਸਾਰੀਆਂ ਹੀ ਕਿਸਾਨ ਜਥੇਬੰਦੀਆਂ ਨੂੰ ਪੰਜਾਬ ਦਾ ਆਪਣਾ ਰਾਜਨੀਤਕ ਏਜੰਡਾ ਵੀ ਤੈਅ ਕਰਨਾ ਹੋਵੇਗਾ ਅਤੇ ਈਮਾਨਦਾਰ ਬੰਦਿਆਂ ਦੀ ਚੋਣ ਕਰਕੇ ਆਉਣ ਵਾਲੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਇਕ ਟੀਮ ਤਿਆਰ ਕਰਨੀ ਚਾਹੀਦੀ ਹੈ ਜੋ ਪੰਜਾਬ ਦੇ ਭਵਿੱਖ ਦੇ ਰਾਜਨੀਤਕ ਦ੍ਰਿਸ਼ ਨੂੰ ਸਹੀ ਸੇਧ ਦੇ ਸਕੇ ਇਸ ਨਾਲ ਹੀ ਪੰਜਾਬ ਦਾ ਭਲਾ ਹੋਵੇਗਾ ਹੋ ਸਕਦਾ ਰਿਸ਼ਵਤਖੋਰਾਂ ਚੋਰਾਂ ਠੱਗਾਂ ਤੋਂ ਪੰਜਾਬ ਨੂੰ ਬਚਾਇਆ ਜਾ ਸਕਦਾ ਹੈ ਪੰਜਾਬ ਦੇ ਚੰਗੇ ਰਾਜਨੀਤਕ ਭਵਿੱਖ ਲਈ ਇਸ ਅੰਦੋਲਨ ਵਿੱਚੋਂ ਉਪਜੀ ਹੋਈ ਟੀਮ ਇਕ ਸਹੀ ਮਾਰਗ ਦਰਸ਼ਕ ਬਣ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ ਤੇ ਤੋਰ ਸਕਦੀ ਹੈ ਪਰ ਜੇ ਨਹੀਂ ਫਿਰ ਪੰਜਾਬ ਦਾ ਰੱਬ ਹੀ ਰਾਖਾ !


# ਪੁਸਤਕ ਚਰਚਾ

**ਲੇਖਕ : ਬਲਜਿੰਦਰ ਕੌਰ ਸ਼ੇਰ**

**ਚਰਚਾ ਕਰਤਾ – ਪਰਸ਼ੋਤਮ ਲਾਲ ਸਰੋਏ**

ਜਿਸ ਤਰ੍ਹਾਂ ਕਿਸਾਨ ਖੇਤ ਵਿੱਚ ਬੀਜ ਦਾ ਸੱਟਾ ਦੇ ਕੇ ਫ਼ਸਲ ਉਗਾਉਂਦਾ ਹੈ ਉਸੇ ਤਰ੍ਹਾਂ ਹੀ ਸਾਹਿਤਕ ਕਿਆਰੀ ਵਿੱਚ ਸ਼ਬਦਾਂ ਦਾ ਸੱਟਾ ਦੇ ਕੇ ਤੇ ਉਸ ਨੂੰ ਸਿਆਹੀ ਰੂਪੀ ਪਾਣੀ ਪਾ ਕੇ ਸਾਹਿਤਕ ਫ਼ਸਲ ਉਗਾਈ ਜਾਂਦੀ ਹੈ। ਦੇਖਿਆ ਜਾਵੇ ਤਾਂ ਹਰ ਜਣਾ-ਖਣਾ ਸਾਹਿਤਕ ਖੇਤੀ ਦੇ ਵਿੱਚ ਕਦਮ ਨਹੀਂ ਰੱਖ ਸਕਦਾ। ਉਹਦੇ ਵਾਸਤੇ ਇਕ ਸੋਚ, ਸਮਝ, ਗਿਆਨ, ਦੂਜੇ ਪ੍ਰਤੀ ਦਰਦ, ਕੁਦਰਤ ਤੇ ਕੁਦਰਤ ਦੇ ਜੀਵਾਂ ਨਾਲ ਮੋਹ, ਸਮਾਜ ਦੀ ਚਿੰਤਾ ਆਦਿ ਗੁਣਾ ਦਾ ਹੋਣਾ ਵੀ ਲਾਜ਼ਮੀ ਬਣ ਜਾਂਦਾ ਹੈ ਜੋ ਕਿ ਪਰਮਾਤਮਾ ਹਰ ਇੱਕ ਨੂੰ ਨਹੀਂ ਬਖ਼ਸ਼ਦਾ। ਇਸ ਦਾ ਮਤਲਬ ਇਹ ਵੀ ਨਹੀਂ ਕਿ ਕਲਾ ਹਰ ਇਕ ਵਿੱਚ ਨਹੀਂ ਬਲਕਿ ਇਸ ਨੂੰ ਪਛਾਣਨ ਦੀ ਲੋੜ ਹੈ ਤੇ ਉਹ ਪਛਾਣ ਵਾਹਿਗੁਰੂ ਕਿਸੇ ਕਿਸੇ ਨੂੰ ਹੀ ਕਰਾ ਸਕਦਾ ਹੈ। ਅਜਿਹੀ ਹੀ ਸਾਹਿਤਕ ਫ਼ਸਲ ਉਗਾਉਣ ਵਿੱਚ ਮਾਹਰ ਕਿਸਾਨ ਬਲਜਿੰਦਰ ਕੌਰ ਸ਼ੇਰਗਿੱਲ ਦਾ ਨਾਂ ਵੀ ਆਉਂਦਾ ਹੈ। ਬਲਜਿੰਦਰ ਕੌਰ ਸ਼ੇਰਗਿੱਲ ਇਕ ਅਜਿਹੀ ਹਸਤਾਖ਼ਰ ਹੈ ਜਿਸ ਵਿੱਚ ਕੁਦਰਤ ਨੇ ਇਹ ਸਾਰੇ ਗੁਣ ਭਰੇ ਵੀ ਹੋਏ ਹਨ ਤੇ ਉਨ੍ਹਾਂ ਦੀ ਪਛਾਣ ਵੀ ਵਾਹਿਗੁਰੂ ਨੇ ਕਰਵਾਈ ਹੈ। ਬਲਵਿੰਦਰ ਕੌਰ ਸ਼ੇਰਗਿੱਲ ਨੇ ਆਪਣੀ ਪਲੇਠੀ ਪੁਸਤਕ 'ਆਖ਼ਿਰ ਕਦੋਂ ਤੱਕ?' ਨਾਲ ਸਾਹਿਤਕ ਖੇਤਰ ਵਿੱਚ ਆਪਣਾ ਕਦਮ ਧਰਿਆ ਹੈ ਤੇ ਉਸ ਦਾ ਇਹ ਕਦਮ ਮੁਬਾਰਕ ਵੀ ਸਿੱਧ ਹੋਇਆ ਹੈ।

ਜੇਕਰ ਬਲਜਿੰਦਰ ਕੌਰ ਸ਼ੇਰਗਿੱਲ ਦੀ ਗੱਲ ਕਰੀਏ ਤਾਂ ਬਲਜਿੰਦਰ ਦੀ ਸਾਹਿਤਕ ਸਿਰਜਣਾ ਵਿੱਚ ਪੰਛੀਆਂ ਲਈ, ਕੁਦਰਤ ਦੀ ਬਖ਼ਸ਼ੀ ਦਾਤ ਦੇ ਦੁਰਉਪਯੋਗ, ਗਵਾਚਦੀਆਂ ਜਾ ਰਹੀਆਂ ਪੁਰਾਤਨ ਵਸਤਾਂ ਵਾਸਤੇ ਚਿੰਤਾ ਸਾਫ਼ ਝਲਕਦੀ ਨਜ਼ਰੀਂ ਪੈਂਦੀ ਹੈ। ਉਹ ਸਮਾਜ ਵਿੱਚ ਹੋਰ ਹੋ ਔਰਤ ਨਾਲ ਦੁਰਵਿਵਹਾਰ ਤੋਂ ਵੀ ਖਾਸਾ ਦੁਖੀ ਦਿਖਾਈ ਦਿੰਦੀ ਹੈ। ਉਹ ਖ਼ੁਦ ਔਰਤ ਹੋਣ ਦੇ ਨਾਤੇ ਔਰਤ ਦਾ ਦੁੱਖ-ਦਰਦ ਸਮਝਦੀ ਹੈ। ਉਹਦੇ ਅੰਦਰੋਂ ਪੈਦਾ ਹੋ ਰਹੇ ਹਾਲਾਤ ਇੱਕ ਚੀਸ ਬਣ ਕੇ ਉੱਠਦੇ ਹਨ ਤੇ ਉਹ ਆਪਣੀ ਮਾਨਸਿਕ ਪੀੜਾ ਦਾ ਬਿਆਨ ਕਰਨ ਲਈ ਉਹ ਕਲਮ ਦਾ ਸਹਾਰਾ ਲੈਂਦੀ ਹੈ। ਬਲਜਿੰਦਰ ਦਾ ਮੰਨਣਾ ਹੈ ਕਿ ਉਸਦਾ ਲੇਖਣੀ ਦਾ ਸ਼ੌਕ ਉਸ ਨੂੰ ਅਖ਼ਬਾਰ ਦੇ ਦਫ਼ਤਰ ਵਿੱਚ ਕੰਮ ਕਰਦਿਆਂ ਪਿਆ। ਆਪਣੀ ਮਿੱਟੀ ਆਪਣੀ ਮਾਤਾ ਭਾਸ਼ਾ ਨਾਲ ਅੰਤਾ ਦਾ ਮੋਹ ਰੱਖਣ ਵਾਲੀ ਬਲਜਿੰਦਰ ਇਸ ਨੂੰ ਬਚਾਉਣ ਦਾ ਯਤਨ ਕਰ ਰਹੀ ਹੈ। ਉਹ ਪ੍ਰਕਿਰਤੀ ਨਾਲ ਜੁੜ ਕੇ ਸਮਾਜ ਨੂੰ ਨਰੋਆ ਤੇ ਸੁਚੱਜਾ ਬਣਾਉਣ ਦੀ ਚਾਹਵਾਨ ਹੈ। ਉਹ ਚਾਹੁੰਦੀ ਹੈ ਕਿ ਪ੍ਰਕਿਰਤੀ ਨਾਲ ਜੁੜ ਕੇ ਆਪਣੀ ਕਲਮ ਦੇ ਜਰੀਏ ਐਸੀ ਸਾਹਿਤਕ ਫ਼ਸਲ ਉਗਾਏ ਜਿਸ ਨਾਲ ਕਿ ਸਮਾਜ, ਵਾਤਾਵਰਣ ਤੇ ਸੱਭਿਆਚਾਰ ਨਰੋਆ ਬਣ ਸਕੇ।




ਬਲਜਿੰਦਰ ਦੀ ਪਲੇਠੀ ਪੁਸਤਕ 'ਆਖ਼ਿਰ ਕਦੋਂ ਤੱਕ?' ਉਸ ਦੇ ਪਿਤਾ ਸ. ਤਰਸੇਮ ਸਿੰਘ ਤੇ ਮਾਤਾ ਸਵਰਨ ਕੌਰ ਨੂੰ ਸਮਰਪਿਤ ਹੈ। ਇਸ ਦੇ ਪ੍ਰਕਾਸ਼ਕ ਸ਼ਹੀਦ ਭਗਤ ਸਿੰਘ ਪ੍ਰਕਾਸ਼ਨ, ਸ਼੍ਰੀ ਮੁਕਤਸਰ ਸਾਹਿਬ ਰੋਡ, ਸਾਦਿਕ (ਫ਼ਰੀਦਕੋਟ), ਪੰਜਾਬ ਹਨ। ਬਲਵਿੰਦਰ ਨੇ ਆਪਣੀ ਇਸ ਪਲੇਠੀ ਪੁਸਤਕ ਵਿੱਚ ਸਾਡੀ ਸੱਭਿਅਤਾ ਦਾ ਹਿੱਸਾ ਮਿੱਟੀ ਦੇ ਬਰਤਨ, ਪੁਰਾਣੇ ਸਮੇਂ ਦੀ ਮੁਲਤਾਨੀ ਮਿੱਟੀ, ਕਿੱਧਰ ਗਈਆਂ ਚਿੜੀਆਂ, ਸੈਲਫ਼ੋਨ ਦੀ ਲਪੇਟ ਵਿੱਚ ਆਇਆ ਇਨਸਾਨ, ਡੈਂਗੂ ਮੱਛਰ, ਛਾਂ ਨਹੀਂ ਲੱਭਣੀ, ਵਾਤਾਵਰਣ 'ਚ ਵਧ ਰਿਹਾ ਪ੍ਰਦੂਸ਼ਣ, ਪਾਣੀ ਦੀ ਹੋ ਰਹੀ ਦੁਰਵਰਤੋਂ, ਕਿਉਂ ਹੁੰਦੀਆਂ ਹਨ ਸਕੂਲੀ ਬੱਸਾਂ ਹਾਦਸੇ ਦਾ ਸ਼ਿਕਾਰ ਆਦਿ ਵਿਸ਼ੇ ਛੋਹੇ ਹਨ। ਇਸ ਦੇ ਨਾਲ ਹੀ ਉਸ ਨੇ ਤਿਉਹਾਰਾਂ ਨਾਲ ਸੰਬੰਧਿਤ ਵਿਸ਼ੇ ਨੂੰ ਛੋਹ ਕੇ ਲਿਖੇ ਲੇਖ ਆਪਣੀ ਇਸ ਪਲੇਠੀ ਪੁਸਤਕ ਦਾ ਹਿੱਸਾ ਬਣਾਏ ਹਨ। ਬਲਜਿੰਦਰ ਕੇਵਲ ਲੇਖ ਹੀ ਨਹੀਂ ਲਿਖਦੀ ਉਸ ਨੇ ਮਿੰਨੀ ਕਹਾਣੀਆਂ ਤੇ ਕਾਵਿ ਸਿਰਜਣਾ ਵਿੱਚ ਵੀ ਹੱਥ ਅਜਮਾਈ ਕੀਤੀ ਹੈ ਤੇ ਆਪਣੀ ਇਸ ਪਲੇਠੀ ਪੁਸਤਕ ਵਿੱਚ ਆਪਣੀ ਸੂਝ ਮੁਤਾਬਕ ਸਥਾਨ ਦਿੱਤਾ ਹੈ। ਬਲਜਿੰਦਰ ਕੌਰ ਸ਼ੇਰਗਿੱਲ ਦੀ ਇਸ ਪਲੇਠੀ ਪੁਸਤਕ ਨੂੰ ਖ਼ੁਸ਼ਾਮਦੀਦ।

## ਗਾਇਕਾ ਸੁਦੇਸ਼ ਕੁਮਾਰੀ 'ਕੁਰਬਾਨੀਆਂ' ਟਰੈਕ ਨਾਲ ਗੁਰੂ ਸਹਿਬਜਾਦਿਆਂ ਨੂੰ ਦੇਵੇਗੀ ਸ਼ਰਧਾਂਜਲੀ

**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ)** – ਪੰਜਾਬ ਦੀ ਸੁਪਰ ਸਟਾਰ ਅਵਾਜ਼ ਦੋਗਾਣਿਆਂ ਤੇ ਸੋਲੋ ਗੀਤਾਂ ਦੀ ਰਾਣੀ ਗਾਇਕਾ ਸ਼ੁਦੇਸ਼ ਕੁਮਾਰੀ ਗੁਰੂ ਸਾਹਿਬ ਦੇ ਸਹਿਬਜਾਦਿਆਂ ਨੂੰ ਆਪਣੇ ਨਵੇਂ ਟਰੈਕ ਕੁਰਬਾਨੀਆਂ ਨਾਲ ਸ਼ਰਧਾਂਜਲੀ ਅਰਪਿਤ ਕਰੇਗੀ। ਇਸ ਸਬੰਧੀ ਵਿਸ਼ੇਸ਼ ਜਾਣਕਾਰੀ ਦਿੰਦਿਆਂ ਪ੍ਰੋਡਿਊਸਰ ਸ਼੍ਰੀ ਰੇਸ਼ਮ ਜੁਗਾੜੀ ਨੇ ਦੱਸਿਆ ਕਿ ਇਸ ਟਰੈਕ ਨੂੰ ਪੇਂਡੂ ਬੀਟ ਰਿਕਾਡਸ ਅਤੇ ਮਿ. ਪੌਲ ਪੇਸ਼ ਕਰ ਰਹੇ ਹਨ। ਕਰਨ ਪ੍ਰਿੰਸ ਦੇ ਸੰਗੀਤ ਨਾਲ ਸ਼ਿੰਗਾਰ ਇਸ ਟਰੈਕ ਨੂੰ ਕਮਲ ਮੇਹਟਾਂ ਯੂ ਕੇ ਦੀ ਕਲਮ ਨੇ ਕਲਮਬੱਧ ਕੀਤਾ ਹੈ।




ਡਾਇਰੈਕਟਰ ਅਕਸ਼ੇ ਵਰਮਾ ਹਨ। ਗਾਇਕਾ ਸ਼ੁਦੇਸ਼ ਕੁਮਾਰੀ ਦੇ ਇਸ ਟਰੈਕ ਨੂੰ ਗੁਰ ਸਿੱਖ ਸੰਗਤਾਂ ਮਣਾ ਮੂੰਹੀ ਪਿਆਰ ਦੇ ਕੇ ਨਿਵਾਜਣਗੀਆਂ। ਸਮੁੱਚੀ ਟੀਮ ਨੂੰ ਅਜਿਹੀ ਪੂਰਨ ਆਸ ਹੈ।

## 'ਬਾਬੇ ਨਾਨਕ ਦੇ ਖੇਤ' ਟਰੈਕ ਨਾਲ ਹਾਜ਼ਰ ਹੋਈ ਗਾਇਕਾ ਪ੍ਰੇਮ ਲਤਾ -ਰੱਤੂ ਰੰਧਾਵਾ

**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ)** – ਪ੍ਰਸਿੱਧ ਗੀਤਕਾਰ ਅਤੇ ਪੇਸ਼ਕਾਰ ਤਾਜ਼ ਇੰਟਰ-ਟੇਨਮੈਂਟ ਦੇ ਸੰਚਾਲਕ ਮਿਸ਼ਨਰੀ ਕਲਮ ਰੱਤੂ ਰੰਧਾਵਾ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਕਿਸਾਨ ਅੰਦੋਲਨ ਨੂੰ ਸਮਰਪਿਤ ਉਨ੍ਹਾਂ ਦੀ ਕਲਮ ਤੋਂ ਲਿਖਿਆ ਇਕ ਵਿਲੱਖਣ ਟਰੈਕ 'ਬਾਬੇ ਨਾਨਕ ਦੇ ਖੇਤ' ਜਿਸ ਨੂੰ ਗਾਇਕਾ ਪ੍ਰੇਮ ਲਤਾ ਨੇ ਗਾਇਆ ਹੈ, ਉਨ੍ਹਾਂ ਦੀ ਟੀਮ ਇਹ ਟਰੈਕ ਲੈ ਕੇ ਹਾਜ਼ਰ ਹੋਈ ਹੈ।





ਇਸ ਟਰੈਕ ਦੀ ਗੱਲਬਾਤ ਕਰਦਿਆਂ ਰੱਤੂ ਰੰਧਾਵਾ ਨੇ ਦੱਸਿਆ ਕਿ ਇਸ ਟਰੈਕ ਨੂੰ ਸੁਰਿੰਦਰ ਬੱਬੂ ਜਨਤਕ ਟੀ ਵੀ ਦੀ ਟੀਮ ਨੇ ਵੀਡੀਓ ਕੀਤਾ ਹੈ ਜਦਕਿ ਇਸ ਟਰੈਕ ਲਈ ਉਨ੍ਹਾਂ ਦੀ ਟੀਮ ਰਾਣਾ ਦੀਵਾਲੀ ਗ੍ਰੀਸ, ਬਿੱਟੂ ਮੌਲੀ ਇੰਡੀਅਨ ਕਮਿਊਨਟੀ ਗ੍ਰੀਸ, ਸੋਨੂੰ ਗ੍ਰੀਸ ਅਤੇ ਪਰਮਿੰਦਰਾ ਆਰਟਸ ਫਗਵਾੜਾ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਹੈ। ਉਕਤ ਮਿਸ਼ਨਰੀ ਗਾਇਕਾਂ ਦੀ ਟੀਮ ਰੱਤੂ ਰੰਧਾਵਾ ਦੀ ਕਮਾਂਡ ਹੇਠ ਦਿੱਲੀ ਵਿਖੇ ਚੱਲ ਰਹੇ ਕਿਸਾਨੀ ਸ਼ੰਘਰਸ਼ ਵਿਚ ਵੀ ਆਪਣੀਆਂ ਹਾਜ਼ਰੀਆਂ ਲਗਵਾ ਕੇ ਆਏ ਹਨ, ਜਿੱਥੇ ਉਨ੍ਹਾਂ ਨੇ ਸਮਾਜ ਨੂੰ ਇਕ ਮੁੱਠ ਹੋ ਕੇ ਕੇਂਦਰ ਸਰਕਾਰ ਦੀਆਂ ਮਨਮਰਜੀਆਂ ਖਿਲਾਫ ਅਵਾਜ਼ ਬੁਲੰਦ ਕਰਨ ਦਾ ਸਾਂਝਾ ਸੰਦੇਸ਼ ਦਿੱਤਾ ਹੈ ਅਤੇ ਕਿਸਾਨਾਂ ਦੇ ਕਾਲੇ ਕਾਨੂੰਨਾ ਨੂੰ ਬਿਨਾ ਕਿਸੇ ਸ਼ਰਤ ਦੇ ਸਰਕਾਰ ਨੂੰ ਤੁਰੰਤ ਖ਼ਤਮ ਕਰਨ ਦੀ ਵੀ ਅਪੀਲ ਕੀਤੀ ਹੈ।

## ਕੇਂਦਰ ਸਰਕਾਰ ਕਿਸਾਨਾਂ ਦੇ ਹੱਕਾਂ ਤੇ ਡਾਕਾ ਨਾ ਮਾਰੇ - ਰਜਨੀ ਜੈਨ ਆਰੀਆ

**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ)** – ਪ੍ਰਸਿੱਧ ਪੰਜਾਬੀ ਤੇ ਸੂਫ਼ੀ ਸਿੰਗਰ ਰਜਨੀ ਜੈਨ ਆਰੀਆ ਲੁਧਿਆਣਾ ਨੇ ਕਿਸਾਨਾਂ ਦੇ ਹੱਕ ਵਿਚ ਆਪਣੀ ਅਵਾਜ਼ ਬੁਲੰਦ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਪ੍ਰਤੀ ਰੁੱਖਾ ਰਵੱਈਆ ਨਾ ਅਪਣਾਵੇ ਅਤੇ ਨਾ ਹੀ ਉਨ੍ਹਾਂ ਦੇ ਹੱਕਾਂ ਤੇ ਕਿਸੇ ਕਿਸਮ ਦਾ ਕੋਈ ਵੀ ਕਾਲਾ ਕਾਨੂੰਨ ਬਣਾ ਕੇ ਡਾਕਾ ਨਾ ਮਾਰੇ। ਇਸ ਮੌਕੇ ਉਨ੍ਹਾਂ ਕਿਹਾ ਕਿ ਦੇਸ਼ ਦਾ ਅੰਨਦਾਤਾ ਜੇਕਰ ਸੜਕਾਂ ਤੇ ਰੁਲਣ ਲਈ ਮਜ਼ਬੂਰ ਹੋ ਗਿਆ ਤਾਂ ਸਮੁੱਚੇ ਅਵਾਮ ਦਾ ਕੀ ਬਣੇਗਾ। ਕਿਉਂਕਿ ਅੱਜ ਹਰ ਇਨਸਾਨ ਕ੍ਰਿਸਾਨ ਦੇ ਖੇਤਾਂ ਦੀ ਫ਼ਸਲ ਤੇ ਨਿਰਭਰ ਹੈ। ਜੇਕਰ ਕਿਸਾਨਾਂ ਨੂੰ ਉਨ੍ਹਾਂ ਦੀ ਖੇਤੀ ਖੋਹ ਕੇ ਉਨ੍ਹਾਂ ਦਾ ਜੀਵਨ ਤਹਿਸ ਨਹਿਸ ਕੀਤਾ ਗਿਆ ਤਾਂ ਸਮੁੱਚਾ ਦੇਸ਼ ਇਕ ਵੱਡੇ ਚੱਕਰਵਿਊ ਵਿਚ ਪੈ ਜਾਵੇਗਾ। ਇਸ ਲਈ ਕਿਸਾਨਾਂ ਦੇ ਖਿਲਾਫ ਬਣਾਏ ਗਏ ਕਾਲੇ ਕਾਨੂੰਨਾ ਨੂੰ ਕੇਂਦਰ ਸਰਕਾਰ ਤੁਰੰਤ ਵਾਪਿਸ ਲਵੇ ਅਤੇ ਕਿਸਾਨਾਂ ਨੂੰ ਉਨ੍ਹਾਂ ਦੇ ਵਿੱਢੇ ਗਏ ਸੰਘਰਸ਼ ਤੋਂ ਮੁਕਤੀ ਦੁਆਵੇ। ਜੇਕਰ ਸਰਕਾਰ ਨੇ ਆਪਣਾ ਅੜੀਅਲ ਵਤੀਰੇ ਵਿਚ ਕਿਸੇ ਵੀ ਕਿਸਮ ਦੀ ਨਰਮੀਂ ਨਾ ਵਰਤੀ ਤਾਂ ਇਸ ਦਾ ਕਿਸਾਨ ਪੱਖੀ ਲੋਕ ਤਿੱਖਾ ਵਿਰੋਧ ਕਰਨਗੇ।








## ਜੀਵਨੀ ਸਾਹਿਤ ਜਨਮ ਦਿਨ 'ਤੇ ਵਿਸ਼ੇਸ਼

# ਗਿਆਨੀ ਜੰਗ ਸਿੰਘ ਜੀ 25 ਦਸੰਬਰ 1913

### ਸੰਖੇਪ ਜੀਵਨੀ ਗਿਆਨੀ ਜੰਗ ਸਿੰਘ ਜੀ 1913-2006

ਗਿਆਨੀ ਜੰਗ ਸਿੰਘ ਜੀ ਲੰਮਾ ਸਮਾਂ ਉਤਰੀ ਅਮਰੀਕਾ ਵਿਚ ਰਹੇ। ਉਹ ਕੁਲਵਕਤੀ ਲੇਖਕ ਸਨ। ਅਮਰੀਕਾ ਆਉਣ ਤੋਂ ਪਹਿਲਾਂ ਹੀ ਉਹ ਪੰਜਾਬੀ ਦੇ ਪ੍ਰੌੜ ਕਵੀ, ਲੇਖਕ ਤੇ ਪੱਤਰਕਾਰ ਸਥਾਪਤ ਹੋ ਚੁੱਕੇ ਸਨ। ਉਹਨਾਂ ਨੇ ਸਮੇਂ ਦੀਆਂ ਸਮੱਸਿਆਵਾਂ ਤੇ ਲੇਖ ਵੀ ਲਿਖੇ। ਉਪਰੰਤ ਬਹੁਤ ਸਾਰੀਆਂ ਕਿਤਾਬਾਂ ਵੀ ਲਿਖੀਆਂ। ਉਹ ਰੂਹਾਨੀ ਸਾਹਿਤ ਦੇ ਵਚਨਬੱਧ ਲੇਖਕ ਸਨ। ਉਹਨਾਂ ਅਨੁਸਾਰ ਧਾਰਮਿਕ ਸਾਹਿਤ ਹੀ ਸਦੀਵੀ ਹੈ, ਜਿਸਦਾ ਰੰਗ ਕਦੇ ਫਿੱਕਾ ਨਹੀਂ ਪੈਂਦਾ। ਦੁਨਿਆਵੀ ਸਾਹਿਤ ਦਾ ਰੰਗ ਸਮਾਂ ਪਾ ਕੇ ਫਿੱਕਾ ਹੋ ਜਾਂਦਾ ਹੈ। ਉਹ ਆਪਣੇ ਸਮਕਾਲੀਆਂ ਨੂੰ ਵੀ ਧਾਰਮਿਕ ਸਾਹਿਤ ਪੜ੍ਹਨ ਅਤੇ ਲਿਖਣ ਲਈ ਪ੍ਰੇਰਦੇ ਸਨ।

ਗਿਆਨੀ ਜੀ ਦਾ ਜਨਮ ਪਿੰਡ ਸੁਖਨਾ (ਫਰੀਦਕੋਟ) ਇਕ ਗਰੀਬ ਕਿਰਸਾਨ ਸੰਤਾ ਸਿੰਘ ਤੇ ਮਾਤਾ ਦਾਨ ਕੌਰ ਜੀ ਦੇ ਗ੍ਰਹਿ ਵਿਖੇ 24 ਦਸੰਬਰ 1913 ਨੂੰ ਹੋਇਆ। ਪੰਜ ਸਾਲ ਦੇ ਸਨ ਕਿ ਉਹਨਾਂ ਦੇ ਮਾਤਾ ਜੀ ਗੁਜ਼ਰ ਗਏ। ਡੰਗਰਾਂ ਦੇ ਛੇੜੂ ਦਾ ਵਿਦਿਆ ਪੜ੍ਹਨ ਦਾ ਸਬੱਬ ਉਦੋਂ ਬਣਿਆ ਜਦੋਂ ਉਦਾਸੀ ਸੰਤਾਂ ਨੇ ਉਹਨਾਂ ਦੇ ਪਿੰਡ ਆ ਡੇਰਾ ਲਾਇਆ। ਸੰਤਾਂ ਨੇ ਜ਼ਮੀਨ ਤੇ ਭੁੱਬਲ ਰੇਤ ਵਿਛਾ ਕੇ ਉਂਗਲੀ ਜਾਂ ਰੀਠੇ ਨਾਲ ਗੁਰਮੁਖੀ ਅੱਖਰ ਉਠਾਣੇ ਸਿਖਾਏ। ਫਿਰ ਪਿੰਡ ਵਿਚ ਸਕੂਲ ਖੁੱਲ੍ਹਣ ਤੇ ਮੁਢਲੀ ਵਿੱਦਿਆ ਪ੍ਰਾਪਤ ਕੀਤੀ ਤੇ ਅੰਮ੍ਰਿਤ ਵੀ ਛਕ ਲਿਆ।

ਗਿਆਨੀ ਜੀ ਦੀ ਵਿੱਦਿਆ ਦੀ ਲਗਨ ਵੇਖ ਕੇ ਪਿਤਾ ਜੀ ਨੇ ਘਰ ਦੀਆਂ ਤੰਗੀਆਂ-ਤੁਰਸ਼ੀਆਂ ਦੇ ਹੁੰਦਿਆਂ ਵੀ ਕਰਜ਼ਾ ਲੈ ਕੇ ਆਪ ਜੀ ਨੂੰ ਅਕਾਲ ਕਾਲਜ ਗੁਰ ਸਾਗਰ ਮਸਤੂਆਣਾ (ਸੰਗਰੂਰ) ਤੋਂ 1931 ਵਿਚ ਗਿਆਨੀ ਪਾਸ ਕਰਵਾਈ। ਉਦੋਂ ਹੀ ਬਰਤਾਨਵੀ ਸਰਕਾਰ ਨੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦਿੱਤੀ ਸੀ। ਜਿਸਦਾ ਗਿਆਨੀ ਜੀ ਦੇ ਮਨ 'ਤੇ ਬਹੁਤ ਅਸਰ ਹੋਇਆ। ਆਪ ਨੇ ਦੇਸ਼ ਭਗਤਾਂ ਦਾ ਇਤਿਹਾਸ ਪੜ੍ਹਿਆ। ਉਹਨਾਂ ਨੇ ਇਕ ਸਾਲ ਦੀ ਬਾਮੁਸ਼ੱਕਤ ਸਜ਼ਾ ਲਾਹੌਰ ਅਤੇ ਮੁਲਤਾਨ ਸੈਂਟਰਲ ਜੇਲ੍ਹਾਂ ਵਿਚ ਕੱਟੀ। ਫਿਰ ਵੀ ਮੋਰਚਿਆਂ ਵਿਚ ਸ਼ਾਮਲ ਹੁੰਦੇ ਰਹੇ। ਆਪ ਪਿੰਡ ਧਰਾਂਗਵਾਲਾ (ਅਬੋਹਰ) ਪੰਜਾਬੀ ਅਧਿਆਪਕ ਲੱਗ ਗਏ।

ਸੰਨ 1935-36 ਵਿਚ ਆਪ ਜੀ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ (ਬੀ. ਐਸ. ਡੀ.) ਬੈਚੂਲਰ ਆਫ ਸਿੱਖ ਡਿਵੀਨਟੀ ਦਾ ਕੋਰਸ ਕੀਤਾ। ਉਸ ਸਮੇਂ ਕਾਲਜ ਦੇ ਪ੍ਰਿੰਸੀਪਲ ਪ੍ਰੋ. ਗੰਗਾ ਸਿੰਘ ਜੀ ਸਨ। ਗਿਆਨੀ ਗੁਰਬਚਲ ਸਿੰਘ ਅਤੇ ਗਿਆਨੀ ਗੁਰਦਾਸ ਸਿੰਘ ਜੀ ਪ੍ਰੋਫੈਸਰ ਸਨ। ਇਹਨਾਂ ਦੀ ਨਿਗਰਾਨੀ ਹੇਠ ਉਘੇ ਪ੍ਰਚਾਰਕ ਅਤੇ ਸਿੱਖ ਨੇਤਾ ਬਣੇ ਸਨ। ਗਿਆਨੀ ਜੀ ਦੇ ਸਹਿਪਾਠੀਆਂ ਵਿਚ: ਮਾਸਟਰ ਅਜੀਤ ਸਿੰਘ ਅੰਬਾਲਵੀ, ਸਾਬਕਾ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਆਨੰਦਪੁਰ ਸਾਹਿਬ, ਗਿਆਨੀ ਲਾਲ ਸਿੰਘ ਜੀ ਦੌਧਰ, ਸਾਬਕਾ ਚੇਅਰਮੈਨ ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਸ. ਅਮਰ ਸਿੰਘ ਜੀ ਦੁਸਾਂਝ, ਮੈਨੇਜਿੰਗ ਡਾਇਰੈਕਟਰ ਰੋਜ਼ਾਨਾ ਅਕਾਲੀ ਪੱਤ੍ਰਿਕਾ, ਗਿਆਨੀ ਕਰਤਾਰ ਸਿੰਘ ਜੀ ਢੁੱਡੀਕੇ, ਗਿ: ਮਹਿੰਦਰ ਸਿੰਘ ਜੀ ਮੁਕਤਸਰ ਆਦਿ ਸਨ।

ਆਪ ਅਕਾਲੀ ਜਥਾ ਤਹਿਸੀਲ ਮੁਕਤਸਰ ਦੇ ਸਕੱਤਰ ਬਣ ਗਏ। ਆਪ ਨੇ ਅਕਾਲ ਦਲ ਦੇ ਇਜਲਾਸਾਂ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਜਿਸ ਨਾਲ ਆਪ ਨੂੰ ਧਾਰਮਿਕ ਸੂਝ ਅਤੇ ਇਤਿਹਾਸ ਦਾ ਗਿਆਨ ਪ੍ਰਾਪਤ ਹੋਇਆ। ਆਪ ਇਕ ਚੰਗੇ ਲਿਖਾਰੀ ਤੇ ਵਕਤਾ ਬਣ ਗਏ। ਧਾਰਮਿਕ ਮੰਚਾਂ ਤੇ ਅਕਸਰ ਭਾਸ਼ਣ ਦੇਣ ਲੱਗ ਪਏ ਸਨ। ਆਪ ਨੇ ਬਤੌਰ ਸਿੱਖ ਮਿਸ਼ਨਰੀ ਪ੍ਰਚਾਰਕ ਉਤਰ ਪ੍ਰਦੇਸ਼ ਬਾਂਸ ਬਰੇਲੀ, ਬੰਦਾਯੂ ਤੇ ਬੁਲੰਦ ਸ਼ਹਿਰ ਵਿਚ ਅੰਮ੍ਰਿਤ ਸੰਚਾਰ ਦੀ ਸੇਵਾ ਨਿਭਾਈ। ਆਪ ਸਿੱਖ ਧਰਮ ਦੇ ਸਮਰਪਿਤ ਪ੍ਰਚਾਰਕ ਬਣ ਗਏ। ਆਪ ਨੇ ਮਲੇਸ਼ੀਆ ਦਾ ਵੀ ਪ੍ਰਚਾਰਕ ਦੌਰਾ ਕੀਤਾ। ਆਪ ਨੇ 'ਖਾਲਸਾ ਸੇਵਕ' ਅਖਬਾਰ ਰਾਹੀਂ ਪੱਤਰਕਾਰੀ ਦਾ ਕੰਮ ਸ਼ੁਰੂ ਕੀਤਾ, ਫਿਰ 'ਅਕਾਲੀ ਪੱਤਰਿਕਾ', 'ਕੌਮੀ ਦਰਦ' ਆਦਿ ਅਖਬਾਰਾਂ ਵਿਚ ਪੱਤਰਕਾਰੀ ਦਾ ਹੁਨਰ ਅਜਮਾਇਆ। ਪੱਤਰਕਾਰੀ ਵਿਚ ਆਪ ਜੀ ਦਾ ਵਿਸ਼ੇਸ਼ ਸਥਾਨ ਸੀ।

ਆਪ ਜੀ ਨੂੰ 1976-77 ਵਿਚ ਸਿੱਖ ਰੈਫਰੈਂਸ ਲਾਇਬ੍ਰੇਰੀ ਤੇ ਸਿੱਖ ਇਤਿਹਾਸ ਰਿਸਰਚ ਬੋਰਡ ਦਾ ਮੁਖੀ ਬਣਾਇਆ ਗਿਆ। ਸੰਨ 1977 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਵਿੱਤਰ ਨਗਰ ਅੰਮ੍ਰਿਤਸਰ ਸ਼ਹਿਰ ਦਾ 400 ਸਾਲਾ ਸਥਾਪਨਾ ਦਿਵਸ ਉਤੇ ਉਹਨਾਂ ਕੋਲੋਂ 'ਅੰਮ੍ਰਿਤਸਰ ਸਿਫਤੀ ਦਾ ਘਰ' ਕਿਤਾਬ ਲਿਖਵਾਈ। ਗਿਆਨੀ ਜੀ ਨੇ ਉਭਰ ਰਹੇ ਲੇਖਕਾਂ ਦੀਆਂ ਰਚਨਾਵਾਂ ਛਾਪਣ ਲਈ ਪੰਜਾਬੀ ਰਾਇਟਰਜ਼ ਕੋਆਪਰੇਟਿਵ ਸੁਸਾਇਟੀ ਲਿਮਿਟਡ ਲੁਧਿਆਣਾ ਦੀ ਸਥਾਪਨਾਂ ਕੀਤੀ, ਜਿਸ ਨੇ ਬਹੁਤ ਸਾਰਾ ਧਾਰਮਿਕ ਸਾਹਿਤ ਕਿਤਾਬਾਂ ਵਿਚ ਛਾਪਿਆ ਹੈ।

ਸੰਨ 1982 ਵਿਚ ਅਮਰੀਕਾ ਆਣ ਵੱਸੇ। ਇੱਥੇ ਸਾਹਿਤਕ ਤਜਰਬੇ ਨੂੰ ਵਧਾਉਂਦਿਆਂ ਕਿਤਾਬ ਲਿਖੀ 'ਨੇੜਿਉਂ ਤੱਕਿਆ ਅਮਰੀਕਾ'। ਜਿਸ ਵਿਚ ਆਪਣੀ ਕੌਮ ਪ੍ਰਤੀ ਅੰਤਾਂ ਦਾ ਦਰਦ ਅਤੇ ਸੁਹਿਰਦਤਾ ਜਾਹਿਰ ਕੀਤੀ ਹੈ। ਘੋਰ ਨਸਲਵਾਦ ਅਤੇ ਪ੍ਰਵਾਸੀਆਂ ਪ੍ਰਤੀ ਕੀਤੇ ਜਾ ਰਹੇ ਦੁਰਵਿਵਹਾਰ ਨੂੰ ਦੇਖਦਿਆਂ, ਰੋਹ ਦਾ ਪ੍ਰਗਟਾਵਾ ਨਹੀਂ ਕੀਤਾ। ਸਗੋਂ ਉਸ ਤੋਂ ਸੁਚੇਤ ਹੋ ਕੇ ਨਿਖੜਵੇਂ ਰੂਪ ਵਿਚ ਵੱਖਰੀ ਪਛਾਣ ਰੱਖਣ ਦੀ ਦਿਸ਼ਾ ਬੜੇ ਪ੍ਰਪੱਕ ਅਤੇ ਸੁਲਝੇ ਤਰੀਕੇ ਨਾਲ ਦੱਸੀ ਹੈ। ਊਣਤਾਈਆਂ ਅਤੇ ਉਲਝਣਾਂ ਨੂੰ ਦੂਰ ਕਰਨ ਨਹੀ ਗੁਰਬਾਣੀ ਦਾ ਮਾਰਗ ਦੱਸਿਆ ਹੈ। ਆਪ ਨੇ ਦਰਜਨ ਤੋਂ ਵਧ ਧਾਰਮਿਕ ਪੁਸਤਕਾਂ ਦੀ ਰਚਨਾ ਕੀਤੀ ਹੈ। ਆਪ ਦੇ ਅਮਰੀਕਾ ਰਹਿੰਦੇ ਜੀਵਨ ਦੀ ਵੱਡੀ ਪ੍ਰਾਪਤੀ ਹੈ ਕਿ ਉਹਨਾਂ ਨੂੰ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ ਦੀ ਮਿੱਤਰਤਾ ਮਿਲੀ। ਦੋਹਾਂ ਨੇ ਲੰਮੀਆਂ ਗੋਸ਼ਟੀਆਂ ਤੋਂ ਬਾਅਦ ਧਾਰਮਿਕ ਸਾਹਿਤ ਦੀ ਰਚਨਾ ਕੀਤੀ। ਦੋਹਾਂ ਦੀ ਸਾਂਝੀ ਪੁਸਤਕ ਹੈ: 'ਸੱਚੀ ਪ੍ਰੀਤ' ਬਾਣੀ ਭਗਤ ਰਵਿਦਾਸ ਜੀ ਵਿਆਖਿਆ। ਆਪ ਦੋਵੇਂ ਆਪਣੇ ਖੇਤਰ, ਇਲਾਕੇ ਵਿਚ ਧਾਰਮਿਕ ਲੇਖਣੀ ਕਰਕੇ ਪ੍ਰਮੁੱਖ ਰਹੇ ਹਨ। ਗਿਆਨੀ ਜੀ ਨੇ ਆਜਾਦ ਜਲੰਧਰੀ ਜੀ ਨਾਲ ਅਖੀਰ ਤੱਕ ਸੱਚੀ-ਸੁੱਚੀ ਦੋਸਤੀ ਨਿਭਾਈ।


ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਾਹਿਤਕਾਰਾਂ ਦੇ ਵਿਚਾਰਾਂ ਤੇ ਆਧਾਰਿਤ ਗਿਆਨੀ ਜੰਗ ਸਿੰਘ ਅਤੇ ਆਜ਼ਾਦ ਜਲੰਧਰੀ 'ਅਭਿਨੰਦਨ ਗ੍ਰੰਥੀ' ਦੀ ਸੰਪਾਦਨਾ ਹੋਈ ਹੈ। ਆਮ ਤੌਰ ਤੇ ਅਭਿਨੰਦਨ ਗ੍ਰੰਥ ਕਿਸੇ ਵਿਸ਼ੇਸ਼ ਵਿਅਕਤੀ ਜਾਂ ਸਾਹਿਤਕਾਰ ਦੇ ਗੁਜ਼ਰ ਜਾਣ ਤੋਂ ਬਾਅਦ ਰਚਿਆ ਜਾਂਦਾ ਹੈ। ਪਰ ਇਹ ਦੋਵੇਂ ਖੁਸ਼ਕਿਸਮਤ ਹਨ ਕਿ ਇਨ੍ਹਾਂ ਦੇ ਜਿਉਂਦੇ ਹੀ ਇਹਨਾਂ ਦੀ ਸਮੁੱਚੀ ਰਚਨਾ ਨੂੰ ਸਾਂਭਿਆ ਗਿਆ ਹੈ।

ਗਿਆਨੀ ਜੀ ਧਾਰਮਿਕ ਅਤੇ ਸਾਹਿਤਕ ਸੰਸਥਾਵਾਂ ਦੇ ਮੋਢੀਆਂ ਵਿਚੋਂ ਸਨ। ਇਸੇ ਸੰਦਰਭ ਵਿਚ ਉਹਨਾਂ ਨੇ 'ਪੰਜਾਬੀ ਸਾਹਿਤ ਪਬਲੀਕੇਸ਼ਨ' ਟਰੱਸਟ ਅਮਰੀਕਾ ਦੀ ਸਥਾਪਨਾ ਕੀਤੀ, ਜਿਸਦਾ ਮਨੋਰਥ ਸੀ ਕਿ ਵਿਦੇਸ਼ਾਂ ਵਿਚ ਆਣ ਵੱਸੇ ਪੰਜਾਬੀਆਂ ਨੂੰ ਆਪਣੇ ਧਰਮ, ਮਾਂ ਬੋਲੀ ਪੰਜਾਬੀ, ਆਪਣੇ ਗੌਰਵਮਈ ਕੀਮਤੀ ਵਿਰਸੇ ਸਭਿਆਚਾਰ ਦੀਆਂ ਉਚੀਆਂ-ਸੁੱਚੀਆਂ ਕਦਰਾਂ ਕੀਮਤਾਂ ਨੂੰ ਕਾਇਮ ਰੱਖਣ ਤੇ ਪ੍ਰਫੁੱਲਿਤ ਕਰਨ ਲਈ ਸਰਬੱਤ ਦੇ ਭਲੇ ਲਈ ਉਸਾਰੂ ਰੁਚੀਆਂ ਨੂੰ ਉਭਾਰਨ ਪ੍ਰਚਾਰਨ ਵਾਲੀਆਂ ਤੇ ਮਾਨਵਤਾ ਨੂੰ ਇਕ ਪਿਆਰ ਦੀ ਲੜੀ ਵਿਚ ਪਰੋਣ ਵਾਲੀ ਸੋਚ ਨੂੰ ਉਭਾਰਨ ਵਾਲੀਆਂ ਸਾਹਿਤਕ ਰਚਨਾਵਾਂ ਨੂੰ ਵੱਧ ਤੋਂ ਵੱਧ ਪ੍ਰਕਾਸ਼ਿਤ ਕਰਨਾ ਹੈ। ਉੱਚ ਪੱਧਰ ਦੀਆਂ ਪੁਸਤਕਾਂ ਲਿਖਣ ਵਾਲੇ ਵਿਦਵਾਨਾਂ ਕੋਲ ਦੇਸ਼ ਵਿਦੇਸ਼ ਵਿਚ ਬਹੁਤ ਸਾਰਾ ਪੰਜਾਬੀ ਸਾਹਿਤ ਅਣਛਪਿਆ ਹੈ। ਪਰ ਉਹ ਆਪਣੀਆਂ ਆਰਥਿਕ ਮਜਬੂਰੀਆਂ ਕਰਕੇ ਜਾਂ ਕਿਸੇ ਕਾਰਨ ਛਪਵਾਉਣ ਤੋਂ ਅਸਮਰੱਥ ਹਨ। ਜੇਕਰ ਟਰੱਸਟ ਉਹਨਾਂ ਨੂੰ ਛਾਪਣ ਦਾ ਉਪਰਾਲਾ ਕਰੇ ਤਾਂ ਉਹਨਾਂ ਦੀ ਮਿਹਨਤ ਦੇ ਬੜੇ ਸਾਰਥਿਕ ਨਤੀਜੇ ਨਿਕਲ ਸਕਦੇ ਹਨ ਅਤੇ ਪੰਜਾਬੀ ਸਾਹਿਤ ਦਾ ਸਾਰੀ ਦੁਨੀਆਂ ਵਿਚ ਬੋਲਬਾਲਾ ਹੋ ਸਕਦਾ ਹੈ।

ਟਰੱਸਟ ਦੀ ਪਹਿਲੀ ਇਕੱਤਰਤਾ 16 ਨਵੰਬਰ 2004 ਨੂੰ ਹੋਈ। ਗਿਆਨੀ ਜੰਗ ਸਿੰਘ ਜੀ ਅਤੇ ਆਜ਼ਾਦ ਜਲੰਧਰ ਜੀ ਮੁਢਲੇ ਮੈਂਬਰਾਂ ਨੇ ਕਾਰਜਕਾਰਨੀ ਦੀ ਚੋਣ ਕੀਤੀ, ਜਿਸ ਵਿਚ: ਕੁਲਜੀਤ ਰਾਏ, ਪ੍ਰਧਾਨ, ਪ੍ਰਮਿਦਰ ਸਿੰਘ ਪ੍ਰਵਾਨਾ, ਜਲਰਲ ਸਕੱਤਰ, ਬਲਦੇਵ ਮਦਹਾਰ, ਲੇਖਾ ਅਫਸਰ, ਸਰਪ੍ਰਸਤਾਂ ਵਿਚ ਹਰਭਜਨ ਸਿੰਘ ਬੈਂਸ, ਡਾ. ਗੁਰੂਮੇਲ ਸਿੰਘ ਸਿੱਧੂ, ਪ੍ਰੋ. ਆਤਮਜੀਤ ਸਿੰਘ ਸੈਨਹੋਜ਼ੇ ਸਟੇਟ ਯੂਨੀਵਰਸਿਟੀ। ਮੈਂਬਰਾਂ ਵਿਚ ਡਾ. ਅਜੀਤਪਾਲ ਸਿੰਘ, ਡਾ. ਰਾਜਿੰਦਰ ਸਿੰਘ, ਡਾ. ਹਰਦੇਵ ਸਿੰਘ ਮਾਂਗਟ। ਟਰੱਸਟ ਵੱਲੋਂ ਵੱਡੇ ਪੱਧਰ ਤੇ ਧਾਰਮਿਕ ਸਮਾਗਮ ਕਰਵਾਉਣ ਲਈ ਜਨਵਰੀ, ਅਪ੍ਰੈਲ, ਜੂਨ ਵਿਚ ਇਕੱਤਰਤਾਵਾਂ ਹੋਈਆਂ। ਜੂਨ 25, 2005 ਨੂੰ ਟਰੱਸਟ ਦਾ ਪਹਿਲਾ ਵੱਡੀ ਪੱਧਰ ਤੇ ਧਾਰਮਿਕ ਸਮਾਗਮ ਹੋਇਆ, ਜਿਸ ਵਿਚ ਧਾਰਮਿਕ ਖੋਜ ਪਤਰ ਪੜ੍ਹੇ ਗਏ। ਪੁਸਤਕਾਂ ਲੋਕ ਅਰਪਣ ਹੋਈਆਂ, ਧਾਰਮਿਕ ਕਵੀ ਦਰਬਾਰ, ਪੁਸਤਕ ਪ੍ਰਦਰਸ਼ਨੀ ਅਤੇ ਨਾਮਵਰ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਮੰਚ ਸੰਚਾਲਨ ਪ੍ਰਮਿੰਦਰ ਸਿੰਘ ਪ੍ਰਵਾਨਾ, ਜਨਰਲ ਸਕੱਤਰ ਵੱਲੋਂ ਕੀਤਾ ਗਿਆ ਅਤੇ ਪ੍ਰੈਸ ਵਿਚ ਸਮਾਗਮ ਦਾ ਸੁਨੇਹਾ ਛਪਵਾਇਆ ਆਦਿ।

ਇਹ ਇਕ ਯਾਦਗਾਰੀ ਸਮਾਗਮ ਹੋ ਨਿਬੜਿਆ। ਭਾਈਚਾਰੇ ਨੇ ਵੱਡੀ ਗਿਣਤੀ ਵਿਚ ਸ਼ਾਮਲ ਹੋ ਕੇ ਇਸ ਸਾਰਥਕ ਧਾਰਮਿਕ ਪ੍ਰੋਗਰਾਮ ਦਾ ਭਰਪੂਰ ਆਨੰਦ ਮਾਣਿਆ। ਗਿਆਨੀ ਜੀ ਦੀ ਸਮੁੱਚੀ ਰਚਨਾ ਦੀਆਂ ਵਿਸ਼ੇਸ਼ਤਾਈਆਂ ਹਨ ਕਿ ਰਚਨਾ ਮਨ ਨੂੰ ਮੋਹਦੀ, ਰੂਹ ਨੂੰ ਨਸ਼ਿਆਉਂਦੀ ਤੇ ਚਿੱਤ ਨੂੰ ਹੁਲਾਸ ਬਖਸ਼ਦੀ ਹੈ।

ਵਿਚਾਰਾਂ ਦੀ ਮੌਲਿਕਤਾ, ਗਿਆਨ ਦੀ ਡੂੰਘਿਆਈ, ਵਿਸ਼ੇ ਦੀ ਪਕੜ, ਸਰਲ ਸ਼ੈਲੀ, ਰੌਚਿਕਤਾ ਪ੍ਰਦਾਨ ਕਰਦੀ ਹੈ। ਮਨ ਦੇ ਪੱਖੋਂ ਕੋਮਲ ਭਾਵੀ ਅਤੇ ਤੀਖਣ ਬੁੱਧੀ ਦੇ ਮਾਲਕ ਹੋਣ ਕਰਕੇ ਆਪਣੀ ਗੱਲ ਕਹਿਣ ਵਿਚ ਸੰਜਮਤਾ ਅਤੇ ਠਰ੍ਹੰਮਾ ਹੈ। ਗਿਆਨੀ ਜੀ ਅੰਦਰ ਧਰਮ ਦੀ ਭਾਵਨਾ ਅਤੇ ਤੀਬਰਤਾ ਛੱਲਾਂ ਮਾਰਦੀ ਹੈ।

ਉਹ ਆਪਣੇ ਆਪ ਨੂੰ ਗੁਰ-ਚਰਨਾਂ ਦਾ ਭੰਵਰਾ ਦੱਸਦੇ ਹਨ। ਗੁਰਬਾਣੀ ਦੀਆਂ ਸੁਗੰਧੀਆਂ ਪ੍ਰਾਪਤ ਕਰਕੇ ਇਸ ਸੰਸਾਰ ਵਿਚ ਵੰਡਣ ਲਈ ਸਮਰਪਿਤ ਰਹੇ ਸਨ।

ਆਪ ਜੀ ਦੀ ਲੇਖਣੀ ਦਾ ਸਫਰ 7 ਦਹਾਕਿਆਂ ਤੋਂ ਉਪਰ ਹੈ। ਆਪਣੀ ਉਮਰ ਦੀ ਤਰਨਿਵੇਂ ਸਾਲ 23 ਜਨਵਰੀ 2006 ਨੂੰ ਅਕਾਲ ਚਲਾਣਾ ਕਰ ਗਏ। ਉਹ ਆਪਣੀ ਲੇਖਣੀ ਕਰਕੇ ਵੀ ਰੂਹਾਨੀ ਲਈ ਹਮੇਸ਼ਾ ਯਾਦ ਰਹਿਣਗੇ।

**ਅੰਤਿਕਾ:-** ਜੈਤਸਰੀ ਦੀ ਵਾਰ ਵਿਚ ਬਾਣੀ ਦੇ ਬੋਹਿਥ ਤੇ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਮਹਾਰਾਜ ਹਰਿ ਜਸ ਲਿਖਣ ਵਾਲੇ ਹੱਥਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਥਨ ਕਰਦੇ ਹਨ:


ਮੈਂ ਉਹਨਾਂ ਬੰਦਿਆਂ ਤੋਂ ਸਦਾ ਕੁਰਬਾਨ ਜਾਂਦਾ ਹਾਂ ਜੋ ਪ੍ਰਭੂ ਦੀਆਂ ਗੱਲਾਂ ਸੁਣਦੇ ਹਨ। ਉਹ ਮਨੁੱਖ ਸਭ ਗੁਣਾਂ ਵਾਲੇ ਤੇ ਸਭ ਤੋਂ ਚੰਗੇ ਹਨ। ਜੋ ਪ੍ਰਭੂ ਅੱਗੇ ਸਿਰ ਨਿਵਾਉਂਦੇ ਹਨ। ਉਹਨਾਂ ਦੇ ਉਹ ਹੱਥ ਸੋਹਣੇ ਲੱਗਦੇ ਹਨ, ਜੋ ਬੇਅੰਤ ਪ੍ਰਭੂ ਦੀ ਸਿਫਤ ਸਲਾਹ ਲਿਖਦੇ ਹਨ। ਤੇ ਉਹ ਪੈਰ ਪਵਿੱਤਰ ਹਨ ਜੋ ਪ੍ਰਭੂ ਦੇ ਰਾਹ ਤੇ ਤੁਰਦੇ ਹਨ। ਅਜਿਹੇ ਸੰਤਾਂ ਦੀ ਸੰਗਤ ਵਿਚ ਦੁੱਖ ਵਿਕਾਰਾਂ ਤੋਂ ਬਚਾਓ ਹੋ ਜਾਂਦਾ ਹੈ। ਸਾਰਾ ਦੁੱਖ ਦੂਰ ਹੋ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਅੰਗ 709

# ਪੰਜਾਬੀ ਮਨੋਰੰਜਨ ਸਮਾਚਾਰ - ਅੰਮ੍ਰਿਤ ਪਵਾਰ








### ਰਾਜਨ ਬੱਤਰਾ ਟੀ.ਵੀ. ਤੇ

ਦਰਜਨਾਂ ਹਿੱਟ ਪੰਜਾਬੀ ਫਿਲਮਾਂ 'ਮੇਲ ਕਰਾਦੇ ਰੱਬਾ' ਤੋਂ 'ਯਾਰ ਅਣਮੁੱਲੇ' ਬਣਾ ਚੁੱਕੇ ਪੰਜਾਬੀ ਫਿਲਮਾਂ ਦੇ ਸ਼ੋਅਮੈਨ ਰਾਜਨ ਬੱਤਰਾ ਨੂੰ ਜੀ.ਪੰਜਾਬੀ ਨੇ ਆਪਣੇ ਚੈਨਲ ਲਈ ਵਧੀਆ ਸੀਰੀਜ਼ ਬਣਾਉਣ ਲਈ ਪਹੁੰਚ ਕੀਤੀ ਹੈ। ਜਲਦੀ ਹੀ ਰਾਜਨ ਬੱਤਰਾ 'ਮਾਵਾਂ ਠੰਡੀਆਂ ਛਾਵਾਂ' ਸੀਰੀਜ ਜੀ.ਪੰਜਾਬੀ ਤੇ ਲਿਆਉਣਗੇ।

### ਰੰਗ ਬਰੰਗੀ-ਅਨੂ ਚੌਧਰੀ

ਅਨੂ ਚੌਧਰੀ ਨੇ ਸੰਦੀਪ ਤੇ ਪ੍ਰੀਤ ਸਿੱਧੂ ਦੀ ਪੰਜਾਬੀ ਵੈਬ-ਸੀਰੀਜ਼ 'ਰੰਗ ਬਰੰਗੀ' ਕੀਤੀ ਹੈ। ਵੈਬ-ਸੀਰੀਜ਼ ਸੋਨਮ ਕੌਰ ਸੰਦੀਪ ਸਿੰਘ, ਪ੍ਰੀਤ ਸਿੱਧੂ, ਅਨੂ ਚੌਧਰੀ, ਲਾਡਾ ਕੰਬੋਜ਼, ਪੂਨਮ ਤੇ ਪੂਜਾ ਇਸ ਸੀਰੀਜ ਦੇ ਮੁੱਖ ਸਿਤਾਰੇ ਹਨ। ਅਨੂ ਚੌਧਰੀ 2021 'ਰੰਗ ਬਰੰਗੀ' ਸ਼ੁਰੂਆਤ।

### ਵਾਰਿਸ ਅਲੀ-ਕਿਸਾਨ ਦੀ ਸੁਣੋ

ਪਾਲੀਵੁੱਡ ਦੇ ਐਕਸ਼ਨ ਡਾਇਰੈਕਟਰ ਵਾਰਿਸ ਅਲੀ ਕੋਲ ਬਹੁਤ ਕੰਮ ਹੈ। ਲਘੂ ਫਿਲਮਾਂ, ਵੀਡਿਉਜ਼ ਤੇ ਵੈਬ ਸੀਰੀਜ਼। 'ਰੰਗ ਬਰੰਗੀ' ਦੇ ਐਕਸ਼ਨ ਉਸ ਸਾਊਥ ਫਿਲਮਾਂ ਦੀ ਤਰ੍ਹਾਂ ਕਰਵਾਏ ਹਨ। ਵਾਰਿਸ ਅਲੀ ਨੇ ਇਸ ਸਮੇਂ ਸਾਰੀ ਐਕਸ਼ਨ ਇੰਡਸਟਰੀ, ਫਾਈਟਰਜ਼ ਤੇ ਐਕਸ਼ਨ ਮਾਸਟਰਜ ਨੂੰ ਕਿਹਾ ਕਿ ਕਿਸਾਨ ਦੀ ਮਦਦ ਕਰੋ, ਉਹਨਾਂ ਨਾਲ ਚਲੋ।

### ਰਾਣਾ ਸੰਧੂ-ਸੰਦੀਪ ਕੌਰ ਸ਼ਾਦੀ ਜਿੰਦਾਬਾਦ

ਯੂ.ਕੇ. ਦੇ ਪ੍ਰਸਿੱਧ ਪੰਜਾਬੀ ਗਾਇਕ ਰਾਣਾ ਸੰਧੂ ਦੀ ਕਾਮਯਾਬੀ 'ਚ ਅਹਿਮ ਯੋਗਦਾਨ ਸੰਦੀਪ ਕੌਰ ਦਾ ਹੈ। ਹੁਸਨਪਰੀ ਸੰਦੀਪ ਦੀ ਸ਼ਹਿਦ ਭਰੀ ਅਵਾਜ਼ ਤੇ ਪਤੀ ਦੇਵ ਰਾਣਾ ਸੰਧੂ ਦੇ ਕਦਮਾਂ ਦੀ ਦਾਸੀ ਬਣ ਦਿੱਤੇ ਸਾਥ ਨੇ ਦੋਹਵਾਂ ਦੀ ਵਿਆਹੁਤਾ ਜਿੰਦਗੀ ਰਾਜੇ-ਰਾਣੀ ਜਿਹੀ ਬਣਾਈ ਹੈ। ਰਾਣਾ ਤੇ ਸੰਦੀਪ ਨੇ ਵਿਆਹ-ਵਰੇਗੰਢ ਤੇ ਕਿਹਾ ਜਲਦੀ ਦੋਹਵੇਂ ਪਰਦੇ ਤੇ ਵੀ ਆਵਾਂਗੇ।

### ਸਤਿੰਦਰ ਸੱਤੀ-ਹੁਸਨ ਹੱਟੀ

ਅੱਜ ਵੀ ਸਤਿੰਦਰ ਸੱਤੀ ਦਾ ਪੂਰਾ ਕਰੇਜ਼ ਹੈ। ਟੀ.ਵੀ. ਦੀ ਮਲਿਕਾ ਹੈ। ਸੋਅਜ਼ ਦੀ ਕਮੀ ਨਹੀਂ ਤੇ ਸੱਤੀ ਨੇ ਕਿਸਾਨੀ ਹੱਕ 'ਚ ਨਾਅਰਾ ਬੁਲੰਦ ਕੀਤਾ ਹੈ। ਸੱਤੀ ਸਬੰਧੀ ਸਪਨ ਮਨਚੰਦਾ ਨੇ ਇੱਕ ਕਿਤਾਬ ਦੀ ਪ੍ਰਸੰਸਾ ਕੀਤੀ ਹੈ।

### ਪੂਜਾ ਗੋਦਾਰਾ

ਹਰਿਆਣੇ ਦੀ ਅਭਿਨੇਤਰੀ ਪੂਜਾ ਗੋਦਾਰਾ ਪੰਜਾਬੀ ਮਨੋਰੰਜਨ ਖੇਤਰ 'ਚ ਆਈ ਹੈ। ਵੈਬ ਸੀਰੀਜ਼ 'ਰੰਗ ਬਰੰਗੀ' ਉਹ ਕਰ ਰਹੀ ਹੈ। ਪੂਜਾ ਦੇ ਭਵਿੱਖ ਲਈ ਦੁਆਵਾਂ।

# ਮਿੱਟੀ ਦਾ ਮੋਹ

ਮਿੱਟੀ ਨਾਲ ਮਿੱਟੀ ਹੋ ਕੇ
ਮਿੱਟੀ 'ਚੋਂ ਅੰਨ ਪੈਦਾ ਕਰਦੇ
ਸਭ ਦਾ ਢਿੱਡ ਭਰਦੇ
ਅੰਨ ਦਾਤੇ ਨੂੰ ਮੁਨਾਫੇ ਦੇ ਲੋਭ 'ਚ
ਮਿੱਟੀ ਕਰਨ 'ਤੇ ਤੁੱਲਿਆ ਹੋਇਆ
ਲੋਟੂ ਸ਼ਾਹੂਕਾਰਾਂ ਦੀਆਂ ਗਿਰਝਾਂ ਦਾ ਟੋਲਾ।



ਕੇਹਰ ਸ਼ਰੀਫ
+49 173 3546050

ਹਰ ਮੌਸਮ ਨਾਲ ਝਗੜਨ ਵਾਲਾ
ਹਰ ਮੌਸਮ ਨੂੰ ਬਦਲਣ ਵਾਲਾ
ਬਾਬਾ ਅਸਮਾਨ ਵੱਲ ਤੱਕਦਾ ਹੈ
ਤੇ ਉੱਠ ਤੁਰਦਾ ਹੈ ਆਪਣੇ ਰਾਹ
ਜੋ ਵਡੇਰਿਆਂ ਨੇ ਸਿਰਜਿਆ ਸੀ
ਆਪਣੇ ਵਿਰਸੇ ਦਾ ਲੜ ਫੜਕੇ
ਆਪਣੇ ਹੱਕਾਂ ਦੀ ਪੈੜ ਨੱਪਦਿਆਂ
ਲਲਕਾਰਦਾ ਹੋਇਆ ਆਖਦਾ ਹੈ

ਸਾਡੇ ਸੁਪਨਿਆਂ ਨੂੰ ਕਤਲ ਕਰਨ ਦਾ
ਸੁਪਨਾ ਲੈਣ ਵਾਲਿਉ
ਸਾਡਾ ਤਾਂ ਇਕ ਪੋਰਸ ਹੀ ਮਾਣ ਨਹੀਂ ਸੀ
ਅਸੀਂ ਬਹੁਤ ਸਾਰੇ ਉਸਦੇ ਵਾਰਿਸ ਇਕੱਠੇ ਹਾਂ
ਤੁਹਾਨੂੰ ਪਤਾ ਹੀ ਹੈ ਕਿ
ਸਿਕੰਦਰ-ਏ - ਆਜ਼ਮ ਕਹਾਉਣ ਵਾਲੇ ਦਾ
ਮੂੰਹ ਮੋੜਨਾ ਵੀ ਅਸੀਂ ਜਾਣਦੇ ਹਾਂ
ਇਹ ਇਸੇ ਧਰਤੀ 'ਤੇ ਵਾਪਰਿਆ ਸੀ।

ਇਹ ਜੋ ਤੁਸੀਂ ਕਹਿੰਦੇ ਹੋ ਕਿ ਅਸੀਂ
ਆਪਣਾ ਆਪ ਤੁਹਾਡੇ ਹਵਾਲੇ ਕਰ ਦੇਈਏ
ਇਹ ਸਾਨੂੰ ਨਹੀਂ ਪੁੱਗਦਾ
ਅਸੀਂ ਆਪਣੀ ਬਰਬਾਦੀ ਵਾਲੀ ਵਹੀ 'ਤੇ
ਅੰਗੂਠਾ ਕਿਵੇਂ ਲਾ ਸਕਦੇ ਹਾਂ ?

ਸਾਡੇ ਸੇਵਾਦਾਰ ਹੋ ਕੇ, ਸਾਨੂੰ ਅੱਖਾਂ ਨਾ ਵਿਖਾਉ
ਅਸੀਂ ਹਰ ਹਾਲ ਲੜਾਂਗੇ, ਅਸੀਂ ਹਰ ਹਾਲ ਜਿਤਾਂਗੇ
ਅਸੀਂ ਆਪਣੇ ਵਡੇਰਿਆਂ ਤੋਂ, ਇਹ ਹੀ ਸਿੱਖਿਆ ਹੈ
ਕਿ ਕਿਸੇ ਖੱਬੀ-ਖਾਨ ਦੀ ਵੀ ਟੈਂਅ ਨਹੀਂ ਮੰਨਣੀ
ਆਪਣੇ ਹੱਕਾਂ ਖਾਤਿਰ
ਆਪਣੀ ਹੋਂਦ ਖਾਤਿਰ
ਆਪਣੀ ਅਣਖ ਖਾਤਿਰ
ਲੜਦਿਆਂ ਮਰ ਜਾਣਾ
ਤੇ ਮਰ ਕੇ ਵੀ ਜੀਊਂਦੇ ਰਹਿਣਾ
ਆਪਣੀਆਂ ਆਉਣ ਵਾਲੀਆਂ, ਨਸਲਾਂ ਵਾਸਤੇ
ਪ੍ਰੇਰਨਾ ਬਣੇ ਰਹਿਣਾ
ਇਹੋ ਸਾਡਾ ਵਿਰਸਾ ਹੈ / ਇਹੋ ਸਾਡੀ ਵਿਰਾਸਤ
ਸਾਡੀ ਮਿੱਟੀ ਦੀ ਇਹੋ ਤਾਸੀਰ ਰਹੀ ਹੈ
ਇਸ ਤਾਸੀਰ ਨੂੰ ਜੀਊਂਦਾ ਰੱਖਣਾ
ਸਾਡੀ ਜੁੰਮੇਵਾਰੀ ਵੀ ਤਾਂ ਹੈ ।

ਇਹ ਕੋਈ ਸਾਧਾਰਨ ਜੰਗ ਨਹੀਂ
ਇਤਿਹਾਸ ਦਾ ਲੜ ਫੜਕੇ ਬੈਠੇ ਹਨ ਸਾਰੇ
ਮਾਈ ਭਾਗੋ ਤੇ ਮਾਤਾ ਗੁਲਾਬ ਕੌਰ ਦੀਆਂ ਵਾਰਸ ਬੀਬੀਆਂ
ਅੱਜ ਫੇਰ ਜੰਗ ਦੇ ਮੈਦਾਨੇ ਉਤਰੀਆਂ ਨੇ
ਕਰਤਾਰ ਸਰਾਭੇ, ਊਧਮ ਸਿੰਘ, ਭਗਤ ਸਿੰਘ ਦੇ ਵਾਰਿਸ
ਆਪਣੇ ਫ਼ਰਜ਼ਾਂ ਨੂੰ ਪਹਿਚਾਣ ਕੇ
ਧਨਵਾਨਾਂ ਦੇ ਆਖੇ ਲੱਗੀ
ਕਾਰਪੋਰੇਟੀ ਸੱਤਾ ਦੀ ਸਿਆਸਤ ਦੇ ਖਿਲਾਫ
ਨਾਬਰੀ ਦਾ ਹੋਕਾ ਉੱਚਾ ਹੋਇਆ ਹੈ
ਪਿੰਡਾਂ, ਕਾਲਜਾਂ, ਯੂਨੀਵਰਸਿਟੀਆਂ ਤੋਂ, ਏਥੇ ਪਹੁੰਚ ਗਏ ਹਨ
ਦਗਦੇ, ਮਘਦੇ ਚਿਹਰਿਆਂ ਤੇ ਹੱਕ-ਸੱਚ ਦੇ ਨਾਅਰਿਆਂ ਨਾਲ
ਉਹ ਦੁੱਲਾ ਭੱਟੀ ਨੂੰ ਚੇਤੇ ਕਰਦੇ ਹਨ
ਪੂਰਨ ਪੁੱਤ ਹੁਣ ਸਾਧ ਨਹੀਂ ਹੁੰਦੇ, ਸੰਘਰਸ਼ੀ ਹੋ ਗਏ ਹਨ।

ਪਿੰਡ ਠੰਢੀਆਂ/ਠਰੀਆਂ ਸੜਕਾਂ 'ਤੇ ਬੈਠਾ ਹੈ
ਸ਼ਹਿਰ ਵੀ ਨਾਲ ਸਾਥ ਦੇ ਰਿਹਾ ਹੈ
ਸਾਰਿਆਂ ਦਾ ਇਹ ਹੀ ਕਹਿਣਾ ਹੈ
ਅਸੀਂ ਆਪਣੀ ਮਿੱਟੀ ਦੇ ਮੋਹ ਲਈ, ਲੜਦੇ ਰਹਾਂਗੇ
ਆਪਣੇ ਆਖਰੀ ਸਾਹਾਂ ਤੱਕ।
ਅਸੀਂ ਟੁੱਟ ਸਕਦੇ ਹਾਂ, ਪਰ
ਸਾਥੋਂ ਝੁਕ ਜਾਣ ਦੀ ਆਸ ਨਾ ਰੱਖਿਉ
ਸਾਡੀ ਮਿੱਟੀ ਦੇ ਮੋਹ ਦਾ ਇਹੋ ਦਸਤੂਰ ਰਿਹਾ ਹੈ
ਅਸੀਂ ਆਪਣੇ ਦਸਤੂਰ ਦਾ ਨਿਰਾਦਰ ਨਹੀਂ ਕਰਾਂਗੇ।
ਇਹੋ ਸਾਡਾ ਪਰਚਮ ਰਿਹਾ ਹੈ ਤੇ ਇਹੋ ਸਾਡਾ ਨਾਅਰਾ
ਆਪਣੇ ਹੱਕਾਂ ਖਾਤਰ ਡਟੇ ਰਵ੍ਹਾਂਗੇ
ਆਪਣੇ ਆਖਰੀ ਸਾਹਾਂ ਤੱਕ।
ਅਸੀਂ ਲੜਾਂਗੇ, ਅਸੀਂ ਜਿੱਤਾਂਗੇ।

# ਕਲੇਜੇ ਤੀਰ

ਕਲੇਜੇ ਤੀਰ ਵੇਖਣ ਨੂੰ ਤੇ ਸਿਰ 'ਤੇ ਤਾਜ ਵੇਖਣ ਨੂੰ
ਜ਼ਮਾਨਾ ਰੁਕ ਗਿਆ ਤੇਰਾ ਉਹੀ ਅੰਦਾਜ਼ ਵੇਖਣ ਨੂੰ

ਨੀ ਜਾਨੇ ਉੱਠ ਜ਼ਰਾ ਤੇ ਫਿਰ ਉਹੀ ਤੇਵਰ ਵਖਾ ਅਪਣੇ
ਕਿ ਅੱਖਾਂ ਤਰਸੀਆਂ ਪਈਆਂ ਨੇ ਤੇਰੇ ਨਾਜ਼ ਵੇਖਣ ਨੂੰ

ਤੂੰ ਅਪਣੀ ਰਾਖ਼ 'ਚੋਂ ਕੁਕਨੂਸ ਵਾਂਗੂੰ ਫਿਰ ਉਦੈ ਹੋ ਜਾ
ਬੜੀ ਬੇਤਾਬ ਹੈ ਦੁਨੀਆ ਤੇਰੀ ਪਰਵਾਜ਼ ਵੇਖਣ ਨੂੰ

ਸਜਾ ਕੇ ਰੱਖ ਲੈ ਕੁੜੀਏ ਨੀ ਜਜ਼ਬੇ ਹੀਰਿਆਂ ਵਰਗੇ
ਸ਼ਰੀਕਾ ਆਊਗਾ ਤੇਰਾ ਸੁਹੰਢਣਾ ਦਾਜ ਵੇਖਣ ਨੂੰ

ਅਜੇ ਦਮ ਤੋੜ ਨਾ ਜਾਨੇ ਕਿਤੇ ਆਉਂਦੇ ਹੀ ਹੋਵਣਗੇ
ਉਹ ਜਿਹੜੇ ਜਾਪਦੇ ਨੇ ਬਹੁਤ ਗ਼ਰੀਬ-ਨਵਾਜ਼ ਵੇਖਣ ਨੂੰ

ਜੇ ਮੁੱਦਾ ਹੱਕ ਦਾ ਹੋਇਆ ਤਾਂ ਤੀਰਾਂ ਵਾਂਗ ਟੱਕਰਾਂਗੇ
ਅਸੀਂ ਬੈਠੇ ਨਹੀਂ ਹਾਂ ਸਿਰ 'ਤੇ ਉੱਡਦੇ ਬਾਜ਼ ਵੇਖਣ ਨੂੰ

**—ਸੁਖਵਿੰਦਰ ਅੰਮ੍ਰਿਤ**



ਕਿਸਾਨ ਸੰਘਰਸ਼ ਮੋਰਚੇ ਨੂੰ ਜਿਥੇ ਸਮੂਹ ਪੰਜਾਬੀ ਲੇਖਕਾਂ ਵਲੋਂ ਲਿਖਤੀ ਤੌਰ ਤੇ ਜਾਂ ਜਿਥੇ ਜਿਥੇ ਵੀ ਉਹ ਬੈਠੇ ਨੇ ਆਪਣੀਆਂ ਕਲਮਾਂ ਰਾਂਹੀ ਜਾਂ ਆਪਣੇ ਬਿਆਨਾਂ ਰਾਹੀ ਸਮਰਥਨ ਦਿੱਤਾ ਜਾ ਰਿਹਾ ਹੈ, ਉਥੇ ਕੁਝ ਲੇਖਕਾਂ ਵਲੋਂ ਇਸ ਕਿਸਾਨ ਸੰਘਰਸ਼ ਵਿਚ ਆਪਣੀ ਸ਼ਮੂਲੀਅਤ ਰਾਂਹੀਂ ਵੀ ਇਸ ਲਾਮਿਸਾਲ ਘੋਲ ਨੂੰ ਹੁੰਗਾਰਾ ਦਿੱਤਾ ਜਾ ਰਿਹਾ ਹੈ। ਜਿਥੇ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਡਾਕਟਰ ਸੁਖਦੇਵ ਸਿੰਘ ਸਰਸਾ , ਦਰਸ਼ਨ ਬੁੱਟਰ, ਸੁਸ਼ੀਲ ਦੋਸਾਂਝ, ਕਮਲ ਦੋਸਾਂਝ, ਬਲਵਿੰਦਰ ਸੰਧੂ ਨੀਤੂ ਅਰੋੜਾ , ਅਰਵਿੰਦਰ ਕਾਕੜਾ, ਜੋਗਾ ਸਿੰਘ ਵਿਰਕ, ਹਰਪ੍ਰੀਤ ਕੌਰ ਪਟਿਆਲਾ, ਸਿਮਰਨ ਅਕਸ, ਇਕ -ਇਕ, ਦੋ - ਦੋ ਦਿਨ ਆਪਣੀ ਹਾਜ਼ਰੀ ਲੁਆ ਕੇ ਗਏ ਨੇ , ਓਥੇ ਪੰਜਾਬੀ ਦੀ ਸਿਰਮੌਰ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਵਲੋਂ ਪਿਛਲੇ ਪੰਜ ਛੇ ਦਿਨਾਂ ਤੋਂ ਲਗਾਤਾਰ ਇਸ ਧਰਨੇ ਵਿਚ ਭਰਪੂਰ ਹਾਜ਼ਰੀ ਭਰੀ ਜਾ ਰਹੀ ਏ ।ਜਿਥੇ ਉਹ ਆਪਣੇ ਨਾਲ ਹੋਰ ਬੀਬੀਆਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾ ਰਹੇ ਨੇ, ਉਹਨਾਂ ਵਲੋਂ ਟੀਕਰੀ ਬਾਰਡਰ ਤੇ ਸਿੰਘੂ ਬਾਰਡਰ ਦੀਆਂ ਸਟੇਜਾਂ ਤੇ ਆਪਣੀਆਂ ਭੈਣਾਂ ਮਾਵਾਂ ਨੂੰ ਪ੍ਰੇਰਨ ਵਾਸਤੇ ਆਪਣੀ ਸ਼ਾਇਰੀ ਰਾਂਹੀ , ਆਪਣੇ ਗੀਤਾਂ ਰਾਂਹੀ, ਆਪਣੇ ਵਲਵਲੇ ਭਰਪੂਰ ਬੋਲਾਂ ਰਾਂਹੀ ਸੁਹਿਰਦ ਯਤਨ ਕੀਤੇ ਜਾ ਰਹੇ ਨੇ। ਇਹਨਾਂ ਦਿਨਾਂ ਚ ਹੀ ਉਹਨਾਂ ਵਲੋਂ ਲਿਖਿਆ ਇੱਕ ਗੀਤ 'ਤੀਰ ਤੇ ਤਾਜ' ਵਾਰਸ ਭਰਾਵਾਂ ਵਲੋਂ ਗਾਇਆ ਗਿਆ। ਇਹ ਦੂਸਰੀਆਂ ਔਰਤਾਂ ਲਈ ਵੀ ਇਕ ਬਹੁਤ ਹਾਂ ਪੱਖੀ ਹੁੰਗਾਰਾ ਏ ਕਿ ਸਾਡੇ ਲੇਖਕ ਸਿਰਫ ਕਲਮਾਂ ਰਾਂਹੀਂ ਹੀ ਨਹੀਂ, ਬਲਕਿ ਖੁਦ ਮੌਜੂਦ ਹੋ ਕੇ ਵੀ ਕਿਸਾਨਾਂ ਨੂੰ ਸਹਿਯੋਗ ਦੇ ਰਹੇ ਨੇ। ਪਿਛਲੇ ਦਿਨੀ ਵੇਖਿਆ ਗਿਆ ਕਿ ਸੁਖਵਿੰਦਰ ਅੰਮ੍ਰਿਤ ਵਲੋਂ ਵੱਖ ਵੱਖ ਥਾਵਾਂ ਤੇ ਜਿਥੇ ਆਪਣੀਆਂ ਪੇਸ਼ਕਾਰੀਆਂ ਕੀਤੀਆਂ ਗਈਆਂ ਉਥੇ ਲੰਗਰ ਵਿਚ ਪ੍ਰਸ਼ਾਦੇ ਪਕਾਉਣ ਦੀ ਸੇਵਾ ਵੀ ਕੀਤੀ ਗਈ

**– ਅਰਵਿੰਦਰ ਕੌਰ ਸੰਧੂ**
91-79888-71445



# ਗ਼ਜ਼ਲ

ਚੁਲ੍ਹੇ ਬੁਝਾ ਕੇ ਜ਼ਾਲਮੋ! ਫਿਰਦੇ ਓ ਸਿਵੇ ਬਾਲ਼ਦੇ।
ਸੂਰਜ ਨੂੰ ਜਿੰਦਰੇ ਮਾਰਕੇ, ਜੁਗਨੂੰਆਂ ਨੂੰ ਭਾਲ਼ਦੇ।

ਖੰਜਰ ਤੇ ਫੁੱਲ ਟੰਗ ਕੇ, ਲਾਉਂਦੇ ਓ ਨਾਅਰੇ ਅਮਨ ਦੇ,
ਅਦਾਵਾਂ ਹੁਸੀਨ ਥੋਡੀਆਂ, ਸਦਕੇ ਤੁਹਾਡੀ ਚਾਲ ਦੇ।

ਸਿਵੇ ਬਨਾਉਣਾ ਸ਼ੌਕ ਹੈ, ਵੱਸਦੇ ਘਰ ਉਜਾੜ ਕੇ,
ਗੁੱਡੀਆਂ ਹੱਥੀਂ ਫੂਕ ਕੇ, ਫਿਰਦੇ ਓ ਫੁੱਲ ਸੰਭਾਲ ਦੇ।

ਸਫਾਈ ਥੋਡੇ ਹੱਥ ਦੀ, ਜਾਂ ਭਰਮ ਸਾਡੀ ਨਜ਼ਰ ਦਾ,
ਡੁਗਡੁਗੀ ਦੇ ਵਾਰਸੋ! ਮਦਾਰੀ ਹੋ ਬੜੇ ਕਮਾਲ ਦੇ।

ਕਿਧਰੇ ਰੰਗੋਲੀ ਸੱਜਦੀ, ਕਿਧਰੇ ਹਨੇਰਾ ਪਸਰਿਆ,
ਕਿਤੇ ਅਯਾਸ਼ੀ ਰੱਜਵੀਂ, ਕਿਤੇ ਲਾਲੇ ਰੋਟੀ ਦਾਲ਼ ਦੇ।

ਕੋਬਰੇ ਨੂੰ ਛੱਡਕੇ, ਜੋ ਕੁੱਟਦੇ ਫਿਰਨ ਵਰਮੀਆਂ,
ਉਹ ਪਖੰਡੀ ਮਾਂਦਰੀ ਵੀ, ਲੱਗਦੇ ਥੋਡੇ ਨਾਲ਼ ਦੇ।

ਕੁੱਝ ਸ਼ਾਹਾਂ ਦੀ ਵਹੀ, ਕੁੱਝ ਬੋਹਲ਼ ਖਾ ਗਏ ਬੱਕਰੇ,
ਮੁੜਗੇ ਨਿਰਾਸੇ ਮੰਡੀਓਂ, ਰਹੇ ਜੋ ਘਾਲਾਂ ਘਾਲ਼ਦੇ।

ਚੌਕੀਦਾਰਾ ਕਰਨ ਉਹ, ਸ਼ਾਹਾਂ ਦੇ ਮਾਲ ਗੁਦਾਮ ਤੇ,
ਸੀਮਾ 'ਤੇ ਮੁੱਦਤ ਤੀਕਰਾਂ, ਰਹੇ ਜੋ ਉਮਰਾਂ ਗਾਲ਼ਦੇ।

ਸਿਤਮ ਜ਼ਰੀਫੀ ਰੱਬ ਦੀ, ਜਾਂ ਹੋਰ ਮਜਬੂਰੀਆਂ
ਸਿੱਜਦੇ ਕਰਨ ਕਬਰ ਤੇ, ਸਨ ਜੋ ਕਾਤਲ 'ਲਾਲ' ਦੇ।

**ਲਾਲ ਸਿੰਘ ਸੁਲਹਾਣੀ**
91-98721-55120



# ਗ਼ਜ਼ਲ

ਆਸ ਦਾ ਨਾ ਛੱਡੀ ਕਦੇ ਪੱਲਾ ਮਿੱਤਰਾ,
ਨਾ ਸੁੰਨੇ ਰਾਹ 'ਤੇ ਤੁਰੀ ਕਦੇ 'ਕੱਲਾ ਮਿੱਤਰਾ।
ਰਾਹ ਦੇ ਵਿੱਚ ਕਿਸੇ ਦੇ ਨਾ ਰੋੜਾ ਬਣੀ ਤੂੰ,
ਕਮਜ਼ੋਰ ਮੂਹਰੇ ਹਿੱਕ ਆਪਣੀ ਨਾ ਤਣੀ ਤੂੰ।
ਬਹੁਤਾ ਲਾਡ-ਪਿਆਰ ਹੁੰਦਾ ਮਾੜਾ ਮਿੱਤਰਾ,
ਦਿਲੋਂ ਨਾ ਭੁਲਾਈ ਊੜਾ-ਆੜਾ ਮਿੱਤਰਾ।
ਕੱਚ ਦੇ ਖਿਡੌਣੇ ਹਵਾ 'ਚ ਉਛਾਲੀ ਨਾ,
ਸੱਪ ਦੇ ਬੱਚੇ ਨੂੰ ਘਰ ਵਿੱਚ ਪਾਲੀ ਨਾ।
ਪ੍ਰਛਾਵੇਂ ਵਾਂਗ ਕਿਸੇ ਦਾ ਨਾ ਸਾਥ ਛੱਡੀ ਤੂੰ,
ਮਾਂ-ਭੈਣ ਦੀ ਨਾ ਕਦੇ ਗਾਲ ਕੱਢੀ ਤੂੰ।
ਕਿੱਕਰਾਂ ਦੇ ਬੂਟੇ ਨਾ ਵਿਹੜੇ 'ਚ ਲਾਈ ਓਏ,
ਤਲੇ ਹੋਏ ਭੋਜਨ ਨਾ ਬਹੁਤੇ ਖਾਈ ਓਏ।
ਪੰਛੀਆਂ ਨੂੰ ਕਦੇ ਪਿੰਜਰੇ 'ਚ ਤਾੜੀਂ ਨਾ,
ਨਿੱਕੀ ਜਿਹੀ ਗੱਲ ਪਿੱਛੇ ਵਿਗਾੜੀ ਨਾ।
'ਕੱਲਾ ਨਾ ਉਠਾਈ ਕਦੇ ਭਾਰ ਮਿੱਤਰਾ,
ਗਰੀਬਾਂ ਦੀ ਵੀ ਲੈਂਦਾ ਰਹੀ ਸਾਰ ਮਿੱਤਰਾ।
'ਬੜੈਚ' ਦੇ ਇਹ ਤੱਤ ਕੱਢੇ ਖਾਨੇ ਪਾ ਲਵੀਂ,
ਸੋਲਾਂ ਆਨੇ ਗੱਲਾਂ ਇਹ ਸੱਚ ਨੇ ਜਵੀਂ।

**– ਤਸਵਿੰਦਰ ਸਿੰਘ ਬੜੈਚ**
91-75279-31887



# ਦਿੱਲੀਏ ਸਾਨੂੰ 'ਅੱਤਵਾਦੀ' ਨਾ ਸਮਝ ਬੈਠੀਂ ਗੀਤ ਨਾਲ ਸਪੋਰਟਰ ਬਣਿਆ ਗਾਇਕ ਅਸ਼ੋਕ ਗਿੱਲ

**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ) –** ਕਿਸਾਨਾਂ ਦੇ ਹੱਕ ਵਿਚ ਅਜੋਕੀ ਪੰਜਾਬੀ ਸੰਗੀਤ ਇੰਡਸਟਰੀ ਮੋਢੇ ਨਾਲ ਮੋਢਾ ਲਾ ਕੇ ਖੜ੍ਹੀ ਹੈ। ਅੱਜ ਸਮੁੱਚੇ ਪੰਜਾਬ ਦੇ ਲੋਕ ਗਾਇਕ, ਬੁਲਾਰੇ, ਬੁੱਧੀਜੀਵੀ, ਲੇਖਕ, ਗੀਤਕਾਰ, ਰਾਗੀ, ਢਾਡੀ, ਕਥਾਵਾਚਕ ਅਤੇ ਹੋਰ ਵਰਗਾਂ ਦੇ ਲੋਕ ਕਿਸਾਨਾਂ ਦੇ ਸੰਘਰਸ਼ ਵਿਚ ਆਪਣਾ ਭਰਪੂਰ ਯੋਗਦਾਨ ਪਾ ਰਹੇ ਹਨ। ਇਸ ਕੜੀ ਤਹਿਤ ਇਕ ਟਰੈਕ 'ਅੱਤਵਾਦੀ' ਟਾਇਟਲ ਹੇਠ ਚਰਚਿਤ ਗਾਇਕ ਅਸ਼ੋਕ ਗਿੱਲ ਲੈ ਕੇ ਹਾਜ਼ਰ ਹੋਏ ਹਨ। ਇਸ ਟਰੈਕ ਦੀ ਗੱਲ ਕਰਦਿਆਂ ਗਾਇਕ ਅਸ਼ੋਕ ਗਿੱਲ ਨੇ ਦੱਸਿਆ ਕਿ 'ਦਿੱਲੀਏ ਸਾਨੂੰ ਅੱਤਵਾਦੀ ਨਾ ਸਮਝ ਬੈਠੀਂ, ਹੱਕਾਂ ਦੇ ਲਈ ਲੜਨਾ ਹੁੰਦਾ ਫ਼ਰਜ ਪੰਜਾਬੀਆਂ ਦਾ' ਉਸ ਦੇ ਗਾਏ ਗੀਤ ਦਾ ਮੁੱਖੜਾ ਹੈ। ਜੋ ਕਿਸਾਨਾਂ ਦੀ ਪਿੱਠ ਥਾਪੜਦਾ ਹੋਇਆ ਕੇਂਦਰ ਸਰਕਾਰ ਦੀਆਂ ਕੋਝੀਆਂ ਚਾਲਾਂ ਤੇ ਕਰਾਰਾ ਥੱਪੜ ਹੈ। ਇਸ ਟਰੈਕ ਨੂੰ ਨਿੱਕਾ ਢਿੱਲੋਂ ਨੇ ਕਲਮਬੱਧ ਕੀਤਾ। ਸੰਗੀਤ ਐਸ ਬੀ ਰੰਧਾਵਾ ਦਾ ਹੈ। ਬੀਟ ਬ੍ਰਦਰ ਸਟੂਡੀਓ ਦੇ ਲੇਬਲ ਹੇਠ ਇਸ ਟਰੈਕ ਦੀ ਆਨ ਲਾਈਨ ਪ੍ਰਮੋਸ਼ਨ ਟਰੂ ਸਟੂਡੀਓ ਦੀ ਹੈ।




# ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਵਿੱਦਿਆ ਦੇ ਖੇਤਰ ਲਈ ਵਰਦਾਨ - ਮਨਦੀਪ ਕੌਰ ਸਿੱਧੂ

**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ) –** ਮਨਦੀਪ ਕੌਰ ਸਿੱਧੂ ਸੀ ਈ ਓ ਸਿੰਬਾਕਾਰਟ (ਆਈ ਟੀ ਕੰਪਨੀ) ਨੇ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਵਿਚ ਕੀਤੇ ਵਿਸ਼ੇਸ਼ ਦੌਰੇ ਦੌਰਾਨ ਕਿਹਾ ਕਿ ਯੂਨੀਵਰਸਿਟੀ ਦੇ ਵੱਖ-ਵੱਖ ਅਧਾਰੇ ਸਮੁੱਚੇ ਖੇਤਰ ਵਿਚ ਕਿਸੇ ਵਰਦਾਨ ਤੋਂ ਘੱਟ ਨਹੀਂ ਹੈ। ਇਸ ਮੌਕੇ ਉਨ੍ਹਾਂ ਸੰਤ ਬਾਬਾ ਭਾਗ ਸਿੰਘ ਇੰਸਟੀਚਿਊਟ ਆਫ਼ ਨਰਸਿੰਗ ਦੇ ਵਿਦਿਆਰਥੀਆਂ ਨਾਲ ਵੀ ਵਿਚਾਰ ਸਾਂਝੇ ਕੀਤੇ ਅਤੇ ਲੜਕੀਆਂ ਨੂੰ ਅਜਿਹੀ ਪੇਂਡੂ ਖੇਤਰ ਵਿਚ ਚੱਲ ਰਹੀ ਵਿਸ਼ਾਲ ਯੂਨੀਵਰਸਿਟੀ ਤੋਂ ਆਧੁਨਿਕ ਤਜਰਬੇ ਲੈ ਕੇ ਸਮਾਜ ਦੀ ਸੇਵਾ ਕਰਨ ਲਈ ਪ੍ਰੇਰਿਆ।

ਉਨ੍ਹਾਂ ਕਿਹਾ ਕਿ ਬਾਬਾ ਮਲਕੀਤ ਸਿੰਘ ਜੀ ਨੇ ਇਸ ਯੂਨੀਵਰਸਿਟੀ ਨੂੰ ਸਥਾਪਿਤ ਕੀਤਾ ਅਤੇ ਕਈ ਹੋਰ ਵਿਦਿਅਕ ਅਦਾਰਿਆਂ, ਪੁਲਾਂ, ਹਸਪਤਾਲਾਂ ਅਤੇ ਸੜਕਾਂ ਦੇ ਨਿਰਮਾਣ ਕਾਰਜ ਕੀਤੇ।



ਉਨ੍ਹਾਂ ਸੰਤ ਬਾਬਾ ਦਿਲਾਵਰ ਸਿੰਘ ਬ੍ਰਹਮ ਜੀ ਮੌਜੂਦਾ ਚਾਂਸਲਰ ਯੂਨੀਵਰਸਿਟੀ ਵਲੋਂ ਚਲਾਏ ਜਾ ਰਹੇ ਇਸ ਵੱਡੇ ਵਿਦਿਅਕ ਥੰਮ ਵਿਚ ਅਹਿਮ ਭੂਮਿਕਾ ਨਿਭਾਉਣ ਲਈ ਵੀ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਮਹਾਪੁਰਸ਼ਾਂ ਦੀ ਟੀਮ ਵਲੋਂ ਮਨਦੀਪ ਕੌਰ ਸਿੱਧੂ ਆਈ ਟੀ ਕੰਪਨੀ ਦੇ ਸੰਚਾਲਕ ਦਾ ਸਨਮਾਨ ਕੀਤਾ ਗਿਆ ਅਤੇ ਦੱਸਿਆ ਕਿ ਓਹ ਐਨ ਜੀ ਓ ਵੀ ਚਲਾਉਂਦੇ ਹਨ, ਜਿਸ ਦੌਰਾਨ ਗਰੀਬ ਬੱਚਿਆਂ ਨੂੰ ਮੁਫ਼ਤ ਵਰਦੀਆਂ ਅਤੇ ਹੋਰ ਲੋੜਵੰਦ ਸਮਾਨ ਮੁਹੱਈਆਂ ਕਰਵਾਉਣ ਦੀ ਸਹਾਇਤਾ ਕੀਤੀ ਜਾਂਦੀ ਹੈ। ਪ੍ਰੈਸ ਨੂੰ ਇਹ ਜਾਣਕਾਰੀ ਰਵਿੰਦਰ ਸਿੰਘ ਮਰਦਾਨਾ ਨੇ ਦਿੱਤੀ।



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

### ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

### ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

### NEW & USED TIRES

WASH, LUBE, BRAKES

Call:
650-642-0697

## 3525 Highway 99, West Corning, CA 96021

Across the Street from TA Truck Stop